ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK

sadelok.com

4-10 ਮਾਰਚ 2026

ਸਾਲ 17ਵਾਂ - ਅੰਕ 10

email : info@sadelok.com

Ph. : 510-706-1300

Fax : 925-373-1300

## ਹੋਲਾ ਮਹੱਲਾ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਵੱਡੀ ਗਿਣਤੀ 'ਚ ਸੰਗਤ ਹੋਈ ਨਤਮਸਤਕ



(ਦੇਖੋ ਸਫ਼ਾ 27 'ਤੇ)

## ਕੈਨੇਡਾ 'ਚ ਵਿਵਾਦਤ ਪੰਜਾਬੀ ਯੂਟਿਊਬਰ ਨੈਂਸੀ ਗਰੇਵਾਲ ਦਾ ਬੇਰਹਿਮੀ ਨਾਲ ਕਤਲ



ਪਿਛਲੇ ਕੁਝ ਸਮੇਂ ਤੋਂ ਰਾਧਾ ਸੁਆਮੀ ਮੁਖੀ, ਮਜੀਠੀਆ, ਬਾਦਲ ਪਰਿਵਾਰ ਅਤੇ ਖਾਲਿਸਤਾਨ ਦੇ ਖਿਲਾਫ਼ ਲਗਾਤਾਰ ਕਰ ਰਹੀ ਸੀ ਪ੍ਰਚਾਰ

ਮਾਂਟਰੀਅਲ (ਕੈਨੇਡਾ) : ਸੋਸ਼ਲ ਮੀਡੀਆ ਪ੍ਰਭਾਵਕ ਨੈਂਨਸੀ ਗਰੇਵਾਲ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਇਸ ਦੀ ਪੁਸ਼ਟੀ ਲਾਸਾਲੇ ਪੁਲਿਸ ਨੇ ਕੀਤੀ ਹੈ। ਪੁਲਿਸ ਨੇ ਦੱਸਿਆ ਕਿ ਲਾਸਾਲੇ ਵਿਚ ਇਕ 45 ਸਾਲਾ ਪੰਜਾਬੀ ਮੂਲ ਦੀ ਮਹਿਲਾ, ਜੋ ਚਾਕੂ ਮਾਰਨ ਦੀ ਘਟਨਾ ਦਾ ਸ਼ਿਕਾਰ ਹੋਈ ਹੈ, ਦੀ ਪਛਾਣ

(ਦੇਖੋ ਸਫ਼ਾ 32 'ਤੇ)

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਲਾ-ਮਹੱਲਾ ਦੀਆਂ ਰੌਣਕਾਂ

## ਪੰਜ ਪਿਆਰਿਆਂ ਦੀ ਅਗਵਾਈ ਹੇਠ ਸਜਾਇਆ ਗਿਆ ਵਿਸ਼ਾਲ ਨਗਰ ਕੀਰਤਨ

ਅੰਮ੍ਰਿਤਸਰ, (ਸਾਡੇ ਲੋਕ) : ਸਿੱਖ ਕੌਮ ਦੇ ਜਲਾਲ ਅਤੇ ਮਾਰਸ਼ਲ ਆਰਟ ਦੇ ਪ੍ਰਤੀਕ ਤਿਉਹਾਰ 'ਹੋਲਾ-ਮਹੱਲਾ' ਦੇ ਸਬੰਧ ਵਿੱਚ ਅੱਜ ਗੁਰੂ ਨਗਰੀ ਅੰਮ੍ਰਿਤਸਰ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਪਵਿੱਤਰ ਦਿਹਾੜੇ ਮੌਕੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਇੱਕ ਵਿਸ਼ਾਲ ਧਾਰਮਿਕ ਜਲੂਸ (ਨਗਰ ਕੀਰਤਨ) ਕੱਢਿਆ ਗਿਆ, ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਸ਼ਮੂਲੀਅਤ ਕੀਤੀ। ਪੰਜ ਪਿਆਰਿਆਂ ਦੀ ਅਗਵਾਈ: ਨਗਰ ਕੀਰਤਨ ਦੀ ਸ਼ੁਰੂਆਤ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਈ, ਜਿਸ ਦੀ ਅਗਵਾਈ ਰਵਾਇਤੀ ਪਹਿਰਾਵੇ ਵਿੱਚ ਸਜੇ ਪੰਜ ਪਿਆਰਿਆਂ ਨੇ ਕੀਤੀ। ਉਨ੍ਹਾਂ ਦੇ ਹੱਥਾਂ

(ਦੇਖੋ ਸਫ਼ਾ 35 'ਤੇ)



## ਈਰਾਨ 'ਚ ਮੌਤਾਂ ਦਾ ਤਾਂਡਵ ਜਾਰੀ: ਮਰਨ ਵਾਲਿਆਂ ਦੀ ਗਿਣਤੀ 1,200 ਤੋਂ ਪਾਰ



ਤੇਹਰਾਨ/ਵਾਸ਼ਿੰਗਟਨ : ਮੱਧ ਪੂਰਬ ਵਿੱਚ ਜਾਰੀ ਜੰਗ ਹੁਣ ਮਨੁੱਖੀ ਕਤਲੇਆਮ ਵਿੱਚ ਤਬਦੀਲ ਹੁੰਦੀ ਜਾ ਰਹੀ ਹੈ। ਈਰਾਨ ਦੀ ਇੱਕ ਸਰਕਾਰੀ ਏਜੰਸੀ ਵੱਲੋਂ ਜਾਰੀ ਕੀਤੇ ਗਏ ਤਾਜ਼ਾ ਅੰਕੜਿਆਂ ਨੇ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਹੈ। ਏਜੰਸੀ ਮੁਤਾਬਕ ਜੰਗ ਵਿੱਚ ਹੁਣ ਤੱਕ ਘੱਟੋ-ਘੱਟ 1,230 ਲੋਕਾਂ ਦੀ ਜਾਨ ਜਾ ਚੁੱਕੀ ਹੈ। ਪਿਛਲੇ ਕੁਝ

(ਦੇਖੋ ਸਫ਼ਾ 22 'ਤੇ)

SINGH SOLAR

High-performance Bifacial Smart Panels

ਜੋ ਤੁਹਾਡੀ ਊਰਜਾ ਦੀਆਂ ਲੋੜਾਂ ਨੂੰ ਪੂਰਾ ਕਰਨ ਵਿੱਚ ਮਦਦਗਾਰ ਹਨ।

Residential/Business

ਬਿਜਲੀ ਦੀਆਂ ਵੱਧ ਰਹੀਆਂ ਦਰਾਂ ਕਾਰਨ ਜੇਕਰ ਤੁਸੀਂ ਆਪਣੇ ਘਰ ਜਾਂ ਕਾਰੋਬਾਰ 'ਤੇ ਸੋਲਰ ਲਗਾਉਣਾ ਚਾਹੁੰਦੇ ਹੋ ਤਾਂ ਸਾਨੂੰ ਇਕ ਵਾਰ ਕਾਲ ਜ਼ਰੂਰ ਕਰੋ

510-706-1300

singhsolarusa@gmail.com

### ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ

# ਸਿੱਖ ਕੌਮ ਦੇ ਮੌਜੂਦਾ ਦੌਰ 'ਚ ਆਪਣੀਆਂ ਕੀਮਤੀ ਜਾਨਾਂ ਵਾਰ ਗਏ ਮਹਾਨ ਸ਼ਹੀਦਾਂ ਦੀ ਯਾਦ 'ਚ ਸ਼ਹੀਦੀ ਸਮਾਗਮ




ਸਟਾਕਟਨ/ਕੈਲੀਫੋਰਨੀਆਂ, (ਸਾਡੇ ਲੋਕ) : ਅੱਜ ਦੇ ਸ਼ਹੀਦੀ ਸਮਾਗਮ ਆਜ਼ਾਦ ਖਾਲਿਸਤਾਨ ਦੇਸ਼ ਦੀ ਪ੍ਰਾਪਤੀ ਲਈ ਫਰਵਰੀ ਮਹੀਨੇ ਵਿਚ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਗੁਰਦਵਾਰਾ ਸਾਹਿਬ ਸਟਾਕਟਨ ਕੈਲੀਫੋਰਨੀਆ ਵਿਖੇ ਹੋਏ। ਜਿਸ ਵਿੱਚ ਵੱਖ ਵੱਖ ਸ਼ਹਿਰਾਂ ਤੋਂ ਜਥੇਬੰਦੀਆਂ ਅਤੇ ਗੁਰਦਵਾਰਾ ਸਾਹਿਬ ਤੋਂ ਸੰਗਤਾਂ ਨੇ ਪਹੁੰਚ ਕੇ ਸ਼ਹੀਦਾਂ ਨੂੰ ਯਾਦ ਕੀਤਾ। ਸ੍ਰੀ

(ਦੇਖੋ ਸਫ਼ਾ 26-29 'ਤੇ)

## US ਸੈਨੇਟ ਵੱਲੋਂ ਈਰਾਨ ਜੰਗ ਨੂੰ ਰੋਕਣ ਵਾਲਾ ਬਿੱਲ ਨਾਮਨਜ਼ੂਰ

### ਜਾਰੀ ਰਹੇਗੀ ਫ਼ੌਜੀ ਕਾਰਵਾਈ



ਵਾਸ਼ਿੰਗਟਨ : ਮੱਧ-ਪੂਰਬ ਵਿੱਚ ਵਧ ਰਹੇ ਤਣਾਅ ਦੇ ਵਿਚਕਾਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਵੱਡੀ ਸਿਆਸੀ ਜਿੱਤ ਮਿਲੀ ਹੈ। ਅਮਰੀਕੀ ਸੈਨੇਟ ਨੇ ਉਸ ਪ੍ਰਸਤਾਵ (ਵਾਰ ਪਾਵਰਜ਼ ਬਿੱਲ) ਨੂੰ ਰੱਦ

(ਦੇਖੋ ਸਫ਼ਾ 32 'ਤੇ)

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara•Pleasanton•Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigration Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

kw LAKE WASHINGTON SO
KELLERWILLIAMS. REALTY
CJ Singh
Realtor
License # 24012019
Real Estate Broker
CJ Singh
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https :.//www.sanramonurgentcare.com | Email us at info@sanramonucc.com

ਪੋਲੀਟੀਕਲ ਅਸਾਈਲਮ - Political Asylum
Deportation of Defense - BIA Appeal
9 Circuit Court - Federal Court
ਗਰੀਨਕਾਰਡ - ਸਿਟੀਜਨਸ਼ਿਪ
Green Card - Citizenship
ਡਾਈਵੋਰਸ - ਸਿਵਲ ਐਂਡ ਕਰੀਮੀਨਲ ਕੇਸ
Divorce - Civil and Criminal Cases
Family Petition Immigration
Travel document - Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ESQ, Abogado
369 Pine Street, Suite 420, San Francisco, CA 94104
Enyinwalaw@gmail.com
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਉਮੜਿਆ ਸ਼ਰਧਾਲੂਆਂ ਦਾ ਸੈਲਾਬ



ਡੇਰਾ ਬਾਬਾ ਨਾਨਕ : ਇਤਿਹਾਸਕ ਕਸਬਾ ਕਲਾਨੌਰ ਵਿੱਚ ਮੇਲਾ ਚੋਲਾ ਸਾਹਿਬ ਸ਼ੁਰੂ ਹੁੰਦਿਆਂ ਹੀ ਦੇਸ਼ ਵਿਦੇਸ਼ ਤੋਂ ਆਏ ਸ਼ਰਧਾਲੂਆਂ ਵੱਲੋਂ ਭਾਰਤ-ਪਾਕਿਸਤਾਨ ਦੀ ਸਰਹੱਦ 'ਤੇ ਬਣੇ ਦਰਸ਼ਨ ਸਥੱਲ 'ਤੇ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਜੀ ਦੇ ਦਰਸ਼ਨ ਕਰਨ ਵਾਲੇ ਸ਼ਰਧਾਲੂਆਂ ਦਾ ਸੈਲਾਬ ਉਮੜਿਆ ਹੋਇਆ ਹੈ। ਸਰਹੱਦ 'ਤੇ ਬਣੇ ਦਰਸ਼ਨ ਸਥੱਲ 'ਤੇ ਦੂਰਬੀਨ ਨਾ ਹੋਣ ਕਾਰਨ ਸ਼ਰਧਾਲੂਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਇਸ ਮੌਕੇ ਬਲਜੀਤ ਸਿੰਘ, ਸਮਿੰਦਰ ਸਿੰਘ, ਮਹਿੰਦਰ ਸਿੰਘ, ਗੁਰਚਰਨ ਸਿੰਘ, ਬਲਕਾਰ ਸਿੰਘ, ਸੁਖਦੇਵ ਸਿੰਘ, ਅਮਰਜੀਤ ਕੌਰ, ਬਲਵਿੰਦਰ ਕੌਰ, ਸੁਖਵਿੰਦਰ ਕੌਰ, ਰਾਜ ਕੁਮਾਰ ਆਦਿ ਨੇ ਦੱਸਿਆ ਕਿ ਜਿੱਥੇ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਵੱਲੋਂ ਆਪਰੇਸ਼ਨ ਸਿੰਧੂਰ ਤੋਂ ਬਾਅਦ ਡੇਰਾ ਬਾਬਾ ਨਾਨਕ ਦੀ ਸਰਹੱਦ 'ਤੇ ਬਣੇ ਕਰਤਾਰਪੁਰ ਲਾਂਘਾ ਬੰਦ ਕਰ ਦਿੱਤਾ ਹੋਇਆ ਹੈ, ਉਥੇ ਦਰਸ਼ਨ ਸਥੱਲ 'ਤੇ ਪਹਿਲਾਂ ਲੱਗੀ ਦੂਰਬੀਨ, ਜਿਸ ਨਾਲ ਸ਼ਰਧਾਲੂ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਜੀ ਦੇ ਦਰਸ਼ਨ ਕਰਦੇ ਸਨ, ਨੂੰ ਵੀ ਹਟਾ ਦਿੱਤਾ ਗਿਆ ਹੈ।

ਉਹਨਾਂ ਦੱਸਿਆ ਕਿ ਇਸ ਦਰਸ਼ਨ ਸਥੱਲ 'ਤੇ ਫਿਲਮੀ ਐਕਟਰ ਅਤੇ ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਰਹਿ ਚੁੱਕੇ ਪਾਰਲੀਮੈਂਟ ਮੈਂਬਰ ਸੰਨੀ ਦਿਓਲ ਵੱਲੋਂ ਵੀ ਸ਼ਰਧਾਲੂਆਂ ਲਈ ਦਰਸ਼ਨ ਸਥੱਲ 'ਤੇ ਦੂਰਬੀਨਾਂ ਲਗਾਈਆਂ ਗਈਆਂ ਸਨ ਪਰ ਅਫ਼ਸੋਸ ਕਿ ਦਰਸ਼ਨ ਸਥੱਲ 'ਤੇ ਇਸ ਸਮੇਂ ਕੋਈ ਵੀ ਦੂਰਬੀਨ ਨਾ ਹੋਣ ਕਰ ਕੇ ਸਰਹੱਦ ਤੋਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਵਾਲੇ ਸ਼ਰਧਾਲੂਆਂ ਨੂੰ ਵੱਡੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ।

ਸੰਗਤਾਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਦਰਸ਼ਨ ਸਥੱਲ 'ਤੇ ਤੁਰੰਤ ਦੂਰਬੀਨਾਂ ਲਗਾਈਆਂ ਜਾਣ ਤਾਂ ਜੋ ਨਾਨਕ ਨਾਮ ਲੇਵਾ ਸੰਗਤਾਂ ਸਰਹੱਦ ਤੋਂ ਗੁਰਦੁਆਰਾ ਸ਼ ?ਰੀ ਕਰਤਾਰਪੁਰ ਸਾਹਿਬ ਜੀ ਦੇ ਦਰਸ਼ਨ ਕਰ ਸਕਣ। ਸ਼ਰਧਾਲੂਆਂ ਨੇ ਮੰਗ ਕੀਤੀ ਕਿ ਪਿਛਲੇ ਸਮੇਂ ਤੋਂ ਬੰਦ ਕੀਤੇ ਗਏ ਕਰਤਾਰਪੁਰ ਲਾਂਘੇ ਨੂੰ ਤੁਰੰਤ ਖੋਲ੍ਹਿਆ ਜਾਵੇ ਅਤੇ ਪਾਸਪੋਰਟ ਦੀ ਸ਼ਰਤ ਅਤੇ 20 ਡਾਲਰ ਦੀ ਰਾਸ਼ੀ ਵੀ ਮੁਆਫ ਕੀਤੀ ਜਾਵੇ।









# ARE YOU IN COMPLIANCE WITH FMCSA REGULATIONS?

Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.



OUR EXPERT COMPLIANCE DRIVING YOUR SUCCESS

## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

YOUR SAFETY COMPLIANCE

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡ੍ਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

# ਅਮਰੀਕਾ 'ਚ ਗੋਲੀਬਾਰੀ 'ਚ ਇਕ ਭਾਰਤੀ ਮੂਲ ਦੀ ਵਿਦਿਆਰਥਣ ਸਮੇਤ 4 ਲੋਕਾਂ ਦੀ ਮੌਤ

### ਗੋਲੀਬਾਰੀ ਵਿਚ 14 ਲੋਕ ਹੋਏ ਜ਼ਖ਼ਮੀ, ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਹਮਲਾਵਰ ਕੀਤਾ ਢੇਰ

ਆਸਟਿਨ : ਅਮਰੀਕੀ ਰਾਜ ਟੈਕਸਸ ਦੀ ਰਾਜਧਾਨੀ ਆਸਟਿਨ ਵਿੱਚ ਹੋਈ ਗੋਲੀਬਾਰੀ ਵਿੱਚ 21 ਸਾਲਾ ਭਾਰਤੀ ਮੂਲ ਦੀ ਵਿਦਿਆਰਥਣ ਸਵਿਤਾ ਸ਼ਾਨ ਸਮੇਤ ਚਾਰ ਲੋਕਾਂ ਦੀ ਮੌਤ ਹੋ ਗਈ ਅਤੇ 14 ਹੋਰ ਜ਼ਖ਼ਮੀ ਹੋ ਗਏ। ਪੁਲਿਸ ਦੇ ਅਨੁਸਾਰ 53 ਸਾਲਾ ਹਮਲਾਵਰ ਨਡਿਆਗਾ ਡਾਇਗਨ ਨੇ ਆਸਟਿਨ ਵਿੱਚ ਇੱਕ ਬੀਅਰ ਗਾਰਡਨ ਦੇ ਬਾਹਰ ਆਪਣੀ ਕਾਰ ਖੜ੍ਹੀ ਕੀਤੀ ਅਤੇ ਉੱਥੇ ਬੈਠੇ ਲੋਕਾਂ 'ਤੇ ਪਿਸਤੌਲ ਨਾਲ ਅੰਨ੍ਹੇਵਾਹ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਫਿਰ ਉਹ ਕਾਰ ਤੋਂ ਬਾਹਰ ਨਿਕਲਿਆ ਅਤੇ ਰਾਹਗੀਰਾਂ 'ਤੇ ਰਾਈਫਲ ਨਾਲ ਗੋਲੀਬਾਰੀ ਕੀਤੀ। ਪੁਲਿਸ ਮੌਕੇ 'ਤੇ ਪਹੁੰਚੀ ਅਤੇ ਹਮਲਾਵਰ ਨੂੰ ਢੇਰ ਕਰ ਦਿੱਤਾ।

ਐਫਬੀਆਈ ਡਾਇਰੈਕਟਰ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਐਲਾਨ ਕੀਤਾ ਕਿ ਅੱਤਵਾਦ ਵਿਰੋਧੀ ਅਤੇ ਖੁਫੀਆ ਟੀਮਾਂ ਨੂੰ ਹਾਈ ਅਲਰਟ 'ਤੇ ਰੱਖਿਆ ਗਿਆ ਹੈ। ਇਹ ਕਦਮ ਅਮਰੀਕਾ ਅਤੇ ਇਜ਼ਰਾਈਲ ਵੱਲੋਂ ਸ਼ਨੀਵਾਰ ਨੂੰ ਇਰਾਨ 'ਤੇ ਬੰਬਾਰੀ ਸ਼ੁਰੂ ਕਰਨ ਤੋਂ ਬਾਅਦ ਆਇਆ ਹੈ, ਜਿਸ ਨਾਲ ਦੇਸ਼ ਭਰ ਦੀਆਂ ਸੁਰੱਖਿਆ ਏਜੰਸੀਆਂ ਨੂੰ



ਹਾਈ ਅਲਰਟ 'ਤੇ ਰੱਖਿਆ ਗਿਆ ਹੈ।

ਦੱਸ ਦੇਈਏ ਕਿ ਸਵਿਤਾ ਸ਼ਾਨ ਯੂਨੀਵਰਸਿਟੀ ਆਫ਼ ਟੈਕਸਾਸ ਐਟ ਔਸਟਿਨ ਵਿੱਚ ਡਿਊਲ-ਡਿਗਰੀ ਸੀਨੀਅਰ ਸੀ। ਯੂਨੀਵਰਸਿਟੀ ਦੇ ਅਧਿਕਾਰੀਆਂ ਨੇ ਉਨ੍ਹਾਂ ਨੂੰ ਮੈਨੇਜਮੈਂਟ ਇਨਫਰਮੇਸ਼ਨ ਸਿਸਟਮ ਅਤੇ ਇਕਨਾਮਿਕਸ ਦੀ ਪੜ੍ਹਾਈ ਕਰਨ ਵਾਲੀ ਇੱਕ ਬਿਹਤਰੀਨ ਸਟੂਡੈਂਟ ਦੱਸਿਆ। ਸਵਿਤਾ ਸ਼ਾਨ ਦੀ ਹੱਤਿਆ ਨਾਲ ਔਸਟਿਨ ਵਿੱਚ ਰਹਿਣ ਵਾਲੇ ਭਾਰਤੀ ਭਾਈਚਾਰੇ ਖਾਸ ਵਿਦਿਆਰਥੀਆਂ ਅਤੇ ਟੈਕਨਾਲੋਜੀ ਪ੍ਰੋਫੈਸ਼ਨਲਜ਼ ਨੂੰ ਗਹਿਰਾ ਸਦਮਾ ਲੱਗਿਆ ਹੈ।

# ਸ੍ਰ. ਨਰਿੰਦਰ ਸਿੰਘ ਸਹੋਤਾ ਫਰਿਜ਼ਨੋ ਕਾਊਂਟੀ ਦੇ ਸੁਪਰਵਾਈਜ਼ਰ ਵਜੋਂ ਸੇਵਾ ਨਿਭਾਉਣ ਲਈ ਤਿਆਰ

### ਮਾਣਮੱਤੇ ਅਹੁਦੇ ਸੁਪਰਵਾਈਜ਼ਰ ਵਜੋਂ ਚੁੱਕੀ ਸਹੁੰ

ਫਰਿਜ਼ਨੋ, ਕੈਲੀਫੋਰਨੀਆ, (ਸਾਡੇ ਲੋਕ) : ਅੱਜ ਫਰਿਜ਼ਨੋ ਕਾਊਂਟੀ ਲਈ ਇੱਕ ਇਤਿਹਾਸਕ ਦਿਨ ਰਿਹਾ ਜਦੋਂ ਨਵੇਂ ਚੁਣੇ ਗਏ ਸੁਪਰਵਾਈਜ਼ਰ ਨੇ ਅਧਿਕਾਰਤ ਤੌਰ 'ਤੇ ਡਿਸਟ੍ਰਿਕਟ 4 ਦੀ ਨੁਮਾਇੰਦਗੀ ਕਰਨ ਲਈ ਸਹੁੰ ਚੁੱਕੀ। ਇੱਕ ਤਜਰਬੇਕਾਰ ਕਿਸਾਨ, ਕਾਰੋਬਾਰੀ ਅਤੇ ਸਾਬਕਾ ਸਕੂਲ ਬੋਰਡ ਟਰੱਸਟੀ ਵਜੋਂ ਉਨ੍ਹਾਂ ਦੀ ਚੋਣ ਭਾਈਚਾਰੇ ਦੇ ਭਰੋਸੇ ਦੀ ਜਿੱਤ ਮੰਨੀ ਜਾ ਰਹੀ ਹੈ।

ਸੇਵਾ ਅਤੇ ਵਚਨਬੱਧਤਾ ਦਾ ਨਵਾਂ ਅਧਿਆਏ ਸਹੁੰ ਚੁੱਕ ਸਮਾਗਮ ਦੌਰਾਨ ਸੁਪਰਵਾਈਜ਼ਰ ਨੇ ਕਿਹਾ ਕਿ ਉਹ ਇਸ ਮੌਕੇ ਲਈ ਬਹੁਤ ਮਾਣ ਮਹਿਸੂਸ ਕਰ ਰਹੇ ਹਨ ਅਤੇ ਆਪਣੇ ਭਾਈਚਾਰੇ ਦੀ ਸੇਵਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਹਨ। ਉਨ੍ਹਾਂ ਕਿਹਾ, 'ਇੱਕ ਕਿਸਾਨ ਅਤੇ ਕਾਰੋਬਾਰੀ ਹੋਣ ਦੇ ਨਾਤੇ, ਮੈਂ ਜਾਣਦਾ ਹਾਂ ਕਿ ਸਾਡੇ ਖੇਤੀਬਾੜੀ ਖੇਤਰ, ਪਾਣੀ ਦੀ ਸਪਲਾਈ ਅਤੇ ਛੋਟੇ ਕਾਰੋਬਾਰਾਂ ਨੂੰ ਕਿਹੜੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹੁਣ ਸਮਾਂ ਹੈ ਮਿਲ ਕੇ ਕੰਮ ਕਰਨ ਦਾ।'

ਆਉਣ ਵਾਲੇ ਸਮੇਂ ਦੇ ਮੁੱਖ ਟੀਚੇ:

ਹੁਣ ਸੁਪਰਵਾਈਜ਼ਰ ਵਜੋਂ, ਉਨ੍ਹਾਂ ਦੀਆਂ ਤਰਜੀਹਾਂ ਸਪੱਸ਼ਟ ਹਨ:

ਪਾਣੀ ਦੀ ਭਰੋਸੇਯੋਗਤਾ: ਖੇਤੀ ਅਤੇ ਰਿਹਾਇਸ਼ੀ ਲੋੜਾਂ ਲਈ ਪਾਣੀ ਦੀ ਸਪਲਾਈ ਨੂੰ ਯਕੀਨੀ ਬਣਾਉਣਾ।

ਖੇਤੀਬਾੜੀ ਦੀ ਰਾਖੀ: ਸੈਂਟਰਲ ਵੈਲੀ ਦੀ ਅਨਮੋਲ ਉਪਜਾਊ ਜ਼ਮੀਨ ਨੂੰ ਬਚਾਉਣਾ।

ਆਰਥਿਕ ਸਥਿਰਤਾ: ਨੌਕਰੀਆਂ ਦੇ ਨਵੇਂ ਮੌਕੇ ਪੈਦਾ ਕਰਨਾ ਅਤੇ ਸਥਾਨਕ ਕਾਰੋਬਾਰਾਂ ਨੂੰ ਮਜ਼ਬੂਤ ਕਰਨਾ।

ਸੁਰੱਖਿਅਤ ਗੁਆਂਢ: ਪਰਿਵਾਰਾਂ ਅਤੇ ਕੰਮਕਾਜੀ ਲੋਕਾਂ ਲਈ ਬਿਹਤਰ ਸੁਵਿਧਾਵਾਂ ਅਤੇ ਸੁਰੱਖਿਆ ਪ੍ਰਦਾਨ ਕਰਨਾ।

ਸ ਨਰਿੰਦਰ ਸਿੰਘ ਸਹੋਤਾ ਫਰਿਜ਼ਨੋ ਨੇ ਸਹੁੰ ਚੁੱਕਣ ਤੋਂ ਬਾਅਦ ਕਿਹਾ ਕਿ ਮੈਂ ਚਾਹੁੰਦਾ ਹਾਂ ਕਿ ਫਰਿਜ਼ਨੋ ਕਾਊਂਟੀ ਦਾ ਹਰ ਪਰਿਵਾਰ ਇੱਥੇ ਹੀ ਆਪਣਾ 'ਅਮਰੀਕਨ ਡਰੀਮ' ਪੂਰਾ ਕਰ ਸਕੇ। ਮੈਂ ਤੁਹਾਡੀ ਆਵਾਜ਼ ਬਣ ਕੇ ਤੁਹਾਡੇ ਹੱਕਾਂ ਲਈ ਲੜਨ ਲਈ ਵਚਨਬੱਧ ਹਾਂ।'

ਸੁਪਰਵਾਈਜ਼ਰ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਦਾ ਦਫ਼ਤਰ ਪਾਰਦਰਸ਼ੀ ਢੰਗ ਨਾਲ ਕੰਮ ਕਰੇਗਾ ਅਤੇ ਸੈਂਟਰਲ ਵੈਲੀ ਦੇ ਜ਼ਿੰਮੇਵਾਰ ਆਰਥਿਕ ਵਿਕਾਸ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ। ਉਨ੍ਹਾਂ ਨੇ ਸਾਰੇ ਸਮਰਥਕਾਂ ਦਾ ਧੰਨਵਾਦ ਕਰਦਿਆਂ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਦੇ ਸਹਿਯੋਗ ਦੀ ਉਮੀਦ ਜਤਾਈ।





# ਅਮਰੀਕੀ ਸਿੱਖਿਆ ਦੇ ਫੰਡ 'ਚ ਕਟੌਤੀ, ਟਰੰਪ ਦੀ ਪਤਨੀ ਮੇਲਾਨੀਆ ਨੇ ਕੀਤੀ ਸਿੱਖਿਆ ਰਾਹੀਂ ਸ਼ਾਂਤੀ ਦੀ ਵਕਾਲਤ

ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਪਤਨੀ ਤੇ ਫਸਟ ਲੇਡੀ ਮੇਲਾਨੀਆ ਟਰੰਪ ਨੇ ਸੋਮਵਾਰ ਨੂੰ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ ਇਕ ਮੀਟਿੰਗ ਦੀ ਪ੍ਰਧਾਨਗੀ ਕੀਤੀ। ਇਸ ਦੌਰਾਨ ਉਨ੍ਹਾਂ ਆਪਣੇ ਸੰਬੋਧਨ 'ਚ ਸਿੱਖਿਆ ਰਾਹੀਂ ਸ਼ਾਂਤੀ ਦੀ ਵਕਾਲਤ ਕੀਤੀ। ਉਨ੍ਹਾਂ ਦਾ ਇਹ ਬਿਆਨ ਈਰਾਨ 'ਤੇ ਅਮਰੀਕਾ ਦੇ ਹਮਲੇ ਤੇ ਅਮਰੀਕੀ ਸਿੱਖਿਆ ਦੇ ਫੰਡ'ਚ ਕਟੌਤੀ ਵਿਚਾਲੇ ਆਇਆ ਹੈ। ਮੇਲਾਨੀਆ ਨੇ ਕਿਹਾ ਕਿ ਦੇਸ਼ਾਂ ਨੂੰ ਸਹਿਣਸ਼ੀਲਤਾ ਦੀਆਂ ਕਦਰਾਂ ਤੇ ਦੂਜਿਆਂ ਪ੍ਰਤੀ ਹਮਦਰਦੀ ਨੂੰ ਵਧਾਉਣਾ ਚਾਹੀਦਾ ਹੈ। ਉਨ੍ਹਾਂ ਉਨ੍ਹਾਂ ਲੋਕਾਂ ਦੀ ਨਿੰਦਾ ਕੀਤੀ, ਜੋ ਪੱਖਪਾਤ ਤੋਂ ਪੀੜਤ ਰਹਿੰਦੇ ਹਨ ਤੇ ਮਨੁੱਖੀ ਮਾਣ ਨੂੰ ਅਹਿਮੀਅਤ ਨਹੀਂ ਦਿੰਦੇ। ਉਨ੍ਹਾਂ ਆਪਣੇ ਸੰਬੋਧਨ 'ਚ ਉਨ੍ਹਾਂ ਕੁਝ ਦੇਸ਼ਾਂ ਨੂੰ ਲੈਕੇ ਦੁੱਖ ਜ਼ਾਹਿਰ ਕੀਤਾ, ਜੋ ਬੱਚਿਆਂ ਤੇ ਨੌਜਵਾਨਾਂ ਨੂੰ ਸੈਕੰਡਰੀ ਸਕੂਲ ਤੇ ਯੂਨੀਵਰਸਿਟੀ ਪੱਧਰ ਦੀ ਸਿੱਖਿਆ ਤੋਂ ਰੋਕਦੇ ਹਨ।



ਮੇਲਾਨੀਆ ਨੇ ਕਿਹਾ ਕਿ ਸਿੱਖਿਆ ਸ਼ਾਂਤੀਪੂਰਨ ਤੇ ਖ਼ੁਸ਼ਹਾਲ ਸਮਾਜ ਦੀ ਨੀਂਹ ਹੈ। ਜੋ ਸਮਾਜ ਆਪਣੀ ਆਬਾਦੀ ਦੇ ਵੱਡੇ ਹਿੱਸੇ ਨੂੰ ਵੱਖ ਕਰ ਦਿੰਦਾ ਹੈ, ਉਹ ਆਪਣੀ ਸਮਰੱਥਾ ਦਾ ਸਿਰਫ ਮਾਮੂਲੀ ਹਿੱਸਾ ਹੀ ਹਾਸਲ ਕਰ ਸਕਦੇ ਹਨ। ਹਾਲਾਂਕਿ, ਮੇਲਾਨੀਆ ਨੇ ਆਪਣੇ ਸੰਬੋਧਨ 'ਚ ਵਿਲੱਖਣਤਾ, ਸਮਾਨਤਾ ਤੇ ਸਮਾਵੇਸ਼ ਵਰਗੇ ਸ਼ਬਦਾਂ ਦੀ ਸਿੱਧੀ ਵਰਤੋਂ ਨਹੀਂ ਕੀਤੀ। ਦੱਸ ਦੇਈਏ ਕਿ ਅਮਰੀਕੀ ਰਾਸ਼ਟਰਪਤੀ ਟਰੰਪ ਆਪਣੇ ਚੋਣ ਵਾਅਦੇ ਨੂੰ ਪੂਰਾ ਕਰਨ ਲਈ ਸਿੱਖਿਆ ਵਿਭਾਗ ਨੂੰ ਖ਼ਤਮ ਕਰਨ ਦੀ ਪ੍ਰਕਿਰਿਆ 'ਚ ਹਨ। ਉਨ੍ਹਾਂ ਪਬਲਿਕ ਸਕੂਲਾਂ ਲਈ ਫੰਡਿੰਗ ਰੋਕਣ ਦੀ ਵੀ ਧਮਕੀ ਦਿੱਤੀ ਹੈ।

# ਅਮਰੀਕਾ ਦੇ 'ਬੀ-2' ਬੰਬਾਰਾਂ ਨੇ ਈਰਾਨ 'ਚ ਮਚਾਈ ਤਬਾਹੀ

ਵਾਸ਼ਿੰਗਟਨ ਮੱਧ-ਪੂਰਬ ਵਿਚ ਜੰਗ ਹੋਰ ਵੀ ਭਿਆਨਕ ਹੁੰਦੀ ਜਾ ਰਹੀ ਹੈ। ਅਮਰੀਕਾ ਨੇ 'ਆਪ੍ਰੇਸ਼ਨ ਐਪਿਕ ਫਿਊਰੀ' ਦੇ ਤਹਿਤ ਈਰਾਨ ਦੇ ਜ਼ਮੀਨਦੋਜ਼ ਮਿਜ਼ਾਈਲ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਇੱਕ ਵੱਡੀ ਫੌਜੀ ਕਾਰਵਾਈ ਕੀਤੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ, ਅਮਰੀਕਾ ਦੇ ਚਾਰ ਬੀ-2 ਬੰਬਾਰ ਜਹਾਜ਼ਾਂ ਨੇ ਈਰਾਨ ਦੇ ਮਿਜ਼ਾਈਲ ਅੱਡਿਆਂ 'ਤੇ 2000 ਪੌਂਡ ਵਜ਼ਨ ਵਾਲੇ ਦਰਜਨਾਂ ਬੰਕਰ-ਬਸਟਰ ਬੰਬ ਸੁੱਟੇ ਹਨ। ਇਨ੍ਹਾਂ ਹਮਲਿਆਂ ਦਾ ਉਦੇਸ਼ ਈਰਾਨ ਦੀਆਂ ਉਨ੍ਹਾਂ ਗੁਪਤ ਸਹੂਲਤਾਂ ਨੂੰ ਨਸ਼ਟ ਕਰਨਾ ਸੀ, ਜੋ ਜ਼ਮੀਨ ਦੇ ਅੰਦਰ ਡੂੰਘਾਈ ਵਿਚ ਬਣੀਆਂ ਹੋਈਆਂ ਹਨ।

ਅਮਰੀਕੀ ਸੈਂਟਰਲ ਕਮਾਂਡ ਨੇ ਇੱਕ ਬਿਆਨ ਜਾਰੀ ਕਰਦਿਆਂ ਪੁਸ਼ਟੀ ਕੀਤੀ ਹੈ ਕਿ ਇਸ ਕਾਰਵਾਈ ਦੌਰਾਨ ਤਿੰਨ ਅਮਰੀਕੀ ਫੌਜੀ ਮਾਰੇ ਗਏ ਹਨ। ਇਸ ਤੋਂ ਇਲਾਵਾ, ਪੰਜ ਹੋਰ ਸੈਨਿਕ ਗੰਭੀਰ ਰੂਪ ਵਿਚ ਜ਼ਖ਼ਮੀ ਹੋਏ ਹਨ, ਜਦੋਂ ਕਿ ਕਈ ਹੋਰਨਾਂ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ, ਜਿਨ੍ਹਾਂ ਨੂੰ ਇਲਾਜ ਤੋਂ ਬਾਅਦ ਡਿਊਟੀ 'ਤੇ ਵਾਪਸ ਭੇਜ ਦਿੱਤਾ ਗਿਆ ਹੈ। ਸੈਂਟਰਲ ਕਮਾਂਡ ਨੇ ਦੱਸਿਆ ਕਿ ਇਹ ਇੱਕ ਵੱਡੇ ਪੱਧਰ ਦੀ ਫੌਜੀ ਮੁਹਿੰਮ ਹੈ ਅਤੇ ਜਵਾਬੀ ਕਾਰਵਾਈ ਅਜੇ ਵੀ ਜਾਰੀ ਹੈ। ਦੱਸਿਆ ਜਾ ਰਿਹਾ ਹੈ ਕਿ ਅਮਰੀਕੀ ਫੌਜ ਈਰਾਨ ਦੇ ਸਾਰੇ ਪ੍ਰਮੁੱਖ ਫੌਜੀ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਰਹੀ ਹੈ, ਤਾਂ ਜੋ ਉਨ੍ਹਾਂ ਦੀ ਹਮਲਾ ਕਰਨ ਦੀ ਸਮਰੱਥਾ ਨੂੰ ਖ਼ਤਮ ਕੀਤਾ ਜਾ ਸਕੇ।




ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

## Manteca-Arizona- San Francisco

239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com



All Services Under One Roof

HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਸ. ਇੰਦਰਜੀਤ ਸਿੰਘ ਉੱਭੀ ਦੇ ਅਕਾਲ ਚਲਾਣੇ 'ਤੇ ਪੱਤਰਕਾਰ ਕੁਲਵੰਤ ਧਾਲੀਆਂ ਅਤੇ ਸਮੂੰਹ ਉੱਭੀ ਪਰਿਵਾਰ ਨੂੰ ਸਦਮਾ

## ਸ਼ਰਧਾਂਜਲੀਆਂ ਅਤੇ ਅੰਤਿਮ ਅਰਦਾਸ 5 ਮਾਰਚ ਨੂੰ ਹੋਵੇਗੀ

ਫਰਿਜ਼ਨੋ, ਕੈਲੇਫੋਰਨੀਆਂ (ਨੀਟਾ ਮਾਛੀਕੇ): ਅਮਰੀਕਾ ਦੇ ਪੰਜਾਬੀ ਭਾਈਚਾਰੇ ਅੰਦਰ ਪੱਤਰਕਾਰੀ, ਸਮਾਜਿਕ ਅਤੇ ਸੱਭਿਆਚਾਰਕ ਸੇਵਾਵਾਂ ਨਿਭਾ ਰਹੇ ਪੱਤਰਕਾਰ ਕੁਲਵੰਤ ਧਾਲੀਆਂ ਅਤੇ ਸਮੂੰਹ ਉੱਭੀ ਪਰਿਵਾਰ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ ਜਦੋਂ ਬੀਤੇ ਦਿਨੀ ਉਨ੍ਹਾਂ ਦੇ ਪਿਤਾ ਸ. ਇੰਦਰਜੀਤ ਸਿੰਘ ਉੱਭੀ ਆਪਣੀ ਸੰਸਾਰਿਕ ਯਾਤਰਾ ਕਰਦੇ ਹੋਏ ਅਚਾਨਕ ਆਪਣੇ ਸੁਆਸਾਂ ਦੀ ਪੂੰਜੀ ਤਿਆਗਦੇ ਹੋਏ ਅਕਾਲ ਚਲਾਣਾ ਕਰ ਗਏ। ਜੋ ਆਪਣੇ ਪਿੱਛੇ ਆਪਣੇ ਭਰਾਵਾਂ ਦੇ ਸਾਂਝੇ ਪਰਿਵਾਰ ਤੋਂ ਇਲਾਵਾ ਪਤਨੀ, ਦੋ ਪੁੱਤਰਾਂ ਅਤੇ ਇੱਕ ਧੀ ਦੀ ਹੱਸਦੀ-ਖੇਡਦੀ ਫੁਲਵਾੜੀ ਛੱਡ ਗਏ।



ਉਹ ਕਈ ਸਾਲ ਤੱਕ ਆਪਣੀ ਪਤਨੀ ਜੌਗਿੰਦਰ ਕੌਰ ਉੱਭੀ ਸਮੇਤ ਪੱਕੇ ਵਸਨੀਕ ਦੇ ਤੌਰ 'ਤੇ ਆਪਣੇ ਪੁੱਤਰ ਕੁਲਵੰਤ ਧਾਲੀਆਂ ਕੋਲ ਕੈਲੇਫੋਰਨੀਆਂ, ਅਮਰੀਕਾ ਵੀ ਰਹੇ। ਪਰ ਪਿਛੋਕੜ ਜਨਮ ਭੂਮੀ ਅਤੇ ਆਪਣੇ ਪਰਿਵਾਰ ਨਾਲ ਪਿਆਰ ਸਦਕਾ ਪੱਕੇ ਰਹਿਣ ਲਈ ਆਪਣੇ ਜੱਦੀ ਪਿੰਡ ਧਾਲੀਆਂ ਨੂੰ ਤਰਜੀਹ ਦਿੱਤੀ। ਜਿੱਥੇ ਆਪਣੀ ਜ਼ਿੰਦਗੀ ਦਾ ਅੰਤਲਾ ਸਮਾਂ ਗੁਜ਼ਾਰਿਆ। ਇਸ ਸਮੇਂ ਉਨ੍ਹਾਂ ਦੀ ਉਮਰ ਲਗਭਗ 79 ਸਾਲ ਦੀ ਸੀ। ਉਹ ਨੇਕ ਸਾਫ ਦਿਲ ਸੇਵਾ ਭਾਵਨਾ ਵਾਲੇ ਸਮਾਜ ਸੇਵੀ ਇਨਸਾਨ ਸਨ। ਜਿਨ੍ਹਾਂ ਨੇ ਆਪਣੇ ਹੱਕਾਂ ਜਾਂ ਲੋੜਾਂ ਦੀ ਪੂਰਤੀ ਤੋਂ ਪਹਿਲਾਂ ਦੂਜਿਆਂ ਦਾ ਹਮੇਸ਼ਾ ਖਿਆਲ ਰੱਖਿਆ। ਜੋ ਇੱਕ ਚਾਰ ਭਰਾਵਾਂ ਦੇ ਸੰਯੁਕਤ ਪਰਿਵਾਰ ਵਿੱਚ ਜਨਮੇ ਅਤੇ ਪਲੇ ਸਨ। ਜਿਨ੍ਹਾਂ ਹਮੇਸ਼ਾ ਪਿਤਾ ਸਮਾਜਸੇਵੀ ਅਤੇ ਗੁਰਸਿੱਖ ਆਗੂ ਸਵ. ਸ. ਹਰਨਾਮ ਸਿੰਘ ਉੱਭੀ ਦੀ ਪ੍ਰੇਰਨਾ ਸਦਕਾ ਆਪਣੇ ਪਰਿਵਾਰ ਨੂੰ ਅੰਤਲੇ ਸਮੇਂ ਤੱਕ ਜੋੜੀ ਰੱਖਿਆ। ਹਮੇਸ਼ਾ ਇਹੀ ਪ੍ਰੇਰਨਾ ਆਪਣੇ ਬੱਚਿਆਂ ਨੂੰ ਵੀ ਦਿੱਤੀ ਕਿ ਆਪਣੇ ਪਰਿਵਾਰ ਦੀ ਏਕਤਾ ਅਤੇ ਸਮਾਜ ਭਲਾਈ ਲਈ ਬਹੁਤ ਕੁਝ ਨਿਰਸਵਾਰਥ ਕਰਨਾ ਪੈਂਦਾ ਹੈ। ਜਿਸ ਨੂੰ ਆਪਣੇ ਅੰਤਲੇ ਸਮੇਂ ਤੱਕ ਬੜੀ ਇਮਾਨਦਾਰੀ ਨਾਲ ਕਰਕੇ ਵੀ ਦਿਖਾਇਆ।

ਉਨ੍ਹਾਂ ਦਾ ਅੰਤਿਮ ਸੰਸਕਾਰ ਬੀਤੇ ਦਿਨੀ 26 ਫਰਵਰੀ ਨੂੰ ਉਨ੍ਹਾਂ ਦੇ ਪਿੰਡ ਧਾਲੀਆਂ ਕਰ ਦਿੱਤਾ ਗਿਆ ਸੀ। ਹੁਣ ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਲਈ ਰੱਖੇ ਪਾਠ ਦਾ ਭੋਗ ਅਤੇ ਸਰਧਾਂਜਲੀਆ ਦੀ ਰਸਮ 5 ਮਾਰਚ, 2026, ਦਿਨ ਵੀਰਵਾਰ ਨੂੰ "ਗੁਰਦੁਆਰਾ ਕੈਂਬਾਂ ਸਾਹਿਬ" ਪਾਤਸ਼ਾਹੀ ਛੇਵੀਂ ਪਿੰਡ ਧਾਲੀਆਂ, ਜਿਲ੍ਹਾ ਲੁਧਿਆਣਾ, ਪੰਜਾਬ ਵਿਖੇ 11 ਵਜੇ ਤੋਂ ਹੋਵੇਗੀ। ਪਰਿਵਾਰ ਵੱਲੋਂ ਸਮੂੰਹ ਸੁਨੇਹੀਆਂ, ਰਿਸ਼ਤੇਦਾਰਾਂ ਅਤੇ ਦੋਸਤਾਂ ਨੂੰ ਸ਼ਾਮਲ ਹੋਣ ਲਈ ਬੇਨਤੀ ਕੀਤੀ ਗਈ ਹੈ। ਜਿੱਥੇ ਇਕੱਠੇ ਹੋ ਸਵ. ਇੰਦਰਜੀਤ ਸਿੰਘ ਦੀ ਵਿਛੜੀ ਰੂਹ ਦੇ ਪਰਮਾਤਮਾ ਦੇ ਚਰਨਾਂ ਵਿੱਚ ਹਮੇਸ਼ਾ ਲਈ ਨਿਵਾਸ ਦੀ ਅਰਦਾਸ ਅਤੇ ਸ਼ਰਧਾਂਜਲੀ ਭੇਟ ਕੀਤੀਆ ਜਾਣਗੀਆਂ।

ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਸ਼ਾਮਲ ਹੋਣ ਜਾਂ ਹੋਰ ਜਾਣਕਾਰੀ ਲਈ ਉਨ੍ਹਾਂ ਦੇ ਪੁੱਤਰਾਂ ਵਿੱਚ ਕੁਲਵੰਤ ਧਾਲੀਆਂ ਨੂੰ ਫੋਨ ਨੰਬਰ +1 (559) 473-9264, ਕੁਲਦੀਪ ਉੱਭੀ +1 (559) 755-8038 ਜਾਂ ਭਤੀਜੇ ਤੇਜਿੰਦਰ ਸਿੰਘ ਨੂੰ ਫੋਨ ਨੰਬਰ +91 94172 64577 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਫਿਰੌਤੀਆਂ ਤੇ ਸੁਰੱਖਿਆ ਦੇ ਮਸਲਿਆਂ ਬਾਰੇ ਸਰੀ ਪੁਲਿਸ ਮੁਖੀ ਵੱਲੋਂ ਪੰਜਾਬੀ ਪ੍ਰੈਸ ਕਲੱਬ ਆਫ ਬੀਸੀ ਨਾਲ ਪ੍ਰੈਸ ਮਿਲਣੀ





ਸਰੀ ਸਰੀ ਪੁਲਿਸ ਮੁਖੀ ਲਵਿੰਸਕੀ ਨਾਲ ਪੰਜਾਬੀ ਪ੍ਰੈਸ ਕਲੱਬ ਆਫ ਬੀਸੀ ਦੇ ਕਾਨਫਰੰਸ ਵਿੱਚ ਹਾਜ਼ਰ ਮੈਂਬਰ।

ਸਰੀ : ਸਰੀ ਪੁਲਿਸ ਮੁਖੀ ਲਵਿੰਸਕੀ ਵੱਲੋਂ ਨਾਲ ਪੰਜਾਬੀ ਪ੍ਰੈਸ ਕਲੱਬ ਆਫ ਬੀਸੀ ਨਾਲ ਪ੍ਰੈਸ ਕਾਨਫਰੰਸ ਕੀਤੀ ਗਈ ਹੋਈ, ਇਸ ਵਿੱਚ ਸਰੀ ਨਾਲ ਸਬੰਧਤ ਵੱਖ ਵੱਖ ਮੁੱਦਿਆਂ, ਫਿਰੌਤੀਆਂ, ਧਮਕੀਆਂ ਅਤੇ ਸੁਰੱਖਿਆ ਦੇ ਮਸਲਿਆਂ ਬਾਰੇ ਖੁੱਲੀ ਵਿਚਾਰ ਚਰਚਾ ਹੋਈ।

ਸਰੀ ਪੁਲਿਸ ਮੁਖੀ ਲਵਿੰਸਕੀ ਨੇ ਕਰੀਬ ਅੱਧੇ ਘੰਟੇ ਦੀ ਵਿਸ਼ੇਸ਼ ਪ੍ਰੈਜੇਂਟੇਸ਼ਨ ਸਾਂਝੀ ਕੀਤੀ, ਜਿਸ ਵਿੱਚ ਫਿਰੌਤੀਆਂ ਤੋਂ ਲੈ ਕੇ ਹੋਰਨਾਂ ਮਸਲਿਆਂ ਬਾਰੇ ਸਰੀ ਪੁਲਿਸ ਵੱਲੋਂ ਉਠਾਏ ਗਏ ਕਦਮਾਂ ਦੀ ਵਿਸਥਾਰ ਸਹਿਤ ਜਾਣਕਾਰੀ ਸਾਂਝੀ ਕੀਤੀ ਗਈ।

ਸੰਨ 2023 ਵਿੱਚ ਹੋਏ ਭਾਈ ਹਰਦੀਪ ਸਿੰਘ ਨਿੱਜਰ ਦੇ ਕਤਲ ਮਗਰੋਂ ਹਾਲਾਤ ਵਿਗੜਨ ਤੇ ਘਟਨਾਕਰਮ ਤੋਂ ਲੈ ਕੇ ਹੁਣ ਤੱਕ ਬਾਰੇ ਪੁਲਿਸ ਅਧਿਕਾਰੀ ਨੇ ਇੰਕਸ਼ਾਫ ਕੀਤੇ ਅਤੇ ਘਟਨਾਵਾਂ ਦਿਆਂ ਕੌਮਾਂਤਰੀ ਪਹਿਲੂਆਂ ਬਾਰੇ ਵੀ ਗੱਲਬਾਤ ਕੀਤੀ। ਚੀਫ ਕੰਨਸਟੇਬਲ ਲਵਿੰਸਕੀ ਨੇ ਕੈਨੇਡਾ ਦੀ ਕੇਂਦਰ ਸਰਕਾਰ ਦੇ ਉਸ ਅਫਸਰ ਸਰਕਾਰੀ ਅਧਿਕਾਰੀ ਨਾਲ ਵੀ ਅਸਹਿਮਤੀ ਪ੍ਰਗਟਾਈ, ਜਿਸ ਦਾ ਕਹਿਣਾ ਹੈ ਕਿ ਕੈਨੇਡਾ ਵਿਚ ਹਿੰਸਕ ਅਤੇ ਮੁਜਰਮਾਨਾ ਗਤੀਵਿਧੀਆਂ ਭਾਰਤ ਦੀ ਕੋਈ ਭੂਮਿਕਾ ਨਹੀਂ ਹੈ। ਸਰੀ ਪੁਲਿਸ ਮੁਖੀ ਨੇ ਇਸ ਬੇਬੁਨਿਆਦ ਦਾਅਵੇ ਨੂੰ ਰੱਦ ਕੀਤਾ।

ਸੁਰੱਖਿਆ ਦੇ ਮਸਲਿਆਂ ਬਾਰੇ ਖੁੱਲੀ ਵਿਚਾਰ ਚਰਚਾ ਨੇ ਕਿਹਾ ਕਿ ਓਹ ਇਸ ਮਸਲੇ ਨੂੰ 'ਟਰਾਂਸ ਨੈਸ਼ਨਲ ਰਿਪਰੈਸ਼ਨ ਅਤੇ ਵਿਦੇਸ਼ੀ ਦਖਲਅੰਦਾਜ਼ੀ' ਵਜੋਂ ਵੇਖਦੇ ਹਨ। ਉਹਨਾਂ ਬੇਬਾਕੀ ਨਾਲ ਪ੍ਰਧਾਨ ਮੰਤਰੀ ਦੀ ਭਾਰਤ ਫੇਰੀ ਅਤੇ ਪ੍ਰਧਾਨ ਮੰਤਰੀ ਦੇ ਬੀਸੀ ਦੌਰੇ ਬਾਰੇ ਪੰਜਾਬੀ ਪ੍ਰੈਸ ਕਲੱਬ ਆਫ ਬੀਸੀ ਨਾਲ ਖੁੱਲੀ ਗੱਲਬਾਤ ਕੀਤੀ ਗਈ। ਵਿਸਾਖੀ ਨਗਰ ਕੀਰਤਨ ਮੌਕੇ ਸ਼ਹਿਰ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਚੁੱਕੇ ਜਾ ਰਹੇ ਕਦਮਾਂ 'ਤੇ ਵੀ ਪੁਲਿਸ ਮੁਖੀ ਨੇ ਰੌਸ਼ਨੀ ਪਾਈ।

ਇਸ ਮੌਕੇ 'ਤੇ ਸਰੀ ਪੁਲਿਸ ਮੁਖੀ ਲਵਿੰਸਕੀ ਤੋਂ ਇਲਾਵਾ ਕੰਸਟੇਬਲ ਜਗਦੀਪ ਖੋਸਾ ਅਤੇ ਸੁਪਰਡੈਂਟ ਲੈਪ ਮਾਂਗਟ ਤੋਂ ਇਲਾਵਾ ਮੀਡੀਆ ਸਲਾਹਕਾਰ ਮੀਡੀਆ ਬੁਲਾਰੇ ਇਆਨ ਮੈਕਡੋਨਲਡ ਵੀ ਮੌਜੂਦ ਸਨ। ਜੈਗ ਖੋਸਾ ਅਤੇ ਲਪਿੰਦਰ ਮਾਂਗਟ ਨੇ ਭਾਈਚਾਰਕ ਪੱਖੋਂ ਪੁਲਿਸ ਚ ਕੀਤੀਆਂ ਜਾ ਰਹੀਆਂ ਖਾਸ ਸਰਗਰਮੀਆਂ ਤੇ ਰੌਸ਼ਨੀ ਪਾਈ।

ਅਖੀਰ ਵਿੱਚ ਪ੍ਰੈਸ ਕਲੱਬ ਦੇ ਪ੍ਰਧਾਨ ਡਾ ਗੁਰਵਿੰਦਰ ਸਿੰਘ ਧਾਲੀਵਾਲ ਨੇ ਪ੍ਰੈਸ ਕਾਨਫਰਸ ਲਈ ਸਿਟੀ ਆਫ ਸਰੀ ਮੇਅਰ ਅਤੇ ਸਟਾਫ ਦਾ ਧੰਨਵਾਦ ਕੀਤਾ। ਮੀਟਿੰਗ ਦਾ ਸੰਚਾਲਨ ਪੰਜਾਬੀ ਪ੍ਰੈਸ ਕਲੱਬ ਦੇ ਸਕੱਤਰ ਅਮਰਪਾਲ ਸਿੰਘ ਵੱਲੋਂ ਕੀਤਾ ਗਿਆ, ਜਦ ਕਿ ਪੰਜਾਬੀ ਪ੍ਰੈਸ ਕਲੱਬ ਵੱਲੋਂ ਰੇਡੀਓ, ਟੈਲੀਵਿਜ਼ਨ ਅਤੇ ਅਖਬਾਰੀ ਅਦਾਰਿਆਂ ਵਿੱਚੋਂ ਪੰਜਾਬੀ ਪ੍ਰੈਸ ਕਲੱਬ ਦੇ ਨਮਾਇੰਦੇ ਗੁਰਪ੍ਰੀਤ ਸਿੰਘ ਸਹੋਤਾ, ਬਲਦੇਵ ਸਿੰਘ ਮਾਨ, ਬਲਵੀਰ ਕੌਰ ਢਿੱਲੋਂ, ਅੰਮ੍ਰਿਤਜੀਤ ਸਿੰਘ ਸਰਾਂ, ਕੁਲਦੀਪ ਸਿੰਘ, ਰਮਨ ਸ਼ਰਮਾ, ਗੁਰਸੇਵ ਸਿੰਘ ਪੰਧੇਰ, ਗੁਰਬਾਜ ਸਿੰਘ ਬਰਾੜ, ਪਰਨੀਤ ਕਾਮਰਾ, ਸੀ ਜੇ ਸਿੱਧੂ, ਸੰਤੋਖ ਸਿੰਘ ਮੰਡੇਰ ਅਤੇ ਸਰਜਿੰਦਰ ਸਿੰਘ ਦੂਹੜੇ ਆਦਿ ਸ਼ਾਮਿਲ ਹੋਏ।

# ਟਰੰਪ ਹੋਰਮੁਜ਼ ਜਲਡਮਰੂ ਤੋਂ ਲੰਘਣ ਵਾਲੇ ਜਹਾਜ਼ਾਂ ਨੂੰ 'ਵਾਜਬ ਕੀਮਤ' 'ਤੇ ਦੇਣਗੇ ਬੀਮਾ

ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਮੱਧ ਪੂਰਬ ਵਿੱਚ ਜਹਾਜ਼ਾਂ ਦੀ ਸੁਰੱਖਿਆ ਲਈ ਲੋੜ ਪੈਣ 'ਤੇ ਅਮਰੀਕੀ ਜਲ ਸੈਨਾ ਤਾਇਨਾਤ ਕੀਤੀ ਜਾਵੇਗੀ ਅਤੇ ਊਰਜਾ ਸਪਲਾਈ ਬਣਾਈ ਰੱਖਣ ਲਈ ਸ਼ਿਪਿੰਗ ਕੰਪਨੀਆਂ ਨੂੰ 'ਵਾਜਬ' ਜੋਖਮ ਬੀਮਾ ਪ੍ਰਦਾਨ ਕੀਤਾ ਜਾਵੇਗਾ। ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਅਮਰੀਕਾ, ਇਜ਼ਰਾਈਲ ਅਤੇ ਈਰਾਨ ਵਿਚਕਾਰ ਤਣਾਅ ਨੇ ਵਿਸ਼ਵਵਿਆਪੀ ਊਰਜਾ ਸਪਲਾਈ ਬਾਰੇ ਚਿੰਤਾਵਾਂ ਵਧਾ ਦਿੱਤੀਆਂ ਹਨ। ਦੁਨੀਆ ਦੀ ਤੇਲ ਅਤੇ ਗੈਸ ਸਪਲਾਈ ਦਾ ਲਗਭਗ ਪੰਜਵਾਂ ਹਿੱਸਾ ਹੋਰਮੁਜ਼ ਜਲਡਮਰੂ ਤੋਂ ਲੰਘਦਾ ਹੈ, ਜੋ ਕਿ ਈਰਾਨ ਅਤੇ ਸੰਯੁਕਤ ਅਰਬ ਅਮੀਰਾਤ (ਯੂਏਈ) ਵਿਚਕਾਰ ਇੱਕ ਤੰਗ ਸਮੁੰਦਰੀ ਰਸਤਾ ਹੈ। ਈਰਾਨ ਦੁਆਰਾ 'ਜਹਾਜ਼ਾਂ ਨੂੰ ਅੱਗ ਲਗਾਉਣ' ਦੀ ਧਮਕੀ ਦੇਣ ਤੋਂ ਬਾਅਦ ਹਾਲ ਹੀ ਦੇ ਦਿਨਾਂ ਵਿੱਚ ਇਸ ਰਸਤੇ ਰਾਹੀਂ ਸਮੁੰਦਰੀ ਆਵਾਜਾਈ ਲਗਭਗ ਠੱਪ ਹੋ ਗਈ ਹੈ। ਟਰੰਪ ਨੇ ਸੋਸ਼ਲ ਮੀਡੀਆ 'ਤੇ ਕਿਹਾ ਕਿ ਅਮਰੀਕੀ ਸਰਕਾਰ ਦੁਨੀਆ ਨੂੰ ਨਿਰਵਿਘਨ ਊਰਜਾ ਸਪਲਾਈ ਯਕੀਨੀ ਬਣਾਉਣ ਲਈ ਖੇਤਰ ਵਿੱਚ ਕੰਮ ਕਰਨ ਵਾਲੀਆਂ ਸ਼ਿਪਿੰਗ ਕੰਪਨੀਆਂ ਨੂੰ 'ਵਾਜਬ' ਜੋਖਮ ਬੀਮਾ ਪ੍ਰਦਾਨ ਕਰੇਗੀ। ਮਾਹਿਰਾਂ ਦਾ ਕਹਿਣਾ ਹੈ ਕਿ ਇਨ੍ਹਾਂ ਭਰੋਸਿਆਂ ਦੇ ਬਾਵਜੂਦ, ਇਹ ਸੰਭਾਵਨਾ ਨਹੀਂ ਹੈ ਕਿ ਕੰਪਨੀਆਂ ਦੀਆਂ ਚਿੰਤਾਵਾਂ ਪੂਰੀ ਤਰ੍ਹਾਂ ਦੂਰ ਹੋਣਗੀਆਂ।



ਸੋਮਵਾਰ ਨੂੰ, ਇੱਕ ਈਰਾਨੀ ਅਧਿਕਾਰੀ ਨੇ ਹੋਰਮੁਜ਼ ਜਲਡਮਰੂ ਵਿੱਚੋਂ ਲੰਘਣ ਦੀ ਕੋਸ਼ਿਸ਼ ਕਰਨ ਵਾਲੇ ਜਹਾਜ਼ਾਂ ਨੂੰ ਨਿਸ਼ਾਨਾ ਬਣਾਉਣ ਦੀ ਚੇਤਾਵਨੀ ਦਿੱਤੀ ਸੀ, ਅਤੇ ਰਿਪੋਰਟਾਂ ਤੋਂ ਪਤਾ ਚੱਲਦਾ ਹੈ ਕਿ ਈਰਾਨੀ ਫੌਜਾਂ ਨੇ ਖੇਤਰ ਵਿੱਚ ਕਈ ਜਹਾਜ਼ਾਂ 'ਤੇ ਗੋਲੀਬਾਰੀ ਵੀ ਕੀਤੀ ਹੈ। ਮੌਜੂਦਾ ਸਥਿਤੀ ਦੇ ਕਾਰਨ, ਕੁਝ ਬੀਮਾ ਕੰਪਨੀਆਂ ਨੇ ਖੇਤਰ ਵਿੱਚ ਜਹਾਜ਼ਾਂ ਲਈ ਬੀਮਾ ਪ੍ਰੀਮੀਅਮ ਵਧਾ ਦਿੱਤੇ ਹਨ। ਲੋਇਡਜ਼ ਲਿਸਟ ਇੰਟੈਲੀਜੈਂਸ ਡੇਟਾ ਅਨੁਸਾਰ ਲਗਭਗ 200 ਕੱਚੇ ਤੇਲ ਅਤੇ ਉਤਪਾਦ ਟੈਂਕਰ ਖਾੜੀ ਖੇਤਰ ਵਿੱਚ ਫਸੇ ਹੋਏ ਹਨ। ਟਰੰਪ ਨੇ ਮੰਗਲਵਾਰ ਨੂੰ ਐਲਾਨ ਕੀਤਾ ਕਿ ਉਨ੍ਹਾਂ ਨੇ ਸੰਯੁਕਤ ਰਾਜ ਵਿਕਾਸ ਵਿੱਤ ਨਿਗਮ (ਡੀਐਫਸੀ) ਨੂੰ ਖਾੜੀ ਖੇਤਰ ਵਿੱਚੋਂ ਲੰਘਦੇ ਸਮੁੰਦਰੀ ਵਪਾਰ, ਖਾਸ ਕਰਕੇ ਊਰਜਾ ਆਵਾਜਾਈ ਲਈ ਰਾਜਨੀਤਿਕ ਜੋਖਮ ਬੀਮਾ ਅਤੇ ਗਾਰੰਟੀ ਪ੍ਰਦਾਨ ਕਰਨ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਲੋੜ ਪੈਣ 'ਤੇ ਜਹਾਜ਼ਾਂ ਨੂੰ ਅਮਰੀਕੀ ਜਲ ਸੈਨਾ ਦੀ ਫੌਜੀ ਸੁਰੱਖਿਆ ਪ੍ਰਦਾਨ ਕੀਤੀ ਜਾਵੇਗੀ। ਇਸ ਐਲਾਨ ਤੋਂ ਬਾਅਦ ਤੇਲ ਦੀਆਂ ਕੀਮਤਾਂ ਵਿੱਚ ਥੋੜ੍ਹੀ ਗਿਰਾਵਟ ਆਈ। ਇਹ ਬਿਆਨ ਉਦੋਂ ਆਇਆ ਜਦੋਂ ਸ਼੍ਰੀ ਟਰੰਪ ਊਰਜਾ ਸਕੱਤਰ ਕ੍ਰਿਸ ਰਾਈਟ ਅਤੇ ਖਜ਼ਾਨਾ ਸਕੱਤਰ ਸਕਾਟ ਬੇਸੈਂਟ ਨਾਲ ਊਰਜਾ ਸਪਲਾਈ ਸਥਿਤੀ 'ਤੇ ਚਰਚਾ ਕਰਨ ਵਾਲੇ ਸਨ।

# ਫਰੀਮਾਂਟ ਪੁਲਿਸ ਨੂੰ ਮਿਲਿਆ ਨਵਾਂ ਕਮਾਂਡਰ ਫਲੌਇਡ ਮਿਸ਼ੇਲ ਹੋਣਗੇ ਸ਼ਹਿਰ ਦੇ ਅਗਲੇ ਪੁਲਿਸ ਚੀਫ਼

ਫਰੀਮਾਂਟ, ਕੈਲੀਫੋਰਨੀਆ, (ਸਾਡੇ ਲੋਕ): ਫਰੀਮਾਂਟ ਸ਼ਹਿਰ ਨੇ ਅੱਜ ਇੱਕ ਅਹਿਮ ਐਲਾਨ ਕਰਦਿਆਂ ਫਲੌਇਡ ਮਿਸ਼ੇਲ (Floyd Mitchell) ਨੂੰ ਸ਼ਹਿਰ ਦਾ ਨਵਾਂ ਪੁਲਿਸ ਚੀਫ਼ ਨਿਯੁਕਤ ਕੀਤਾ ਹੈ। ਦੇਸ਼ ਵਿਆਪੀ ਖੋਜ ਤੋਂ ਬਾਅਦ ਸਿਟੀ ਮੈਨੇਜਰ ਕਰੀਨਾ ਸ਼ੈਕਲਫੋਰਡ ਨੇ ਇਹ ਫੈਸਲਾ ਲਿਆ। ਚੀਫ਼ ਮਿਸ਼ੇਲ ਸੋਮਵਾਰ, 9 ਮਾਰਚ, 2026 ਤੋਂ ਅਧਿਕਾਰਤ ਤੌਰ 'ਤੇ ਆਪਣਾ ਅਹੁਦਾ ਸੰਭਾਲਣਗੇ।



**ਤਿੰਨ ਦਹਾਕਿਆਂ ਦਾ ਤਜ਼ਰਬਾ ਅਤੇ ਸ਼ਾਨਦਾਰ ਰਿਕਾਰਡ :** ਚੀਫ਼ ਫਲੌਇਡ ਮਿਸ਼ੇਲ ਕੋਲ ਕਾਨੂੰਨ ਲਾਗੂ ਕਰਨ ਵਾਲੀਆਂ ਸੰਸਥਾਵਾਂ ਵਿੱਚ 30 ਸਾਲਾਂ ਤੋਂ ਵੱਧ ਦਾ ਵਿਸ਼ਾਲ ਤਜ਼ਰਬਾ ਹੈ। ਉਹਨਾਂ ਦੇ ਕਰੀਅਰ ਦੀਆਂ ਮੁੱਖ ਗੱਲਾਂ ਹੇਠ ਲਿਖੇ ਅਨੁਸਾਰ ਹਨ:

ਕੰਸਾਸ ਸਿਟੀ (ਮਿਸੂਰੀ) : 25 ਸਾਲ ਸੇਵਾ ਕੀਤੀ, ਜਿੱਥੇ ਉਹ ਪੈਟਰੋਲ ਅਫਸਰ ਤੋਂ ਸ਼ੁਰੂ ਹੋ ਕੇ ਮੇਜਰ ਦੇ ਰੈਂਕ ਤੱਕ ਪਹੁੰਚੇ। ਉਹਨਾਂ ਨੇ ਹੋਮੀਸਾਈਡ ਯੂਨਿਟ ਕਮਾਂਡਰ ਅਤੇ ਇੰਟਰਨਲ ਅਫੇਅਰਜ਼ ਵਰਗੇ ਅਹਿਮ ਵਿਭਾਗਾਂ ਦੀ ਅਗਵਾਈ ਕੀਤੀ।

ਟੈਕਸਾਸ: ਉਹ ਟੈਂਪਲ ਸਿਟੀ ਅਤੇ ਲੁਬੌਕ (Lubbock) ਵਿੱਚ ਪੁਲਿਸ ਚੀਫ਼ ਵਜੋਂ ਸੇਵਾਵਾਂ ਨਿਭਾ ਚੁੱਕੇ ਹਨ।

ਓਕਲੈਂਡ (ਕੈਲੀਫੋਰਨੀਆ): ਫਰੀਮਾਂਟ ਆਉਣ ਤੋਂ ਪਹਿਲਾਂ ਉਹ ਓਕਲੈਂਡ ਦੇ ਪੁਲਿਸ ਚੀਫ਼ ਸਨ। ਉਹਨਾਂ ਦੀ ਅਗਵਾਈ ਹੇਠ ਓਕਲੈਂਡ ਵਿੱਚ ਅਪਰਾਧਾਂ ਵਿੱਚ ਭਾਰੀ ਕਮੀ ਆਈ, ਜਿਸ ਵਿੱਚ ਕਤਲ ਦੇ ਮਾਮਲਿਆਂ ਵਿੱਚ 31% ਅਤੇ ਸੰਪਤੀ ਦੇ ਅਪਰਾਧਾਂ ਵਿੱਚ 10% ਤੋਂ ਵੱਧ ਦੀ ਗਿਰਾਵਟ ਦਰਜ ਕੀਤੀ ਗਈ।

ਲੀਡਰਸ਼ਿਪ ਅਤੇ ਵਿਜ਼ਨ : ਸਿਟੀ ਮੈਨੇਜਰ ਕਰੀਨਾ ਸ਼ੈਕਲਫੋਰਡ ਨੇ ਕਿਹਾ, 'ਫਲੌਇਡ ਮਿਸ਼ੇਲ ਆਪਣੀ ਇਮਾਨਦਾਰੀ, ਜਵਾਬਦੇਹੀ ਅਤੇ ਨਿਰਪੱਖਤਾ ਲਈ ਜਾਣੇ ਜਾਂਦੇ ਹਨ। ਉਹਨਾਂ ਦਾ ਸਹਿਯੋਗੀ ਸੁਭਾਅ ਬਿਲਕੁਲ ਉਹੀ ਹੈ ਜਿਸਦੀ ਸਾਡਾ ਭਾਈਚਾਰਾ ਉਮੀਦ ਕਰਦਾ ਹੈ।'

ਆਪਣੀ ਨਿਯੁਕਤੀ 'ਤੇ ਬੋਲਦਿਆਂ ਚੀਫ਼ ਮਿਸ਼ੇਲ ਨੇ ਕਿਹਾ 'ਮੈਂ ਫਰੀਮਾਂਟ ਦਾ ਅਗਲਾ ਪੁਲਿਸ ਚੀਫ਼ ਨਿਯੁਕਤ ਹੋਣ 'ਤੇ ਬਹੁਤ ਮਾਣ ਮਹਿਸੂਸ ਕਰ ਰਿਹਾ ਹਾਂ। ਮੇਰੀ ਤਰਜੀਹ ਹਮੇਸ਼ਾ ਡਾਟਾ-ਅਧਾਰਿਤ ਪੁਲਿਸਿੰਗ ਅਤੇ ਭਾਈਚਾਰਕ ਸਾਂਝ ਰਹੀ ਹੈ। ਫਰੀਮਾਂਟ ਦੀ ਸੁਰੱਖਿਆ ਮੇਰੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੋਵੇਗੀ।'

ਸੇਵਾਮੁਕਤੀ: ਮੌਜੂਦਾ ਚੀਫ਼ ਸ਼ੌਨ ਵਾਸ਼ਿੰਗਟਨ, ਜੋ ਅਗਸਤ 2025 ਵਿੱਚ ਸੇਵਾਮੁਕਤ ਹੋਏ ਸਨ।

# ਈਰਾਨ ਦੀ ਨਵੀਂ ਲੀਡਰਸ਼ਿਪ ਗੱਲਬਾਤ ਲਈ ਤਿਆਰ: ਟਰੰਪ

ਫਲੋਰਿਡਾ/ਤੇਹਰਾਨ: ਮੱਧ-ਪੂਰਬ ਵਿੱਚ ਜਾਰੀ ਭਾਰੀ ਤਣਾਅ ਅਤੇ ਆਯਾਤੁੱਲਾ ਅਲੀ ਖਮੇਨੇਈ ਦੀ ਮੌਤ ਤੋਂ ਬਾਅਦ ਇੱਕ ਵੱਡਾ ਸਿਆਸੀ ਉਲਟਫੇਰ ਦੇਖਣ ਨੂੰ ਮਿਲ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਈਰਾਨ ਦੀ ਨਵੀਂ ਲੀਡਰਸ਼ਿਪ ਉਨ੍ਹਾਂ ਨਾਲ ਗੱਲਬਾਤ ਕਰਨਾ ਚਾਹੁੰਦੀ ਹੈ ਅਤੇ ਉਹ ਇਸ ਲਈ ਸਹਿਮਤ ਹੋ ਗਏ ਹਨ।

ਈਰਾਨੀ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਨੇ ਪੁਸ਼ਟੀ ਕੀਤੀ ਹੈ ਕਿ ਖਮੇਨੇਈ ਦੀ ਮੌਤ ਤੋਂ ਬਾਅਦ ਦੇਸ਼ ਦੀ ਵਾਗਡੋਰ ਸੰਭਾਲਣ ਲਈ ਇੱਕ ਲੀਡਰਸ਼ਿਪ ਕੌਂਸਲ ਬਣਾਈ ਗਈ ਹੈ। ਇਸ ਕੌਂਸਲ ਵਿੱਚ ਖੁਦ ਰਾਸ਼ਟਰਪਤੀ, ਨਿਆਂਪਾਲਿਕਾ ਦੇ ਮੁਖੀ ਅਤੇ ਸ਼ਕਤੀਸ਼ਾਲੀ ਗਾਰਡੀਅਨ ਕੌਂਸਲ ਦਾ ਇੱਕ ਮੈਂਬਰ ਸ਼ਾਮਲ ਹੈ, ਜੋ ਅਸਥਾਈ ਤੌਰ 'ਤੇ ਸੁਪਰੀਮ ਲੀਡਰ ਦੀਆਂ ਜ਼ਿੰਮੇਵਾਰੀਆਂ ਨਿਭਾਉਣਗੇ।

ਆਪਣੇ ਫਲੋਰਿਡਾ ਨਿਵਾਸ ਤੋਂ 'ਐਟਲਾਂਟਿਕ' ਮੈਗਜ਼ੀਨ ਨੂੰ ਦਿੱਤੇ ਇੰਟਰਵਿਊ ਵਿੱਚ ਟਰੰਪ ਨੇ ਕਿਹਾ ਕਿ ਈਰਾਨੀ ਆਗੂਆਂ ਨੂੰ ਬਹੁਤ ਪਹਿਲਾਂ ਗੱਲਬਾਤ ਕਰ ਲੈਣੀ ਚਾਹੀਦੀ ਸੀ। ਉਨ੍ਹਾਂ ਖੁਲਾਸਾ ਕੀਤਾ ਕਿ ਜਿਨ੍ਹਾਂ ਲੋਕਾਂ ਨਾਲ ਅਮਰੀਕਾ ਪਹਿਲਾਂ ਸੰਪਰਕ ਵਿੱਚ ਸੀ, ਉਨ੍ਹਾਂ ਵਿੱਚੋਂ ਬਹੁਤੇ ਹੁਣ ਜਿਉਂਦੇ ਨਹੀਂ ਹਨ। ਟਰੰਪ ਨੇ ਕਿਹਾ, 'ਉਹ ਲੋਕ ਜਾ ਚੁੱਕੇ ਹਨ ਕਿਉਂਕਿ ਉਹ ਇੱਕ ਬਹੁਤ ਵੱਡਾ ਹਮਲਾ (Hit) ਸੀ'। ਉਨ੍ਹਾਂ ਅੱਗੇ ਕਿਹਾ ਕਿ ਈਰਾਨੀ ਆਗੂ ਬਹੁਤ ਜ਼ਿਆਦਾ ਚਲਾਕੀ ਦਿਖਾ ਰਹੇ ਸਨ, ਜਦਕਿ ਉਹ ਆਸਾਨੀ ਨਾਲ ਸਮਝੌਤਾ ਕਰ ਸਕਦੇ ਸਨ।

# ਭਾਰਤ-ਕੈਨੇਡਾ ਸੰਬੰਧਾਂ ਦਾ ਨਵਾਂ ਦੌਰ

ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਭਾਰਤ ਯਾਤਰਾ, ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨਾਲ ਵਿਆਪਕ ਪੱਧਰ ’ਤੇ ਹੋਈ ਗੱਲਬਾਤ ਅਤੇ ਦੋਵਾਂ ਦੇਸ਼ਾਂ ਵਿਚਾਲੇ ਹੋਏ ਸਮਝੌਤਿਆਂ ਦੇ ਮੱਦੇਨਜ਼ਰ ਦੋਵਾਂ ਦੇਸ਼ਾਂ ਦੇ ਸੰਬੰਧਾਂ ਦਾ ਇਕ ਨਵਾਂ ਦੌਰ ਆਰੰਭ ਹੋਣ ਦੀਆਂ ਸੰਭਾਵਨਾਵਾਂ ਮਜ਼ਬੂਤ ਹੋ ਗਈਆਂ ਹਨ। ਕਾਰਨੀ ਵਲੋਂ ਆਪਣੇ ਦੇਸ਼ ਦੇ ਪ੍ਰਧਾਨ ਮੰਤਰੀ ਦਾ ਆਹੁਦਾ ਸੰਭਾਲਣ ਤੋਂ ਬਾਅਦ ਅਤੇ ਪਿਛਲੇ 8 ਸਾਲਾਂ ’ਚ ਇਹ ਕੈਨੇਡਾ ਦੇ ਕਿਸੇ ਪ੍ਰਧਾਨ ਮੰਤਰੀ ਦੀ ਭਾਰਤ ਦੀ ਪਹਿਲੀ ਯਾਤਰਾ ਹੈ, ਜਿਸ ਲਈ ਉਹ ਲੰਘੀ 27 ਫਰਵਰੀ ਨੂੰ ਮੁੰਬਈ ਪਹੁੰਚੇ ਸਨ। ਪ੍ਰਧਾਨ ਮੰਤਰੀ ਮੋਦੀ ਨਾਲ ਉਨ੍ਹਾਂ ਦੀ ਗੱਲਬਾਤ ਨਾ ਸਿਰਫ਼ ਆਪਸੀ ਬਹੁਪੱਖੀ ਸੰਬੰਧਾਂ ਨੂੰ ਵਿਆਪਕ ਰੂਪ ਦੇਣ ’ਤੇ ਕੇਂਦਰਿਤ ਰਹੀ, ਸਗੋਂ ਦੋਵਾਂ ਨੇਤਾਵਾਂ ਨੇ ਪ੍ਰਮਾਣੂ ਸਹਿਯੋਗ, ਰੱਖਿਆ ਖੇਤਰ ਤੇ ਦੁਵੱਲੇ ਵਪਾਰਕ ਸੰਬੰਧਾਂ ਨੂੰ ਹੋਰ ਵਿਸਥਾਰ ਦੇਣ ’ਤੇ ਵੀ ਵਿਚਾਰ ਕੀਤਾ। ਦੋਵਾਂ ਦੇਸ਼ਾਂ ਵਿਚਕਾਰ ਯੂਰੇਨੀਅਮ ਸਪਲਾਈ ਲਈ ਇਕ-ਦੂਜੇ ਨਾਲ ਸਹਿਯੋਗ ਕਰਨ ਸੰਬੰਧੀ ਹੋਇਆ ਸਮਝੌਤਾ ਬਹੁਤ ਅਹਿਮ ਮੰਨਿਆ ਜਾ ਰਿਹਾ ਹੈ। ਇਸ ਸਮਝੌਤੇ ਤਹਿਤ ਕੈਨੇਡਾ ਭਾਰਤ ਨੂੰ ਯੂਰੇਨੀਅਮ ਦੀ ਸਪਲਾਈ ਲਈ ਸਹਿਮਤ ਹੋਇਆ ਹੈ ਅਤੇ ਦੋਵੇਂ ਦੇਸ਼ ਪ੍ਰਮਾਣੂ ਊਰਜਾ ਲਈ ਉੱਨਤ ਰਿਐਕਟਰ ਪ੍ਰਾਜੈਕਟ ’ਤੇ ਵੀ ਮਿਲ ਕੇ ਕੰਮ ਕਰਨਗੇ। ਬਿਜਲੀ ਊਰਜਾ ਦੀ ਪੂਰਤੀ ਲਈ ਪ੍ਰਮਾਣੂ ਊਰਜਾ ਅੱਜ ਵਿਸ਼ਵ ਦੀ ਇਕ ਵੱਡੀ ਅਹਿਮ ਲੋੜ ਬਣ ਚੁੱਕੀ ਹੈ। ਇਸ ਲਈ ਦੋਵੇਂ ਨੇਤਾ ਭਾਰਤ-ਕੈਨੇਡਾ ਰੱਖਿਆ ਗੱਲਬਾਤ ਸ਼ੁਰੂ ਕਰਨ ’ਤੇ ਵੀ ਸਹਿਮਤ ਹੋਏ ਹਨ। ਇਸ ਦੇ ਨਾਲ ਹੀ ਕੈਨੇਡਾ ਨੇ ਭਾਰਤ ਦੀ ਪਹਿਲਕਦਮੀ ਨਾਲ ਬਣੇ ਅੰਤਰਰਾਸ਼ਟਰੀ ਸੌਰ ਊਰਜਾ ਅਤੇ ਗਲੋਬਲ ਬਾਇਓਫਿਊਲ ਗੱਠਜੋੜ ਵਿਚ ਸ਼ਾਮਿਲ ਹੋਣ ਦਾ ਵੀ ਫ਼ੈਸਲਾ ਕੀਤਾ ਹੈ। ਇਸ ਸੰਬੰਧੀ ਇਸ ਸਾਲ ਦੋਵਾਂ ਦੇਸ਼ਾਂ ਵਲੋਂ ਨਵੀਨੀਕਰਨ ਊਰਜਾ ਸੰਬੰਧੀ ਇਕ ਸਿਖ਼ਰ ਸੰਮੇਲਨ ਕਰਨ ਬਾਰੇ ਵੀ ਫ਼ੈਸਲਾ ਕੀਤਾ ਗਿਆ ਹੈ।

ਦੋਵਾਂ ਦੇਸ਼ਾਂ ਵਲੋਂ ਵਿਆਪਕ ਆਰਥਿਕ ਸਾਂਝੇਦਾਰੀ ਸਮਝੌਤੇ ਲਈ ਸਹਿਮਤੀ ਪ੍ਰਗਟਾਉਣੀ ਵੀ ਇਸ ਗੱਲਬਾਤ ਦੀ ਇਕ ਵੱਡੀ ਪ੍ਰਾਪਤੀ ਮੰਨੀ ਜਾ ਸਕਦੀ ਹੈ। ਇਸ ਸਮਝੌਤੇ ਤਹਿਤ ਦੋਵੇਂ ਦੇਸ਼ ਸਾਲ 2030 ਤੱਕ ਦੁਵੱਲੇ ਵਪਾਰ ਨੂੰ 50 ਅਰਬ ਡਾਲਰ ਤੱਕ ਵਧਾਉਣ ਲਈ ਸਹਿਮਤ ਹੋਏ ਹਨ। ਅਸੀਂ ਸਮਝਦੇ ਹਾਂ ਕਿ ਦੁਨੀਆ ਅੱਜ ਇਕ ਸੰਸਾਰਿਕ ਪਿੰਡ ਦੇ ਰੂਪ ’ਚ ਸਿਮਟ ਚੁੱਕੀ ਹੈ ਅਤੇ ਹਰ ਦੇਸ਼ ਕਿਸੇ ਨਾ ਕਿਸੇ ਰੂਪ ’ਚ ਦੂਜੇ ਦੇਸ਼ ’ਤੇ ਨਿਰਭਰ ਹੋ ਚੁੱਕਾ ਹੈ। ਇਸ ਕਾਰਨ ਵਿਸ਼ਵ ਦੇ ਬਹੁਤੇ ਦੇਸ਼ ਆਪਸ ’ਚ ਵਪਾਰਕ ਸਮਝੌਤੇ ਕਰ ਰਹੇ ਹਨ। ਬਹੁਤੇ ਵੱਡੇ ਦੇਸ਼ਾਂ ’ਚ ਮੁਕਤ ਵਪਾਰ ਸਮਝੌਤੇ ਵੀ ਹੋਏ ਹਨ। ਭਾਰਤ ਤੇ ਕੈਨੇਡਾ ਵਿਚ ਵਿਆਪਕ ਆਰਥਿਕ ਸਾਂਝੇਦਾਰੀ ਦਾ ਸਮਝੌਤਾ ਵੀ ਕੁਝ ਅਜਿਹਾ ਹੀ ਹੈ। ਦੋਵਾਂ ਦੇਸ਼ਾਂ ਦੇ ਨੇਤਾਵਾਂ ਵਲੋਂ ਭਵਿੱਖ ਵਿਚ ਇਸ ਵਿਆਪਕ ਸਮਝੌਤੇ ਲਈ ਨਿਯਮਾਂ ਤੇ ਸ਼ਰਤਾਂ ਨੂੰ ਅੰਤਿਮ ਰੂਪ ਦੇਣਾ ਸੰਬੰਧਾਂ ਨੂੰ ਬਿਨਾਂ ਸ਼ੱਕ ਹੋਰ ਮਜ਼ਬੂਤ ਕਰੇਗਾ।

ਦੋਵੇਂ ਦੇਸ਼ ਲੋਕਤੰਤਰਿਕ ਪ੍ਰਣਾਲੀ ਵਾਲੇ ਦੇਸ਼ ਹਨ। ਇਸ ਲਈ ਵਿਸ਼ਵ ਵਿਚ ਘਟ ਰਹੀਆਂ ਘਟਨਾਵਾਂ ’ਤੇ ਦੋਵਾਂ ਨੇਤਾਵਾਂ ਦਾ ਚਿੰਤਤ ਹੋਣਾ ਵੀ ਬਹੁਤ ਲਾਜ਼ਮੀ ਹੈ। ਆਪਸੀ ਗੱਲਬਾਤ ’ਚ ਸ੍ਰੀ ਮੋਦੀ ਤੇ ਕਾਰਨੀ ਨੇ ਇਕ ਪਾਸੇ ਜਿੱਥੇ ਪੱਛਮੀ ਏਸ਼ੀਆ ਦੀ ਵਿਸਫੋਟਕ ਬਣ ਰਹੀ ਸਥਿਤੀ ’ਤੇ ਚਿੰਤਾ ਪ੍ਰਗਟਾਈ ਹੈ, ਉੱਥੇ ਉਨ੍ਹਾਂ ਨੇ ਅੱਤਵਾਦ ਤੇ ਕੱਟੜਵਾਦ ’ਤੇ ਵੀ ਸਾਂਝੀ ਚਿੰਤਾ ਜ਼ਾਹਰ ਕੀਤੀ ਹੈ। ਦੋਵਾਂ ਨੇਤਾਵਾਂ ਨੇ ਇਕ-ਦੂਸਰੇ ਦੇਸ਼ ਵਿਚ ਮੌਜੂਦ ਨਾਗਰਿਕਾਂ ਦੀ ਰੱਖਿਆ ਤੇ ਸੁਰੱਖਿਆ ਨੂੰ ਲੈ ਕੇ ਯਕੀਨੀ ਮਾਹੌਲ ਬਣਾਉਣ ’ਤੇ ਜ਼ੋਰ ਵੀ ਦਿੱਤਾ।

ਭਾਰਤ-ਕੈਨੇਡਾ ਦੇ ਆਪਸੀ ਸੰਬੰਧ ਸਦੀਆਂ ਪੁਰਾਣੇ ਹਨ। ਆਜ਼ਾਦੀ ਦੀ ਪ੍ਰਾਪਤੀ ਤੋਂ ਪਹਿਲਾਂ ਵੀ ਦੋਵਾਂ ਦੇਸ਼ਾਂ ਦੇ ਲੋਕਾਂ ਦਾ ਆਪਸੀ ਸੰਪਰਕ ਰਿਹਾ ਹੈ ਪਰ ਕੁਝ ਸਾਲਾਂ ਤੋਂ ਦੋਵਾਂ ਦੇਸ਼ਾਂ ਦੇ ਸੰਬੰਧ ਲਗਾਤਾਰ ਤਣਾਅਪੂਰਨ ਚੱਲੇ ਆ ਰਹੇ ਸਨ। ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀਆਂ ਭਾਰਤ ਪ੍ਰਤੀ ਵਿਵਾਦਤ ਨੀਤੀਆਂ ਅਤੇ ਉਸ ਵਲੋਂ ਕਥਿਤ ਰੂਪ ਨਾਲ ਖ਼ਾਲਿਸਤਾਨੀ ਸਮਰਥਕਾਂ ਨੂੰ ਸਹਿਯੋਗ ਦਿੱਤੇ ਜਾਣ ਨਾਲ ਇਨ੍ਹਾਂ ਸੰਬੰਧਾਂ ’ਚ ਲਗਾਤਾਰ ਖਟਾਸ ਆ ਰਹੀ ਸੀ। ਟਰੂਡੋ ਵਲੋਂ ਕੈਨੇਡਾ ਵਾਸੀ ਭਾਰਤੀ ਮੂਲ ਦੇ ਇਕ ਖ਼ਾਲਿਸਤਾਨੀ ਨੇਤਾ ਦੀ ਹੱਤਿਆ ਵਿਚ ਭਾਰਤ ਦਾ ਹੱਥ ਹੋਣ ਦਾ ਸਿੱਧਾ ਦੋਸ਼ ਲਾਏ ਜਾਣ ਮਗਰੋਂ ਤਾਂ ਇਹ ਸੰਬੰਧ ਟੁੱਟਣ ਕਿਨਾਰੇ ਪਹੁੰਚੇ ਚੁੱਕੇ ਸਨ।

ਪਰ ਹੁਣ ਮਾਰਕ ਕਾਰਨੀ ਵਲੋਂ ਬੀਤੇ ਨੂੰ ਦਰਕਿਨਾਰ ਕਰਨ ਅਤੇ ਭਾਰਤ ਨਾਲ ਸਹਿਯੋਗ ਵਧਾਉਣ ਵਾਲੀਆਂ ਨੀਤੀਆਂ ਆਪਣਾਏ ਜਾਣ ਨਾਲ ਦੋਵਾਂ ਦੇਸ਼ਾਂ ਦੇ ਸੰਬੰਧ ਮੁੜ ਤੋਂ ਲੀਹ ’ਤੇ ਆਉਣੇ ਸ਼ੁਰੂ ਹੋ ਗਏ ਹਨ। ਕਾਰਨੀ ਦੀ ਭਾਰਤ ਯਾਤਰਾ ਤੇ ਇਸ ਦੌਰਾਨ ਉਸ ਵਲੋਂ ਦਿਖਾਈ ਗਈ ਸਦਭਾਵਨਾ ਨਾਲ ਦੋਵਾਂ ਦੇਸ਼ਾਂ ਵਿਚ ਇਕ ਨਵੇਂ ਯੁੱਗ ਦੀ ਸ਼ੁਰੂਆਤ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਕਾਰਨੀ ਵਲੋਂ ਇਸ ਯਾਤਰਾ ਦੌਰਾਨ ਹੁਣ ਕੈਨੇਡਾ ਦੀ ਧਰਤੀ ’ਤੇ ਕਿਸੇ ਅਪਰਾਧ ’ਚ ਭਾਰਤ ਦਾ ਹੱਥ ਨਾ ਹੋਣ ਦੇ ਕੀਤੇ ਐਲਾਨ ਨੇ ਤਾਂ ਪਿਛਲਾ ਸਭ ਕੁਝ ਭੁਲਾ ਦਿੱਤਾ ਹੈ। ਹੁਣ ਕਾਰਨੀ ਨੇ ਭਾਰਤ ਨਾਲ ਸੰਬੰਧਾਂ ਨੂੰ ਲੈ ਕੇ ਜੋ ਨਵੀਂ ਇਬਾਰਤ ਲਿਖੀ ਹੈ, ਭਾਰਤ ਨੂੰ ਵੀ ਉਸ ਦੇ ਅੰਦਰੂਨੀ ਅਰਥਾਂ ਤੇ ਭਾਵਨਾ ਨੂੰ ਸਮਝਦੇ ਹੋਏ, ਉਸੇ ਤਰ੍ਹਾਂ ਦੀ ਪ੍ਰਤੀਕਿਰਿਆ ਦੇਣੀ ਚਾਹੀਦੀ ਹੈ। ਉਂਝ ਵੀ ਮੱਧ ਪੂਰਬ ਦੀਆਂ ਘਟਨਾਵਾਂ ਤੇ ਵਿਸ਼ਵ ਪੱਧਰ ’ਤੇ ਚੱਲ ਰਹੀਆਂ ਜੰਗਾਂ ਵਿਚਾਲੇ ਭਾਰਤ-ਕੈਨੇਡਾ ਸੰਬੰਧਾਂ ਦਾ ਇਹ ਨਵਾਂ ਦੌਰ ਦੋਵਾਂ ਦੇਸ਼ਾਂ ਖ਼ਾਸ ਕਰਕੇ ਭਾਰਤ ਲਈ ਬੇਹੱਦ ਬਿਹਤਰ ਰਹਿਣ ਦੀ ਸੰਭਾਵਨਾ ਹੈ। ਦੋਵਾਂ ਦੇਸ਼ਾਂ ਵਿਚ ਦੋਸਤਾਨਾ ਸੰਬੰਧਾਂ ਦਾ ਪ੍ਰਭਾਵ ਕੈਨੇਡਾ ’ਚ ਸਿੱਖਿਆ ਤੇ ਰੁਜ਼ਗਾਰ ਲਈ ਜਾਣ ਵਾਲੇ ਨੌਜਵਾਨਾਂ ਲਈ ਵੀ ਲਾਭਦਾਇਕ ਸਿੱਧ ਹੋਵੇਗਾ।

# ਭਾਰਤ ਦੇ ਏਆਈ ਵੱਲ ਵਧਦੇ ਕਦਮ

ਨਵੀਂ ਦਿੱਲੀ ’ਚ ਕਰਵਾਈ ਇੰਡੀਆ ਏਆਈ ਇੰਪੈਕਟ ਸਮਿਟ ਸਿਰਫ਼ ਇਕ ਸ਼ਿਖਰ ਸੰਮੇਲਨ ਨਾ ਹੋ ਕੇ ਆਰਟੀਫੀਸ਼ਿਅਲ ਇੰਟੈਲੀਜੈਂਸ ਭਾਵ ਏਆਈ ’ਤੇ ਵਿਸ਼ਵ ਪੱਧਰੀ ਚਰਚਾ ਨੂੰ ਨਵੀਂ ਦਿਸ਼ਾ ਦੇਣ ਵਾਲਾ ਬਹੁਤ ਹੀ ਅਹਿਮ ਪੜਾਅ ਬਣਿਆ। ਇਹ ਸੰਮੇਲਨ ਏਆਈ ਦੇ ਮੋਰਚੇ ’ਤੇ ਆਕਾਰ ਲੈ ਰਹੀਆਂ ਭੂਗੋਲਿਕ, ਸਿਆਸੀ ਅਤੇ ਮਨੋਵਿਗਿਆਨਕ ਤਬਦੀਲੀਆਂ ਨੂੰ ਪ੍ਰਦਰਸ਼ਿਤ ਕਰਨ ਦੇ ਮੰਚ ਦੇ ਰੂਪ ’ਚ ਵੀ ਉੱਭਰਿਆ।

ਪਿਛਲੇ ਦਿਨੀਂ ਏਆਈ ਸੰਮੇਲਨਾਂ ਦੇ ਕੇਂਦਰ ’ਚ ਸੁਰੱਖਿਆ, ਹੋਂਦ ਸਬੰਧੀ ਜੋਖ਼ਮ ਤੇ ਰੈਗੂਲੇਸ਼ਨ ਦੀ ਚਿੰਤਾ ਵਰਗੇ ਮੁੱਦੇ ਹੀ ਛਾਏ ਰਹੇ। ਬ੍ਰਿਟੇਨ ’ਚ ਕਰਵਾਏ ਅਜਿਹੇ ਪਹਿਲੇ ਮੁੱਖ ਸੰਮਲੇਨ ਨੂੰ ਜਿੱਥੇ ਏਆਈ ਸੁਰੱਖਿਆ ਸਮਿਟ ਦਾ ਨਾਂ ਦਿੱਤਾ ਗਿਆ ਤਾਂ ਨਵੀਂ ਦਿੱਲੀ ’ਚ ਇਸ ਦੇ ਨਾਮਕਰਨ ’ਚ ਅਸਰ ਸ਼ਬਦ ਨੂੰ ਸ਼ਾਮਲ ਕੀਤਾ ਗਿਆ। ਇਹ ਵੀ ਭਾਰਤ ਦੀ ਵੱਡੀ ਉਪਲੱਬਧੀ ਕਹੀ ਜਾ ਸਕਦੀ ਹੈ, ਕਿਉਂਕਿ ਪ੍ਰਭਾਵ ਦਾ ਅਰਥ ਬਹੁਤ ਵਿਆਪਕ ਹੁੰਦਾ ਹੈ। ਭਾਵ ਇਹ ਤਕਨੀਕ ਕਿਵੇਂ ਆਪਣੀ ਉਪਯੋਗਿਤਾ ਨਾਲ ਪ੍ਰਭਾਵਿਤ ਕਰ ਸਕਦੀ ਹੈ ਤੇ ਇਸ ਤੱਕ ਸਭ ਦੀ ਸਮਾਵੇਸ਼ੀ ਪਹੁੰਚ ਕਿਵੇਂ ਯਕੀਨੀ ਬਣੇ।

ਕਈ ਦਿੱਗਜ ਸੰਸਥਾਨਾਂ ਦੇ ਸਰਵੇਖਣਾਂ ’ਚ ਇਹ ਸਾਹਮਣੇ ਆਇਆ ਹੈ ਕਿ ਭਾਰਤ ਤੇ ਚੀਨ ਵਰਗੇ ਦੇਸ਼ਾਂ ’ਚ ਏਆਈ ਦੇ ਪ੍ਰਤੀ 88 ਫ਼ੀਸਦੀ ਤੱਕ ਦੀ ਸਕਾਰਾਤਮਕ ਭਾਵਨਾ ਹੈ। ਇਸ ਦੇ ਉਲਟ ਪੱਛਮੀ ਯੂਰਪ ਤੇ ਅਮਰੀਕਾ ਦੇ ਕੁਝ ਹਿੱਸਿਆਂ ’ਚ ਇਸ ਨੂੰ ਲੈ ਕੇ ਚੌਕਸੀ ਅਤੇ ਸ਼ੱਕ ਦਾ ਅਸਰ ਦਿਖਾਈ ਦਿੰਦਾ ਹੈ। ਵਿਕਸਤ ਅਰਥਚਾਰਿਆਂ ’ਚ ਏਆਈ ਨੇ ਕੁਝ ਸਥਾਪਿਤ ਰਵਾਇਤੀ ਪੇਸ਼ਿਆਂ ਲਈ ਖ਼ਤਰੇ ਦੀ ਘੰਟੀ ਬਜਾਈ ਹੈ ਤਾਂ ਉੱਭਰਦੇ ਅਰਥਚਾਰਿਆਂ ’ਚ ਇਸ ਨੂੰ ਮੌਕੇ ਦੇ ਰੂਪ ’ਚ ਦੇਖਿਆ ਜਾ ਰਿਹਾ ਹੈ। ਇਸ ਸਬੰਧ ’ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਠੀਕ ਹੀ ਕਿਹਾ ਹੈ ਕਿ ਕੁਝ ਪੱਖ ਏਆਈ ’ਚ ਡਰ ਦੇਖਦੇ ਹਨ ਤੇ ਭਾਰਤ ਇਸ ’ਚ ਆਪਣਾ ਭਵਿੱਖ ਦੇਖਦਾ ਹੈ।

ਏਆਈ ਨਾਲ ਜੁੜੀਆਂ ਭਾਰਤ ਦੀਆਂ ਉਮੀਦਾਂ ਇਸ ਦੇ ਤਜਰਬਿਆਂ ਤੋਂ ਹੀ ਪੈਦਾ ਹੋਈਆਂ ਹਨ। ਜਿਵੇਂ ਆਧਾਰ ਤੇ ਯੂਪੀਆਈ ਵਰਗੇ ਡਿਜੀਟਲ ਪਬਲਿਕ ਇਨਫਰਾਸਟ੍ਰਕਚਰ ਨੇ ਅਦਾਇਗੀ, ਪਛਾਣ ਤੇ ਵੈਰੀਫਿਕੇਸ਼ਨ ’ਚ ਸਾਰੇ ਅੜਿੱਕਿਆਂ ਨੂੰ ਦੂਰ ਕਰਦੇ ਹੋਏ ਰੋਜ਼ਾਨਾ ਜੀਵਨ ਨੂੰ ਬਹੁਤ ਆਸਾਨ ਬਣਾਇਆ ਹੈ। ਇਹ ਇਸ ਦੀ ਤਾਜ਼ਾ ਮਿਸਾਲ ਹੈ ਕਿ ਕੋਈ ਤਕਨੀਕ ਕਿਵੇਂ ਲਾਗਤ ਨੂੰ ਘਟਾ ਕੇ ਸਮਰੱਥਾ ਨੂੰ ਵਧਾ ਸਕਦੀ ਹੈ। ਸੁਭਾਵਿਕ ਹੈ ਕਿ ਭਾਰਤ ਆਪਣੀ ਇਸ ਕਾਮਯਾਬੀ ਨੂੰ ਅਗਲੇ ਪੱਧਰ ’ਤੇ ਲਿਜਾਣਾ ਚਾਹੁੰਦਾ ਹੈ। ਇਸੇ ਕੜੀ ’ਚ ਉਸ ਨੇ ਏਆਈ ਸਮਿਟ ’ਚ ਸਿਹਤ, ਖੇਤੀ, ਸਿੱਖਿਆ ਤੇ ਸ਼ਾਸਨ ’ਚ ਸਮਾਵੇਸ਼ਨ ਨੂੰ ਵਧਾਉਣ ਲਈ ਡਿਜੀਟਲ ਪਬਲਿਕ ਇਨਫਰਾਸਟ ?ਰਕਚਰ ਦੀ ਏਆਈ ਦੇ ਨਾਲ ਜੁਗਲਬੰਦੀ ਦਾ ਖਾਕਾ ਪੇਸ਼ ਕੀਤਾ।

ਪਿਛਲੇ ਏਆਈ ਸੰਮੇਲਨਾਂ ’ਚ ਗੱਲਬਾਤ ਦਾ ਕੇਂਦਰ ਬਿੰਦੂ ਸੁਰੱਖਿਆ ਸਬੰਧੀ ਤਰਜੀਹਾਂ ਰਿਹਾ, ਜਦਕਿ ਨਵੀਂ ਦਿੱਲੀ ਘੋਸ਼ਣਾ ਪੱਤਰ ਮਜ਼ਬੂਤ ਡਿਜੀਟਲ ਇਨਫਰਾਸਟ੍ਰਕਚਰ, ਸਸਤੀ ਕੁਨੈਕਟੀਵਿਟੀ ਤੇ ਕਾਰਜਬਲ ਸਿਖਲਾਈ ’ਤੇ ਜ਼ੋਰ ਦਿੰਦਾ ਹੈ। ਇਸ ’ਚ ਇਹ ਮਨਜ਼ੂਰੀ ਪ੍ਰਦਾਨ ਕੀਤੀ ਗਈ ਹੈ ਕਿ ਸਾਰਥਕ ਏਆਈ ਹਿੱਸੇਦਾਰੀ ਲਈ ਕੰਪਿਊਟਿੰਗ ਸ਼ਕਤੀ, ਇੰਟਰਨੈਟ ਪਹੁੰਚ ਤੇ ਹੁਨਰਮੰਦ ਲੋਕਾਂ ਦੀ ਜ਼ਰੂਰਤ ਹੁੰਦੀ ਹੈ। ਇਹ ਵਾਜਬ ਸਥਾਨਾਂ ’ਤੇ ਓਪਨ-ਸੋਰਸ ਏਆਈ



ਦਾ ਸਮਰਥਨ ਵੀ ਕਰਦਾ ਹੈ। ਇਸ ਦੇ ਪਿੱਛੇ ਇਹੀ ਸੋਚ ਰਹੀ ਕਿ ਕਈ ਦੇਸ਼ ਆਪਣੇ ਤੰਤਰ ਨੂੰ ਸਿਫ਼ਰ ਤੋਂ ਖੜ੍ਹਾ ਕਰਨ ਦੀ ਸਥਿਤੀ ’ਚ ਨਹੀਂ ਹਨ ਤਾਂ ਉਨ੍ਹਾਂ ਲਈ ਕੁਝ ਗੁੰਜਾਇਸ਼ ਤਾਂ ਮਿਲਣੀ ਹੀ ਚਾਹੀਦੀ ਹੈ। ਬਿਨਾਂ ਸ਼ੱਕ ਏਆਈ ਨਾਲ ਜੁੜੇ ਆਪਣੇ ਜੋਖ਼ਮ ਵੀ ਹਨ, ਪਰ ਭਾਰਤ ਨੇ ਆਪਣੇ ਨਜ਼ਰੀਏ ’ਚ ਉਸ ਦੀ ਵਿਹਾਰਕ ਪਹੁੰਚ ’ਤੇ ਧਿਆਨ ਕੇਂਦਰਿਤ ਕੀਤਾ ਹੈ।

ਭਾਗੀਦਾਰੀ ਅਤੇ ਮਨਜ਼ੂਰੀ ਦੇ ਨਜ਼ਰੀਏ ਨਾਲ ਵੀ ਸੰਮੇਲਨ ਸਫ਼ਲ ਰਿਹਾ। ਵੰਡੇ ਹੋਏ ਭੂ-ਸਿਆਸੀ ਮਾਹੌਲ ’ਚ ਵੀ ਨਵੀਂ ਦਿੱਲੀ ਘੋਸ਼ਣਾ ਪੱਤਰ ’ਤੇ 80 ਤੋਂ ਵੱਧ ਦੇਸ਼ਾਂ ਅਤੇ ਵਿਸ਼ਵ ਪੱਧਰੀ ਸੰਗਠਨਾਂ ਦੇ ਹਸਤਾਖਰ ਇਸ ਦੀ ਕਾਮਯਾਬੀ ਨੂੰ ਰੇਖਾਂਕਿਤ ਕਰਦੇ ਹਨ। ਇਹ ਸਹੀ ਹੈ ਕਿ ਜਿਨ੍ਹਾਂ ਐਲਾਨਾਂ ’ਤੇ ਸਹਿਮਤੀ ਬਣੀ, ਉਹ ਜ਼ਰੂਰੀ ਨਹੀਂ ਹਨ, ਪਰ ਯਾਦ ਰਹੇ ਕਿ ਕਿਸੇ ਵੀ ਵਿਵਸਥਾ ਦੇ ਆਕਾਰ ਲੈਣ ’ਚ ਉਸ ’ਤੇ ਸਹਿਮਤੀ ਬਣਨਾ ਜ਼ਰੂਰੀ ਹੁੰਦਾ ਹੈ।

ਉਸ ਤੋਂ ਬਾਅਦ ਹੀ ਕਾਨੂੰਨੀ ਢਾਂਚਾ ਆਕਾਰ ਲੈਂਦਾ ਹੈ। ਆਰਥਕ ਪਹਿਲੂਆਂ ’ਤੇ ਵੀ

**ਆਦਿੱਤਿਆ ਸਿਨਹਾ**

ਪ੍ਰਗਤੀ ਦੇਖਣ ਨੂੰ ਮਿਲੀ ਹੈ। ਇਸ ’ਚ 400 ਅਰਬ ਡਾਲਰ ਤੋਂ ਵੱਧ ਦੀਆਂ ਨਿਵੇਸ਼ ਵਚਨਬੱਧਤਾਵਾਂ ਜ਼ਾਹਰ ਕੀਤੀਆਂ ਗਈਆਂ ਹਨ। ਇਸ ’ਚ 250 ਅਰਬ ਡਾਲਰ ਦਾ ਨਿਵੇਸ਼ ਬੁਨਿਆਦੀ ਢਾਂਚੇ ਸਬੰਧੀ ਜ਼ਰੂਰਤਾਂ ਤੇ 150 ਅਰਬ ਡਾਲਰ ਤਕਨੀਕੀ ਪੂੰਜੀ ਨਾਲ ਜੁੜਿਆ ਹੋਵੇਗਾ। ਏਆਈ ਕੰਪਿਊਟਿੰਗ ਸਮਰੱਥਾ, ਡਾਟਾ ਕੇਂਦਰਾਂ, ਸੈਮੀਕੰਡਕਟਰਜ਼ ਤੇ ਪਾਵਰ ਸਿਸਟਮ ਦੀ ਜ਼ਰੂਰਤ ਕਿਸੇ ਤੋਂ ਲੁਕੀ ਨਹੀਂ ਹੈ।

ਇਸ ਸਿਲਸਿਲੇ ’ਚ ਭਾਰਤ ਨੇ ਇਸ ਸਾਲ ਦੇ ਅੰਤ ਤੱਕ ਇਕ ਲੱਖ ਜੀਪੀਯੂ (ਗ੍ਰਾਫਿਕਸ ਪ੍ਰੋਸੈਸਿੰਗ ਯੂਨਿਟ) ਦੀ ਦਿਸ਼ਾ ’ਚ ਕਦਮ ਵਧਾ ਕੇ ਵਿਸਥਾਰਤ ਇੰਡੀਆ ਏਆਈ ਮਿਸ਼ਨ ਦੇ ਤਹਿਤ ਯੋਜਨਾਵਾਂ ਦਾ ਐਲਾਨ ਕਰ ਕੇ ਆਪਣੀ ਗੰਭੀਰਤਾ ਦਾ ਸੰਕੇਤ ਦਿੱਤਾ। ਕੰਪਿਊਟਿੰਗ ਦੇ ਦਮ ’ਤੇ ਹੀ ਏਆਈ ਦਾ ਆਪਣਾ ਇਕੋਸਿਸਟਮ ਵਿਕਸਤ ਹੋ ਸਕਦਾ ਹੈ। ਨਹੀਂ ਤਾਂ ਸਾਰੀਆਂ ਗੱਲਾਂ ਸਿਧਾਂਤਕ ਬਣ ਕੇ ਰਹਿ ਜਾਂਦੀਆਂ ਹਨ।

ਇਕ ਪਾਸੇ ਮਹੱਤਵਪੂਰਨ ਯੋਗਦਾਨ ਮਾਨਵ (ਐੱਮਏਐੱਨਏਵੀ) ਦਾ ਜ਼ਿਕਰ ਰਿਹਾ। ਇਸ ਦਾ ਮਤਲਬ ਹੈ ਨੈਤਿਕ ਪ੍ਰਣਾਲੀ, ਜਵਾਬਦੇਹ ਸ਼ਾਸਨ, ਰਾਸ਼ਟਰੀ ਪ੍ਰਭੂਸੱਤਾ, ਆਸਾਨ ਏਆਈ ਤੇ ਵੈਧ ਪ੍ਰਣਾਲੀ। ਇਹ ਮਾਨਵ-ਕੇਂਦਰਿਤ ਨਜ਼ਰੀਆ ਆਸ਼ਾਵਾਦ ਤੇ ਜਵਾਬਦੇਹੀ ਦੇ ਵਿਚਾਲੇ ਸੰਤੁਲਨ ਸਥਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ।

ਇਹ ਇਸ ’ਤੇ ਜ਼ੋਰ ਦਿੰਦਾ ਹੈ ਕਿ ਏਆਈ ਪ੍ਰਣਾਲੀਆਂ ਕਾਨੂੰਨੀ, ਜਮਹੂਰੀ ਕਦਰਾਂ ਕੀਮਤਾਂ ਦੇ ਮੁਤਾਬਕ ਅਤੇ ਵਿਆਖਿਆ ਦੀ ਨਜ਼ਰ ਨਾਲ ਆਸਾਨ ਹੋਣੀਆਂ ਚਾਹੀਦੀਆਂ ਹਨ। ਸੰਮੇਲਨ ਨੇ ਕੁਝ ਇੱਛਕ ਰੂਪ-ਰੇਖਾਵਾਂ ਵੀ ਤੈਅ ਕੀਤੀਆਂ ਹਨ।ਜਿਵੇਂ ਏਆਈ ਦੇ ਜਮਹੂਰੀ ਪ੍ਰਸਾਰ ਲਈ ਇਕ ਚਾਰਟਰ, ਸਫ਼ਲ ਤਜਰਬਿਆਂ ਨੂੰ ਅਪਨਾਉਣ ਲਈ ਵਿਸ਼ਵਾਸਯੋਗ ਤੌਰ-ਤਰੀਕੇ ਅਤੇ ਮਾਪਦੰਡ। ਅਜਿਹੀ ਪਹਿਲ ਉਨ੍ਹਾਂ ਸੰਸਥਾਗਤ ਢਾਂਚਿਆਂ ਦੀ ਨੀਂਹ ਰੱਖਦੀ ਹੈ ਜੋ ਸਮੇਂ ਦੇ ਨਾਲ ਹੋਰ ਤਜਰਬੇਕਾਰ ਹੋ ਸਕਦੇ ਹਨ। ਧਿਆਨ ਰੱਖਣਾ ਪਵੇਗਾ ਕਿ ਜੋ ਦੇਸ਼ ਇਸ ਦੇ ਮਾਪਦੰਡਾਂ ਨੂੰ ਆਕਾਰ ਦੇਣਗੇ, ਉਹੀ ਲਾਭ ਤੇ ਜੋਖ਼ਮਾਂ ਨੂੰ ਵੀ ਤੈਅ ਕਰਨਗੇ।

ਇਸ ਦਿਸ਼ਾ ’ਚ ਜੇ ਏਆਈ ਕੁਝ ਕੰਪਨੀਆਂ ਜਾਂ ਦੇਸ਼ਾਂ ’ਚ ਕੇਂਦਰਿਤ ਰਹਿੰਦੀ ਹੈ ਤਾਂ ਅਸਮਾਨਤਾ ਵਧ ਸਕਦੀ ਹੈ। ਜੇ ਇਹ ਆਸਾਨ ਬੁਨਿਆਦੀ ਢਾਂਚਾ ਬਣਦੀ ਹੈ, ਤਾਂ ਮੌਕਿਆਂ ਦਾ ਵਿਸਥਾਰ ਹੋ ਸਕਦਾ ਹੈ। ਸ਼ਿਖਰ ਸੰਮੇਲਨ ਦੀ ਕਾਮਯਾਬੀ ਤਿੰਨ ਖੇਤਰਾਂ ’ਚ ਸ਼ਾਮਲ ਹੈ। ਪਹਿਲਾ, ਇਸ ਨੇ ਏਆਈ ਦੇ ਮੋਰਚੇ ’ਤੇ ਹੁਣ ਤੱਕ ਦਾ ਸਭ ਤੋਂ ਵਿਆਪਕ ਗੱਠਜੋੜ ਤਿਆਰ ਕੀਤਾ। ਦੂਜਾ, ਇਸ ਨੇ ਨੀਤੀਗਤ ਖਾਹਿਸ਼ ਦਾ ਪੁਖ਼ਤਾ ਨਿਵੇਸ਼ ਵਚਨਬੱਧਤਾਵਾਂ ਦੇ ਨਾਲ ਤਾਲਮੇਲ ਬਣਾਇਆ।

ਤੀਜਾ, ਇਸ ਨੇ ਅਜਿਹਾ ਨੈਰੇਟਿਵ ਪੇਸ਼ ਕੀਤਾ ਜੋ ਇਕ ਦੂਜੇ ਨੂੰ ਵਿਰੋਧ ’ਚ ਖੜ੍ਹਾ ਕਰਨ ਦੀ ਥਾਂ ਨਵੀਨਤਾ ਨੂੰ ਸਮਾਵੇਸ਼ਨ ਦੇ ਨਾਲ ਜੋੜਦਾ ਹੈ। ਇਸ ਸੰਦਰਭ ’ਚ ਹੁਣ ਭਵਿੱਖ ਦੀ ਚੁਣੌਤੀ ਇਹੀ ਹੈ ਕਿ ਨਵੀਨਤਾ ਦੀ ਤੇਜ਼ੀ ਨੂੰ ਬਣਾਈ ਰੱਖਦੇ ਹੋਏ ਮਜ਼ਬੂਤ ਜਵਾਬਦੇਹੀ ਯਕੀਨੀ ਬਣਾਈ ਜਾਵੇ। ਜੇ ਭਾਰਤ ਇਸ ਸੰਤੁਲਨ ਨੂੰ ਕਾਇਮ ਰੱਖ ਸਕਦਾ ਹੈ ਤਾਂ ਇੰਡੀਆ ਏਆਈ ਇੰਪੈਕਟ ਸਮਿਟ 2026 ਨੂੰ ਉਸ ਪਲ? ਦੇ ਰੂਪ ’ਚ ਯਾਦ ਕੀਤਾ ਜਾ ਸਕਦਾ ਹੈ ਜਦ ਵਿਸ਼ਵ ਪੱਧਰੀ ਏਆਈ ਸ਼ਾਸਨ-ਸੰਚਾਲਨ ਦਾ ਕੇਂਦਰ ਬਿੰਦੂ ਵਿਆਪਕ ਹਿੱਸੇਦਾਰੀ ਵੱਲ ਤਬਦੀਲ ਹੋਣਾ ਸ਼ੁਰੂ ਹੋਇਆ।

ਸਾਡੇ ਲੋਕ
SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



LM Trans
LM RANS
Georgia
NC, SC, GA, FL, AL, LA, MS to CA, AZ, NV,
CA, AZ, NV to NC, SC, GA, FL, AL, LA, MS
• ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
• ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
• ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
• ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।
ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ
Lokesh Kumar
470 334 0020
7437 avalon blvd, alpharetta, ga 30022
lmtrans868@gmail.com

# ਅਮਰੀਕਾ 'ਚ ਈਰਾਨ ਹਮਲੇ ਦੇ ਵਿਰੋਧ 'ਚ ਗੋਲੀਬਾਰੀ; ਭਾਰਤੀ ਵਿਦਿਆਰਥਣ ਸਮੇਤ 4 ਦੀ ਹੱਤਿਆ

ਟੈਕਸਾਸ : ਟੈਕਸਾਸ 'ਚ ਈਰਾਨੀ ਚਿੰਨ੍ਹ ਪਹਿਨੇ ਇੱਕ ਵਿਅਕਤੀ ਨੇ ਯੁੱਧ ਦੇ ਜਵਾਬ 'ਚ ਗੋਲੀਬਾਰੀ ਕੀਤੀ। ਅਮਰੀਕਾ ਦੇ ਆਸਟਿਨ ਸ਼ਹਿਰ 'ਚ ਇੱਕ ਬਾਰ ਦੇ ਬਾਹਰ ਹੋਈ ਗੋਲੀਬਾਰੀ 'ਚ 4 ਜਣੇ ਮਾਰੇ ਗਏ, ਜਿਨ੍ਹਾਂ 'ਚ 21 ਸਾਲਾ ਭਾਰਤੀ-ਅਮਰੀਕੀ ਵਿਦਿਆਰਥਣ ਵੀ ਸ਼ਾਮਲ ਹੈ। ਇਸ ਘਟਨਾ ਦੀ ਜਾਂਚ ਸੰਭਾਵੀ ਅੱਤਵਾਦੀ ਹਮਲੇ ਵਜੋਂ ਕੀਤੀ ਜਾ ਰਹੀ ਹੈ। ਆਸਟਿਨ 'ਚ ਰਹਿੰਦੀ ਅਤੇ ਟੈਕਸਾਸ ਯੂਨੀਵਰਸਿਟੀ 'ਚ ਪੜ੍ਹ ਰਹੀ ਵਿਦਿਆਰਥਣ ਸਵਿਤਾ ਸ਼ਾਨ ਬੀਤੇ ਐਤਵਾਰ ਵੈਸਟ ਸਿਕਸਥ ਸਟ ?ਰੀਟ ਦੇ ਭੀੜ-ਭੜੱਕੇ ਵਾਲੇ ਇਲਾਕੇ 'ਚ ਹਮਲਾਵਾਰ ਵੱਲੋਂ ਕੀਤੀ ਗਈ ਅੰਨ੍ਹੇਵਾਹ ਗੋਲੀਬਾਰੀ 'ਚ ਮਾਰੀ ਗਈ। ਸਵਿਤਾ ਗ੍ਰੈਜੂਏਸ਼ਨ ਕਰ ਰਹੀ ਸੀ। ਯੂਨੀਵਰਸਿਟੀ ਅਧਿਕਾਰੀਆਂ ਨੇ ਉਸ ਨੂੰ ਮੈਨੇਜਮੈਂਟ ਸੂਚਨਾ ਪ੍ਰਣਾਲੀ ਅਤੇ ਅਰਥ ਸ਼ਾਸਤਰ ਦੀ ਬਿਹਤਰੀਨ ਵਿਦਿਆਰਥਣ ਦੱਸਿਆ ਸੀ। ਐੱਫ.ਬੀ.ਆਈ. ਦੀ ਸਾਂਝੀ ਅੱਤਵਾਦੀ ਟਾਸਕ ਫੋਰਸ ਦੀ ਅਗਵਾਈ ਹੇਠ ਫੈਡਰਲ ਅਥਾਰਿਟੀ ਘਟਨਾ ਦੀ ਜਾਂਚ ਕਰ ਰਹੀ ਹੈ। ਹਮਲੇ ਦਾ ਸ਼ੱਕੀ 53 ਸਾਲਾ ਡਿਆਗਾ ਡਿਆਗਨੇ, ਸੈਨੇਗਲ ਮੂਲ ਦਾ ਅਮਰੀਕੀ ਨਾਗਰਿਕ ਸੀ, ਜੋ ਪੁਲਿਸ ਕਾਰਵਾਈ 'ਚ ਘਟਨਾ ਸਥਾਨ 'ਤੇ ਮਾਰਿਆ ਗਿਆ। ਉਸ ਨੇ ਈਰਾਨੀ ਝੰਡੇ ਅਤੇ ਅੱਲ੍ਹਾ ਦੀ ਜਾਇਦਾਦ" ਸ਼ਬਦਾਂ ਵਾਲੀ ਟੀ-ਸ਼ਰਟ ਪਾਈ ਹੋਈ ਸੀ। ਗੋਲੀਬਾਰੀ 'ਚ 14 ਜਣੇ ਜ਼ਖ਼ਮੀ ਵੀ ਹੋਏ, ਜਿਨ੍ਹਾਂ 'ਚ ਜ਼ਿਆਦਾਤਰ ਵਿਦਿਆਰਥੀ ਸਨ। ਆਸਟਿਨ ਦੀ ਪੁਲਿਸ ਮੁਖੀ ਲਿਜ਼ਾ ਡੇਵਿਸ ਨੇ ਪ੍ਰੈੱਸ ਵਾਰਤਾ 'ਚ ਘਟਨਾ ਸਥਾਨ 'ਤੇ ਮਾਰੇ ਗਏ ਦੋ ਜਣਿਆਂ ਦੀ ਪਛਾਣ ਰਾਈਡਰ ਹੈਰਿੰਗਟਨ (19) ਅਤੇ ਸ਼ਾਨ ਵਜੋਂ ਕੀਤੀ ਹੈ। ਇਸ ਘਟਨਾ ਮਗਰੋਂ ਟੈਕਸਸ 'ਚ ਭਾਰਤੀ-ਅਮਰੀਕੀ ਭਾਈਚਾਰਾ ਸੋਗ 'ਚ ਹੈ। ਇਸ ਹੱਤਿਆ ਨੇ ਆਸਟਿਨ ਦੇ ਵੱਡੇ ਭਾਰਤੀ ਪ੍ਰਵਾਸੀ ਭਾਈਚਾਰੇ, ਖਾਸ ਤੌਰ 'ਤੇ ਵਿਦਿਆਰਥਣਾਂ ਤੇ 'ਸਿਲੀਕਾਨ ਹਿੱਲਜ਼' ਖਿੱਤੇ 'ਚ ਕੰਮ ਕਰਦੇ ਤਕਨੀਕੀ ਪੇਸ਼ੇਵਰਾਂ ਨੂੰ ਹਿਲਾ ਦਿੱਤਾ ਹੈ। ਟੈਕਸਸ ਯੂਨੀਵਰਸਿਟੀ ਦੇ ਬੁਲਾਰੇ ਨੇ ਪੁਸ਼ਟੀ ਕੀਤੀ ਕਿ ਸ਼ਾਨ ਦਾ ਉਪ ਨਾਂ ਸ਼ਣਮੁਗਸੁੰਦਰਮ ਸੀ।



ਅਮਰੀਕਾ ਅਤੇ ਇਜ਼ਰਾਈਲ ਵੱਲੋਂ ਸ਼ਨੀਵਾਰ ਨੂੰ ਈਰਾਨ 'ਤੇ ਬੰਬਾਰੀ ਸ਼ੁਰੂ ਕਰਨ ਤੋਂ ਬਾਅਦ ਅੱਤਵਾਦ ਦੇ ਡਰ ਕਾਰਨ ਪੂਰੇ ਅਮਰੀਕਾ ਵਿਚ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਹਾਈ ਅਲਰਟ 'ਤੇ ਰੱਖਿਆ ਗਿਆ ਹੈ। ਐੱਫ.ਬੀ.ਆਈ. ਡਾਇਰੈਕਟਰ ਕਾਸ਼ ਪਟੇਲ ਨੇ ਸੋਸ਼ਲ ਮੀਡੀਆ ਸਾਈਟ ਐਕਸ 'ਤੇ ਲਿਖਿਆ ਕਿ ਉਨ੍ਹਾਂ ਨੇ ਅੱਤਵਾਦ ਵਿਰੋਧੀ ਅਤੇ ਖੁਫੀਆ ਟੀਮਾਂ ਨੂੰ ਹਾਈ ਅਲਰਟ 'ਤੇ ਰਹਿਣ ਦੇ ਨਿਰਦੇਸ਼ ਦਿੱਤੇ ਹਨ।

# ਪਾਗਲ ਚਲਾ ਰਹੇ ਇਰਾਨ ਦੀ ਸਰਕਾਰ : ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ

ਅਮਰੀਕਾ ਤੇ ਇਰਾਨ ਵਿਚਾਲੇ ਜੰਗ ਫਿਲਹਾਲ ਸ਼ਾਂਤ ਹੁੰਦੀ ਦਿਖਾਈ ਨਹੀਂ ਦੇ ਰਹੀ। ਇਸੇ ਤਣਾਅਪੂਰਨ ਸਥਿਤੀ ਦੌਰਾਨ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਇਰਾਨ 'ਤੇ ਕੀਤੇ ਗਏ ਭਿਆਨਕ ਹਮਲਿਆਂ ਬਾਰੇ ਅਮਰੀਕਾ ਦਾ ਬਚਾਅ ਕਰਦਿਆਂ ਕਿਹਾ ਹੈ ਕਿ ਜੇਕਰ ਇਰਾਨ ਕੋਲ ਪ੍ਰਮਾਣੂ ਹਥਿਆਰ ਹੁੰਦੇ, ਤਾਂ ਦੁਨੀਆ ਕਦੇ ਵੀ ਸੁਰੱਖਿਅਤ ਨਹੀਂ ਰਹਿ ਸਕਦੀ ਸੀ। ਉਨ੍ਹਾਂ ਮੁਤਾਬਕ, ਹੁਣ ਸਮਾਂ ਆ ਗਿਆ ਹੈ ਕਿ ਇਰਾਨ ਦੀ ਮਿਜ਼ਾਈਲ, ਡਰੋਨ ਅਤੇ ਜਲ ਸੈਨਾ ਦੀ ਸ਼ਕਤੀ ਨੂੰ ਹਮੇਸ਼ਾ ਲਈ ਖ਼ਤਮ ਕਰ ਦਿੱਤਾ ਜਾਵੇ।

ਮਾਰਕੋ ਰੂਬੀਓ ਨੇ ਕਿਹਾ, 'ਇਰਾਨ ਨੂੰ ਧਾਰਮਿਕ ਕੱਟੜਪੰਥੀ ਪਾਗਲ ਚਲਾ ਰਹੇ ਹਨ। ਉਹ ਪ੍ਰਮਾਣੂ ਹਥਿਆਰ ਬਣਾਉਣ ਦੀ ਇੱਛਾ ਰੱਖਦੇ ਹਨ। ਰਾਸ਼ਟਰਪਤੀ ਟਰੰਪ ਨੇ ਉਨ੍ਹਾਂ ਦੀਆਂ ਮਿਜ਼ਾਈਲਾਂ, ਜਲ ਸੈਨਾ ਅਤੇ ਡਰੋਨ ਬਣਾਉਣ ਦੀ ਸਮਰੱਥਾ ਨੂੰ ਖ਼ਤਮ ਕਰਨ ਦਾ ਸਹੀ ਫੈਸਲਾ ਲਿਆ ਹੈ।' ਇਸ ਤੋਂ ਇਲਾਵਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਇਰਾਨੀ ਸ਼ਾਸਨ ਨੂੰ 'ਮਾਨਸਿਕ ਤੌਰ 'ਤੇ ਬਿਮਾਰ' ਦੱਸਿਆ। ਉਨ੍ਹਾਂ ਦਾਅਵਾ ਕੀਤਾ ਕਿ ਜੇਕਰ ਅਸੀਂ ਹੁਣ ਕਾਰਵਾਈ ਨਾ ਕਰਦੇ, ਤਾਂ ਇਰਾਨ ਪ੍ਰਮਾਣੂ ਜੰਗ ਸ਼ੁਰੂ ਕਰਕੇ ਕਈ ਦੇਸ਼ਾਂ ਨੂੰ ਤਬਾਹ ਕਰ ਦਿੰਦਾ।



ਅਮਰੀਕੀ ਸੈਂਟਰਲ ਕਮਾਂਡ ਦੇ ਮੁਖੀ ਐਡਮਿਰਲ ਕੂਪਰ ਨੇ ਕਿਹਾ ਕਿ ਅਮਰੀਕੀ ਅਤੇ ਇਜ਼ਰਾਈਲੀ ਹਵਾਈ ਸੈਨਾ ਇਰਾਨ ਦੇ ਅਸਮਾਨ ਵਿੱਚ ਪੂਰੀ ਤਰ੍ਹਾਂ ਦਬਦਬਾ ਬਣਾਈ ਬੈਠੀ ਹੈ। ਇਤਿਹਾਸ ਵਿੱਚ ਪਹਿਲੀ ਵਾਰ ਅਮਰੀਕਾ ਨੇ ਆਪਣੀ ਗੁਪਤ ਡਰੋਨ ਟਾਸਕ ਫੋਰਸ ਦੀ ਵਰਤੋਂ ਕੀਤੀ ਹੈ, ਜਿਸ ਨੇ ਇਰਾਨ ਦੇ ਅੰਦਰ ਅਣਗਿਣਤ 'ਵਨ-ਵੇ ਅਟੈਕ ਡਰੋਨ' ਦਾਗੇ ਹਨ, ਜਿਨ੍ਹਾਂ ਨੇ ਇਰਾਨੀ ਫੌਜੀ ਟਿਕਾਣਿਆਂ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ।

ਆਇਤੁੱਲਾ ਖ਼ਾਮੇਨੇਈ ਦੀ ਮੌਤ ਤੋਂ ਬਾਅਦ ਜੰਗ 5ਵੇਂ ਦਿਨ ਵਿੱਚ ਦਾਖਲ ਹੋ ਗਈ ਹੈ। ਇਰਾਨ ਨੇ ਵੀ ਜਵਾਬੀ ਕਾਰਵਾਈ ਵਜੋਂ ਖੇਤਰ ਵਿੱਚ ਅਮਰੀਕੀ ਫੌਜੀ ਅੱਡਿਆਂ ਅਤੇ ਇਜ਼ਰਾਈਲੀ ਜਾਇਦਾਦਾਂ 'ਤੇ ਮਿਜ਼ਾਈਲ ਹਮਲੇ ਕੀਤੇ ਹਨ। ਸੈਨੇਟਰ ਲਿੰਡਸੇ ਗ੍ਰਾਹਮ ਅਤੇ ਸਪੀਕਰ ਮਾਈਕ ਜੌਹਨਸਨ ਨੇ ਵੀ ਟਰੰਪ ਦੇ ਫੈਸਲੇ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਰਾਨ ਵੱਲੋਂ ਬਣਾਈਆਂ ਜਾ ਰਹੀਆਂ ਬੈਲਿਸਟਿਕ ਮਿਜ਼ਾਈਲਾਂ ਦੀ ਰਫ਼ਤਾਰ ਇੰਨੀ ਤੇਜ਼ ਸੀ ਕਿ ਉਹ ਗੁਆਂਢੀ ਦੇਸ਼ਾਂ ਦੀ ਸੁਰੱਖਿਆ ਲਈ ਵੱਡਾ ਖ਼ਤਰਾ ਬਣ ਗਈਆਂ ਸਨ।

# ਸਾਊਦੀ ਅਰਬ ਤੇ ਇਰਾਨ ਦੇ ਸੰਪਰਕ ਵਿੱਚ ਹਾਂ: ਡਾਰ

ਇਸਲਾਮਾਬਾਦ : ਪਾਕਿਸਤਾਨ ਦੇ ਵਿਦੇਸ਼ ਮੰਤਰੀ ਇਸਹਾਕ ਡਾਰ ਨੇ ਅੱਜ ਕਿਹਾ ਕਿ ਉਹ ਜੰਗ ਸ਼ੁਰੂ ਹੋਣ ਮਗਰੋਂ ਸਾਊਦੀ ਅਰਬ ਤੇ ਇਰਾਨ ਦੇ ਆਗੂਆਂ ਨਾਲ ਲਗਾਤਾਰ ਸੰਪਰਕ ਵਿੱਚ ਹਨ। ਇਸਲਾਮਾਬਾਦ 'ਚ ਮੀਡੀਆ ਨਾਲ ਗੱਲਬਾਤ ਕਰਦਿਆਂ ਜਨਾਬ ਡਾਰ ਨੇ ਦੱਸਿਆ ਕਿ ਜਦੋਂ ਸੰਘਰਸ਼ ਸ਼ੁਰੂ ਹੋਇਆ ਉਦੋਂ ਉਹ ਇਸਲਾਮਿਕ ਸਹਿਯੋਗ ਸੰਗਠਨ (ਓ ਆਈ ਸੀ) ਦੀ ਮੀਟਿੰਗ 'ਚ ਹਿੱਸਾ ਲੈਣ ਲਈ ਸਾਊਦੀ ਅਰਬ ਵਿੱਚ ਸਨ ਅਤੇ ਉਨ੍ਹਾਂ ਸਾਊਦੀ ਅਰਬ ਤੇ ਇਰਾਨ ਦੇ ਵਿਦੇਸ਼ ਮੰਤਰੀਆਂ ਨਾਲ ਸੰਪਰਕ ਕੀਤਾ ਸੀ। ਉਨ੍ਹਾਂ ਕਿਹਾ, "ਮੈਂ ਆਪਣੇ ਇਰਾਨੀ ਹਮਰੁਤਬਾ ਨੂੰ ਦੱਸਿਆ ਕਿ ਸਾਊਦੀ ਅਰਬ ਨਾਲ ਸਾਡਾ ਰੱਖਿਆ ਸਮਝੌਤਾ ਹੈ, ਉਨ੍ਹਾਂ ਮੈਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਸੀ ਕਿ ਸਾਊਦੀ ਅਰਬ ਦੀ ਧਰਤੀ ਦੀ ਵਰਤੋਂ ਸਾਡੇ ਖ਼ਿਲਾਫ਼ ਨਾਲ ਕੀਤੀ ਜਾਵੇ।" ਉਨ੍ਹਾਂ ਇਹ ਵੀ ਕਿਹਾ ਕਿ ਪਾਕਿਸਤਾਨ ਜੰਗ ਖਤਮ ਰੁਕਵਾਉਣ ਲਈ ਸਰਗਰਮ ਭੂਮਿਕਾ ਨਿਭਾ ਰਿਹਾ ਹੈ।







ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਨਾਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖ਼ਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

And he is commanded to read the Adi-Granth and Dasama padshah ka Granth, every morning and evening.

ਦੂਸਰੀ ਮੱਦ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਗੁਰਮਤਾ ਕੇਵਲ ਗੁਰੂ ਪੰਥ ਦਾ ਚੁਣਿਆ ਹੋਇਆ ਕੇਵਲ ਸ਼੍ਰੋਮਣੀ ਜਥਾ ਜਾਂ ਗੁਰੂ-ਪੰਥ ਦਾ ਪ੍ਰਤੀਨਿਧ ਇਕੱਠ ਹੀ ਕਰ ਸਕਦਾ ਹੈ। ਮੌਜੂਦਾ ਕਾਲ ਵਿਚ ਕੇਵਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੀ ਹੈ ਜੋ ਕਿ ਇਸ ਪਰਿਭਾਸ਼ਾ ਦੇ ਨੇੜੇ-ਤੇੜੇ ਕਹੀ ਜਾ ਸਕਦੀ ਹੈ। ਇਸ ਦਾ ਕਾਰਨ ਹੈ ਕਿ ਸ਼੍ਰੋਮਣੀ ਕਮੇਟੀ ਦੀ ਕਾਇਮੀ ਸਮੁੱਚੀ ਸਿੱਖੀ ਕੌਮ ਦੀ ਸਾਂਝੀ ਜਦੋ-ਜਹਿਦ ਅਤੇ ਅਥਾਹ ਕੁਰਬਾਨੀਆਂ ਸਦਕਾ ਹੋਈ ਹੈ। ਇਹ ਕਿਸੇ ਧੜੇ, ਜਥੇ, ਡੇਰੇ ਜਾਂ ਕਿਸੇ ਦੀ ਵਿਅਕਤੀਗਤ ਵਿਰਾਸਤ ਨਹੀਂ ਹੈ। ਇਹ ਨਹੀਂ ਕਿ ਇਸ ਦੇ ਪ੍ਰਬੰਧ ਵਿਚ ਸਭ ਕੁਝ ਗੁਰੂ ਪੰਥ ਦੀਆਂ ਆਸਾਂ ਅਤੇ ਉਦੇਸ਼ਾਂ ਦੇ ਅਨੁਰੂਪ ਹੀ ਹੁੰਦਾ ਹੈ ਪਰ ਫਿਰ ਵੀ ਕਈ ਊਣਤਾਈਆਂ ਦੇ ਬਾਵਜੂਦ ਕੇਵਲ ਇਹੋ ਹੀ ਇਕੋ ਇਕ ਸੰਸਥਾ ਹੈ ਜਿਸ ਨੂੰ ਪੰਥ ਦੀ ਨੁਮਾਇੰਦਾ ਜਮਾਤ ਕਿਹਾ ਜਾ ਸਕਦਾ ਹੈ। ਆਪਣੇ ਤਕਰੀਬਨ ਇਕ ਸਦੀ ਦੇ ਇਤਿਹਾਸ ਵਿਚ ਇਸ ਸੰਸਥਾ ਨੇ ਕਈ ਉਤਾਰ-ਚੜ੍ਹਾਅ ਦੇ ਬਾਵਜੂਦ ਮੁਢਲਾ ਸਰੂਪ ਕਾਇਮ ਰੱਖਿਆ ਹੈ। ਇਸ ਦੇ ਪ੍ਰਬੰਧ ਅਤੇ ਪ੍ਰਬੰਧਕਾਂ ਵਿਚ ਜਿਹੜੀਆਂ ਕਮੀਆਂ, ਖਾਮੀਆਂ ਜਾਂ ਊਣਤਾਈਆਂ ਹਨ, ਉਸ ਵਿਚ ਸਮੁੱਚਾ ਗੁਰੂ ਪੰਥ ਆਪਣਾ ਅਖਤਿਆਰ ਵਰਤ ਕੇ ਸੁਧਾਰ ਲਿਆ ਸਕਦਾ ਹੈ। ਮਾਸਟਰ ਤਾਰਾ ਸਿੰਘ ਜੀ ਕਿਹਾ ਕਰਦੇ ਸਨ ਕਿ ਜੇਕਰ ਕਿਸੇ ਗੁਰਦੁਆਰੇ ਦਾ ਗ੍ਰੰਥੀ ਮਾੜਾ ਹੈ ਤਾਂ ਉਸ ਨੂੰ ਬਦਲਣਾ ਚਾਹੀਦਾ ਹੈ, ਨਾ ਕਿ ਗੁਰਦੁਆਰਾ ਹੀ ਢਾਹ ਦਿੱਤਾ ਜਾਏ।

ਸੈਂਕੜੇ ਨਿੱਜੀ ਡੇਰਿਆਂ, ਮਸੰਦਾਂ ਅਤੇ ਮਹੰਤਾਂ ਆਦਿ ਤੋਂ ਗੁਰਦੁਆਰਿਆਂ ਨੂੰ ਆਜ਼ਾਦ ਕਰਵਾ ਕੇ ਗੁਰੂ ਪੰਥ ਨੇ ਇਹ ਸੰਸਥਾ ਕਾਇਮ ਕੀਤੀ ਹੈ। ਅੱਜ ਜੇਕਰ ਇਹ ਸਮਾਪਤ ਹੋ ਜਾਂਦੀ ਹੈ ਤਾਂ ਫਿਰ ਹਰ ਗੁਰਦੁਆਰਾ ਨਿੱਜੀ ਅਦਾਰਿਆਂ ਵਿਚ ਤਬਦੀਲ ਹੋ ਜਾਏਗਾ। ਫਿਰ ਨਾ ਕੋਈ ਮਰਯਾਦਾ ਕਾਇਮ ਰਹਿ ਸਕੇਗੀ ਅਤੇ ਨਾ ਹੀ ਕੋਈ ਪੰਥ ਦਾ ਇਕ ਧੁਰਾ।


ਇਸ ਤਰੀਕੇ ਤੋਂ ਵੇਖਿਆਂ ਇਸ ਸਮੇਂ ਕੇਵਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੀ ਪੰਥ ਦਾ ਸ਼੍ਰੋਮਣੀ ਜਥਾ ਕਿਹਾ ਜਾ ਸਕਦਾ ਹੈ। ਆਪਣੀ ਕਾਇਮੀ ਤੋਂ ਲੈ ਕੇ ਹੁਣ ਤੱਕ ਇਹ ਸੰਸਥਾ ਗੁਰਮਤੇ ਕਰਦੀ ਆ ਰਹੀ ਹੈ। ਇਸ ਪ੍ਰੰਪਰਾ ਵਿਚ ਸੁਧਾਰ ਅਤੇ ਨਰੋਇਆ-ਪਨ ਲਿਆਇਆ ਜਾ ਸਕਦਾ ਹੈ। ਅਲਬੱਤਾ ਆਮ ਸੰਗਤ ਜਾਂ ਇਕਤ੍ਰਤਾ ਵਿਚ ਲਏ ਗਏ ਨਿਰਣਿਆਂ ਨੂੰ ਮਤਾ ਤਾਂ ਕਿਹਾ ਜਾ ਸਕਦਾ ਹੈ, ਗੁਰਮਤਾ ਨਹੀਂ।

੫. ਸਥਾਨਕ ਫੈਸਲਿਆਂ ਦੀ ਅਪੀਲ

ਸਥਾਨਕ ਗੁਰ-ਸੰਗਤਾਂ ਦੇ ਫੈਸਲਿਆਂ ਦੀ ਅਪੀਲ ਸ੍ਰੀ ਅਕਾਲ ਤਖਤ ਸਾਹਿਬ ਪਾਸ ਹੋ ਸਕਦੀ ਹੈ।

(ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੩੨)

'ਸਥਾਨਕ ਗੁਰ-ਸੰਗਤਾਂ ਦੇ ਫੈਸਲਿਆਂ ਦੀ ਅਪੀਲ ਸ੍ਰੀ ਅਕਾਲ ਤਖਤ ਸਾਹਿਬ ਪਾਸ ਹੋ ਸਕਦੀ ਹੈ। 'ਸਿੱਖ ਰਹਿਤ ਮਰਯਾਦਾ ਦੀ ਇਹ ਅੰਤਿਮ ਅਤੇ ਸਭ ਤੋਂ ਛੋਟੀ ਮੱਦ ਹੈ। ਪਰ ਅਸਰ ਕਰਨ ਪੱਖੋਂ ਇਹ ਬਹੁਤ ਮਹੱਤਵਪੂਰਨ ਹੈ।




'ਦੇਖਨ ਮਹਿ ਛੋਟਨ ਲਗੇ ਘਾਵ ਕਰੇ ਗੰਭੀਰ।' ਇਹ 1936 ਦੀ ਸਿੱਖ ਰਹਿਤ ਮਰਯਾਦਾ ਵਿਚ ਵੀ ਇੰਨ ਬਿੰਨ ਇਸੇ ਤਰ੍ਹਾਂ ਹੀ ਸੀ। ਇਸ ਗੰਭੀਰ ਮੱਦ ਨੂੰ ਨਾ ਤਾਂ ਵਿਚਾਰਿਆ ਹੀ ਗਿਆ ਹੈ ਅਤੇ ਨਾ ਹੀ ਇਸ ਨੂੰ ਅਮਲ ਵਿਚ ਹੀ ਲਿਆਂਦਾ ਗਿਆ ਹੈ। ਇਕ ਗੱਲ ਨਿਸਚਿਤ ਹੈ ਕਿ ਜੇਕਰ ਗੰਭੀਰਤਾ ਨਾਲ ਇਸ ਮੱਦ ਨੂੰ ਇਸ ਦੀ ਮੂਲ ਭਾਵਨਾ ਅਨੁਸਾਰ ਵਿਚਾਰ ਲਿਆ ਜਾਏ ਤਾਂ ਨਾ ਕੇਵਲ ਸ੍ਰੀ ਅਕਾਲ ਤਖਤ ਸਾਹਿਬ 'ਤੇ ਹਰ ਮਸਲਾ ਲਿਜਾਣ ਦੀ ਬਿਰਤੀ ਨੂੰ ਠੱਲ੍ਹ ਪਵੇਗੀ ਬਲਕਿ ਇਸ ਨਾਲ ਪੰਥ ਦੀ ਇਕ ਅਹਿਮ ਅਤੇ ਗਵਾਚੀ ਹੋਈ ਸੰਸਥਾ 'ਗੁਰ ਸੰਗਤ' ਮੁੜ ਸੁਰਜੀਤ ਹੋ ਸਕੇਗੀ।

ਉਕਤ ਮੱਦ ਵਿਚ ਇਹ ਲਿਖਿਆ ਹੈ ਕਿ ਸਥਾਨਕ 'ਗੁਰ-ਸੰਗਤਾਂ' ਦੇ ਫੈਸਲਿਆਂ ਦੀ ਅਪੀਲ ਸ੍ਰੀ ਅਕਾਲ ਤਖਤ ਸਾਹਿਬ ਪਾਸ ਹੋ ਸਕਦੀ ਹੈ। ਅਕਾਲ ਤਖਤ ਸਾਹਿਬ ਕੋਲ ਅਪੀਲ ਦਾ ਅਧਿਕਾਰ ਕਿਸ ਨੂੰ ਹੈ ਅਤੇ ਕਿਸ ਵਿਧੀ ਨਾਲ ਇਹ ਮਸਲੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਵਿਚਾਰ ਹਿਤ ਭੇਜੇ ਜਾ ਸਕਦੇ ਹਨ, ਇਹ ਬਹੁਤ ਹੀ ਅਹਿਮ ਨੁਕਤਾ ਹੈ। ਸੰਗਤ ਅਤੇ 'ਗੁਰ-ਸੰਗਤ' ਵਿਚ ਅੰਤਰ ਹੈ। ਗੁਰ-ਸੰਗਤ ਕਿਸ ਨੂੰ ਕਹਿੰਦੇ ਹਨ ਇਸ ਬਾਰੇ ਵਿਸਥਾਰ ਸਹਿਤ ਵਿਚਾਰ ਪੰਥਕ ਰਹਿਣੀ ਦੇ ਅੰਕ 1. ਗੁਰੂ ਪੰਥ ਵਿਚ ਵਿਚਾਰ ਕੀਤੀ ਜਾ ਚੁੱਕੀ ਹੈ।


ਕੇਵਲ ਉਹੀ ਸੰਗਤ 'ਗੁਰ ਸੰਗਤ' ਅਖਵਾ ਸਕਦੀ ਹੈ ਜਿਸ ਵਿਚ ਘੱਟੋ ਘੱਟ ਪੰਜ ਤਿਆਰ ਬਰ ਤਿਆਰ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਹੋਣਗੇ। ਇਸ ਦੇ ਨਾਲ ਹੀ ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ਸਿੱਖ ਨੂੰ 'ਗੁਰ ਸੰਗਤ' ਦਾ ਮੈਂਬਰ ਬਣਨ ਲਈ ਜ਼ਰੂਰੀ ਹੈ ਕਿ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋਵੇ। ਇਸ ਤਰ੍ਹਾਂ ਹਰ ਸੰਗਤ ਕਿਸੇ ਧਾਰਮਿਕ ਮਾਮਲੇ ਵਿਚ ਨਿਰਣਾ ਲੈਣ ਦਾ ਹੱਕ ਨਹੀਂ ਰੱਖਦੀ ਬਲਕਿ ਇਹ ਅਧਿਕਾਰ ਅਤੇ ਫਰਜ਼ ਕੇਵਲ 'ਗੁਰ ਸੰਗਤ' ਨੂੰ ਹੈ। ਇਸ ਤਰ੍ਹਾਂ ਸ੍ਰੀ ਅਕਾਲ ਤਖਤ ਸਾਹਿਬ ਦਾ ਰੁਤਬਾ ਇਕ ਅਪੀਲ ਵਾਲੀ ਅਦਾਲਤ ਦਾ ਹੈ।

(ਚਲਦਾ)

# ਗੁਰੂ ਘਰਾਂ ਵਿੱਚ ਗੋਲਕਾਂ ਦੀ ਚੋਰੀ, ਖੇਤਾਂ 'ਚੋਂ ਮਿਲੀਆਂ ਖਾਲੀ ਗੋਲਕਾਂ

## ਪੁਲਿਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਜਾਂਚ ਕੀਤੀ ਸ਼ੁਰੂ

ਲਾਲੜੂ : ਲੈਹਲੀ ਚੌਂਕੀ ਅਧੀਨ ਪੈਂਦੇ ਪਿੰਡ ਆਗਾਂਪੁਰ ਅਤੇ ਤੋਂਗਾਪੁਰ ਦੇ ਗੁਰਦੁਆਰਾ ਸਾਹਿਬਾਂ ਵਿੱਚ ਗੋਲਕ ਚੋਰੀ ਹੋਣ ਦੀ ਘਟਨਾ ਸਾਹਮਣੇ ਆਈ ਹੈ। ਇਸ ਘਟਨਾ ਤੋਂ ਬਾਅਦ



ਇਲਾਕੇ ਵਿੱਚ ਰੋਸ ਪਾਇਆ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਤੜਕੇ ਕਰੀਬ 2 ਵਜੇ ਅਣਪਛਾਤੇ ਵਿਅਕਤੀ ਗੁਰਦੁਆਰਾ ਸਾਹਿਬ ਵਿੱਚ ਦਾਖਲ ਹੋਏ ਅਤੇ ਗੋਲਕ ਚੁੱਕ ਕੇ ਫਰਾਰ ਹੋ ਗਏ। ਸੀਸੀਟੀਵੀ ਫੁਟੇਜ ਵਿੱਚ ਦੋ ਨੌਜਵਾਨ ਨੰਗੇ ਸਿਰ ਗੁਰਦੁਆਰਾ ਪਰਿਸਰ ਵਿੱਚ ਘੁੰਮਦੇ ਅਤੇ ਗੋਲਕ ਲੈ ਜਾਂਦੇ ਨਜ਼ਰ ਆਏ ਹਨ।

ਸਵੇਰੇ ਜਦੋਂ ਸੰਗਤ ਗੁਰਦੁਆਰਾ ਸਾਹਿਬ ਪਹੁੰਚੀ ਤਾਂ ਗੋਲਕਾਂ ਗਾਇਬ ਮਿਲੀਆਂ। ਬਾਅਦ ਵਿੱਚ ਦੋਵੇਂ ਪਿੰਡਾਂ ਦੀਆਂ ਗੋਲਕਾਂ ਖੇਤਾਂ ਵਿੱਚ ਪਈਆਂ ਮਿਲੀਆਂ, ਜਿਨ੍ਹਾਂ ਵਿੱਚੋਂ ਨਕਦੀ ਰਕਮ ਕੱਢੀ ਹੋਈ ਸੀ। ਦੋਵੇਂ ਪਿੰਡ ਇਕ-ਦੂਜੇ ਦੇ ਨੇੜੇ ਹੋਣ ਕਾਰਨ ਸ਼ੱਕ ਹੈ ਕਿ ਕਿਸੇ ਇੱਕ ਹੀ ਗਰੋਹ ਨੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਹੈ।

ਪਿੰਡ ਵਾਸੀਆਂ ਨੇ ਪੁਲੀਸ ਪ੍ਰਸ਼ਾਸਨ ਤੋਂ ਦੋਸ਼ੀਆਂ ਦੀ ਜਲਦੀ ਗ੍ਰਿਫ਼ਤਾਰੀ ਦੀ ਮੰਗ ਕੀਤੀ ਹੈ। ਲੈਹਲੀ ਪੁਲੀਸ ਨੇ ਮਾਮਲਾ ਦਰਜ ਕਰਕੇ ਸੀਸੀਟੀਵੀ ਫੁਟੇਜ ਦੇ ਆਧਾਰ 'ਤੇ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਪੁੱਛਗਿੱਛ ਕੀਤੀ ਜਾ ਰਹੀ ਹੈ।

# ਪ੍ਰਸਿੱਧ ਸਮਾਜ ਸੇਵਕ ਅਮਰੀਕਾ ਨਿਵਾਸੀ ਸ. ਬਹਾਦਰ ਸਿੰਘ ਦਾ ਬਲੱਡ ਬੈਂਕ ਪੁੱਜਣ 'ਤੇ ਕੀਤਾ ਸਵਾਗਤ

## ਸ. ਬਹਾਦਰ ਸਿੰਘ ਅਤੇ ਉਨ੍ਹਾਂ ਦੀ ਸੁਪਤਨੀ ਪਰਵਿੰਦਰ ਕੌਰ ਨੂੰ ਜੀ ਆਇਆਂ ਕਹਿੰਦੇ ਹੋਏ ਪ੍ਰਿੰ: ਗੁਰਮੀਤ ਸਿੰਘ ਪਲਾਹੀ, ਸਟਾਫ਼ ਮੈਂਬਰ ਅਤੇ ਸੁਖਵਿੰਦਰ ਸਿੰਘ



ਵਾਸ਼ਿੰਗਟਨ, (ਰਾਜ ਗੋਗਨਾ) : ਪਰਦੇਸ ਦੀ ਧਰਤੀ 'ਤੇ ਪੰਜਾਬ ਦਾ ਮਾਣ ਵਧਾਉਣ ਵਾਲੇ, ਸੇਵਾ ਦੇ ਪੁੰਜ ਯੂ.ਐੱਸ.ਏ. ਨਿਵਾਸੀ ਅਤੇ ਅਮਰੀਕਾ ਚ' ਉੱਘੇ ਉਦਯੋਗਪਤੀ ਜੋ ਅੱਜਕਲ ਪੰਜਾਬ ਆਏ ਹੋਏ ਹਨ। ਸ. ਬਹਾਦਰ ਸਿੰਘ ਨੇ ਬਲੱਡ ਬੈਂਕ, ਬੀਤੇਂ ਦਿਨ ਫਗਵਾੜਾ ਦਾ ਦੌਰਾ ਕੀਤਾ ਅਤੇ ਬਲੱਡ ਬੈਂਕ ਵੱਲੋਂ ਕੀਤੀਆਂ ਜਾ ਰਹੀਆਂ ਸਰਗਰਮੀਆਂ ਪ੍ਰਤੀ ਸੰਤੁਸ਼ਟਤਾ ਪ੍ਰਗਟਾਈ। ਸ: ਬਹਾਦਰ ਸਿੰਘ 'ਵਨ ਬੀਟ ਮੈਡੀਕਲ ਗਰੁੱਪ ਅਮਰੀਕਾ' ਦੇ ਸੰਸਥਾਪਕ ਹਨ ਅਤੇ ਉਹ ਭਾਰਤ ਖ਼ਾਸ ਕਰਕੇ ਯੂ.ਪੀ. ਅਤੇ ਪੰਜਾਬ ਵਿੱਚ ਮੁਫ਼ਤ ਸਿਹਤ ਸੇਵਾਵਾਂ ਦਾ ਜਨਤਾ ਨੂੰ ਯੋਗਦਾਨ ਦੇ ਰਹੇ ਹਨ। ਉਹਨਾਂ ਦੀ ਸੰਸਥਾ ਵੱਲੋਂ ਭੀਰਾ ਖੇੜੀ (ਯੂ.ਪੀ.) ਵਿਖੇ ਮੈਡੀਕਲ ਕਾਲਜ, ਚੈਰੀਟੇਬਲ ਹਸਪਤਾਲ, ਅੱਖਾਂ ਦਾ ਹਸਪਤਾਲ ਚਲਾਇਆ ਜਾ ਰਿਹਾ ਹੈ। ਚੈਰੀਟੇਬਲ ਹਸਪਤਾਲ ਵਿੱਚ ਹਰ ਇੱਕ ਦਾ ਮੁਫ਼ਤ ਇਲਾਜ, ਭੋਜਨ, ਸਰਜਰੀ ਆਦਿ ਬਿਲਕੁਲ ਮੁਫ਼ਤ ਕੀਤਾ ਜਾਂਦਾ ਹੈ। ਭੀਰਾ ਖੇੜੀ, ਯੂ ਪੀ 'ਚ ਚੈਰੀਟੇਬਲ ਹਸਪਤਾਲ, ਅੱਖਾਂ ਦ ਹਸਪਤਾਲ, ਬਲੱਡ ਬੈਂਕ ਦੇ ਨਾਲ-ਨਾਲ ਚਮਕੌਰ ਸਾਹਿਬ (ਪੰਜਾਬ) 'ਚ ਅੱਖਾਂ ਦਾ ਹਸਪਤਾਲ 'ਚ ਫ੍ਰੀ ਸੇਵਾਵਾਂ ਪ੍ਰਦਾਨ ਕਰ ਰਿਹਾ ਹੈ। ਬਲੱਡ ਬੈਂਕ 'ਚ ਪੁੱਜੇ ਸ. ਬਹਾਦਰ ਸਿੰਘ ਨੂੰ ਦੁਸ਼ਾਲਾ, ਯਾਦਗਾਰੀ ਚਿੰਨ੍ਹ ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਵੱਲੋਂ ਭੇਂਟ ਕੀਤਾ ਗਿਆ। ਉਹਨਾਂ ਨੇ ਬਲੱਡ ਬੈਂਕ ਨੂੰ ਮਾਇਕ ਸਹਾਇਤਾ ਵੀ ਪ੍ਰਦਾਨ ਕੀਤੀ। ਇਸ ਸਮੇਂ ਬਲੱਡ ਬੈਂਕ ਸਟਾਫ਼ ਅਤੇ ਸੁਖਵਿੰਦਰ ਸਿੰਘ ਵੀ ਨਾਲ ਹਾਜ਼ਰ ਸਨ।

# BASRA
## Heating & Air Conditioning

**ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ**

## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

**ਹੋਰ ਜਾਣਕਾਰੀ ਲਈ ਕਾਲ ਕਰੋ**

**ਸ. ਰਜਿੰਦਰ ਸਿੰਘ ਬਸਰਾ (209) 834-6188**

**Address: 231 Portico Ln, Tracy, CA 95377**



ਸੰਤ ਸੇਵਾ ਸਿਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। - ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਬਾਬਾ ਜੀ ਉਤੇ ਤਾਂਤ੍ਰਿਕ ਯੋਗੀ ਨੇ ਆਪਣੇ ਤਾਂਤ੍ਰਿਕ ਸਾਧਨ ਨਾਲ ਦਬਾਉ ਪਾਉਣਾ, ਆਪ ਨੇ ਗੁਰਮੰਤ੍ਰ ਦੀ ਸ਼ਕਤੀ ਦੁਆਰਾ ਉਸ ਦਾ ਮਾਣ ਤੋੜਨਾ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਤੀਸਰਾ ਹਮਲਾ**

ਤੀਸਰੇ ਦਿਨ ਫਿਰ ਉਸ ਨਾਥ ਨੇ ਪਹਿਲੇ ਵਾਂਗ ਹੀ ਕੀਤਾ। ਬਾਬਾ ਜੀ ਨੇ ਵੇਖਿਆ ਕਿ ਇਹ ਆਪਣੇ ਕੰਮ ਤੋਂ ਅਜੇ ਹਟਿਆ ਨਹੀਂ, ਆਪਣਾ ਜ਼ੋਰ ਲਾਈ ਹੀ ਜਾਂਦਾ ਹੈ। ਤਦ ਆਪ ਜੀ ਨੇ ਯੋਗੀ ਦੇ ਤਾਂਤ੍ਰਿਕ ਬਲ ਨੂੰ ਰੋਕਣ ਲਈ ਉਸ ਵਲ ਨਿਗ੍ਹਾ ਕਰਕੇ ਇਕਾਗਰਤਾ ਸਹਿਤ ਸਵਾਸ ਦੇ ਨਾਲ ਉੱਚੀ ਆਵਾਜ਼ ਵਿੱਚ 'ਵਾ ਹਿ ਗੁ ਰੂ' ਕਿਹਾ। ਪਹਿਲੀ ਵਾਰੀ ਗੁਰਮੰਤ੍ਰ ਦਾ ਉਚਾਰਨ ਕਰਨ ਨਾਲ ਉਹ ਯੋਗੀ ਜ਼ਮੀਨ ਤੇ ਡਿੱਗ ਪਿਆ। ਜਦੋਂ ਦੂਸਰੀ ਵਾਰ ਇਸੇ ਤਰ੍ਹਾਂ ਉੱਚੀ ਸੁਰ ਵਿੱਚ 'ਵਾ ਹਿ ਗੁ ਰੂ' ਕਿਹਾ ਤਾਂ ਉਹ ਨਾਥ ਚਾਰ ਫੁੱਟ ਦੇ ਕਰੀਬਨ ਜ਼ਮੀਨ ਤੇ ਘਿਸਰਦਾ ਹੋਇਆ ਬਾਬਾ ਜੀ ਵੱਲ ਖਿੱਚਿਆ ਗਿਆ, ਜਿਵੇਂ ਕਿਸੇ ਨੂੰ ਰੱਸੇ ਨਾਲ ਬੰਨ੍ਹ ਕੇ ਖਿੱਚੀਦਾ ਹੈ। ਜਦੋਂ ਤੀਸਰੀ ਵਾਰ ਗੁਰਮੰਤ੍ਰ ਦਾ ਉਚਾਰਨ ਕੀਤਾ ਤਾਂ ਫਿਰ ਉਸੇ ਤਰ੍ਹਾਂ ਉਹ ਖਿੱਚਿਆ ਗਿਆ ਅਤੇ ਉਸ ਨੇ ਮੁਆਫ਼ੀਆਂ ਮੰਗਣੀਆਂ ਸ਼ੁਰੂ ਕਰ ਦਿੱਤੀਆਂ ਕਿ ਮੈਨੂੰ ਬਖ਼ਸ਼ ਦਿਉ, ਮੈਥੋਂ ਗ਼ਲਤੀ ਹੋ ਗਈ ਹੈ, ਮੁੜ ਕੇ ਮੈਂ ਕਿਸੇ ਵੀ ਸਿੱਖ ਸੰਤ ਨੂੰ ਕਦੇ ਵੀ ਕੁੱਝ ਨਹੀਂ ਕਹਿੰਦਾ, ਹੁਣ ਬਖ਼ਸ਼ ਦੇਵੋ, ਇਤਿਆਦਿਕ।

ਬਾਬਾ ਜੀ ਦੱਸਿਆ ਕਰਦੇ ਸਨ ਕਿ ਜਿਸ ਭਾਵਨਾ ਨਾਲ ਅਸੀਂ ਪਹਿਲਾਂ ਤਿੰਨ ਵਾਰੀ ਵਾਹਿਗੁਰੂ ਗੁਰਮੰਤ੍ਰ ਦਾ ਉਚਾਰਨ ਕੀਤਾ ਸੀ ਉਸ ਦਾ ਤਿਆਗ ਕਰ ਦਿੱਤਾ ਅਤੇ ਪਹਿਲੇ ਵਾਂਗ ਸਿਮਰਨ ਜਾਰੀ ਰੱਖਿਆ। ਥੋੜ੍ਹੇ ਸਮੇਂ ਬਾਅਦ ਉਹ ਯੋਗੀ ਉਠਿਆ ਅਤੇ ਦੂਰੋਂ ਹੀ ਨਮਸਕਾਰਾਂ ਕਰਦਾ ਚਲਾ ਗਿਆ। ਸਿਮਰਨ ਤੋਂ ਬਾਅਦ ਬਾਬਾ ਜੀ ਨੇ ਉੱਠ ਕੇ ਉਹ ਜਗ੍ਹਾ ਵੇਖੀ, ਜਿੱਥੇ ਨਾਥ ਡਿੱਗਿਆ ਸੀ। ਉੱਥੇ, ਜਿਵੇਂ ਕਿਸੇ ਨੂੰ ਮਿੱਟੀ ਵਿੱਚ ਘਸੀਟੀਦਾ ਹੈ, ਇਸ ਪ੍ਰਕਾਰ ਨਿਸ਼ਾਨ ਪਏ ਹੋਏ ਸਨ। ਇਸ ਘਟਨਾ ਨਾਲ ਮਨ ਵਿੱਚ ਹੋਰ ਪ੍ਰਪੱਕਤਾ ਹੋ ਗਈ ਕਿ ਧੰਨ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਸਾਨੂੰ ਜੋ ਗੁਰਮੰਤ੍ਰ ਬਖ਼ਸ਼ਿਸ਼ ਕੀਤਾ ਹੈ, ਸਭ ਤੋਂ ਸ਼੍ਰੋਮਣੀ ਅਤੇ ਸਭ ਤੋਂ ਵੱਧ ਸ਼ਕਤੀਵਾਨ ਹੈ। ਧੰਨ ਹਨ ਸਤਿਗੁਰੂ ਜੀ, ਜਿਨ੍ਹਾਂ ਨੇ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਚਹੁੰ ਜੁੱਗਾਂ ਦੇ ਮੰਤਰਾਂ ਵਿੱਚੋਂ ਇੱਕ-ਇੱਕ ਅੱਖਰ ਲੈ ਕੇ ਚਾਰੇ ਜੁਗਾਂ ਦੇ ਮੰਤਰਾਂ ਦਾ ਫਲ ਦਾਤਾ 'ਵਾਹਿਗੁਰੂ' ਗੁਰਮੰਤ੍ਰ ਆਪਣੇ ਗੁਰਸਿੱਖਾਂ ਨੂੰ ਬਖ਼ਸ਼ਿਆ ਹੈ :

**ਸਤਿਜੁਗਿ ਸਤਿਗੁਰ ਵਾਸਦੇਵ ਵਵਾ ਵਿਸ਼ਨਾ ਨਾਮੁ ਜਪਾਵੈ॥**
**ਦੁਆਪੁਰਿ ਸਤਿਗੁਰ ਹਰੀ ਕ੍ਰਿਸ਼ਨ ਹਾਹਾ ਹਰਿ ਹਰਿ ਨਾਮੁ ਜਪਾਵੈ॥**
**ਤ੍ਰੇਤੇ ਸਤਿਗੁਰ ਰਾਮ ਜੀ ਰਾਰਾ ਰਾਮ ਜਪੈ ਸੁਖੁ ਪਾਵੈ॥**
**ਕਲਿਜੁਗਿ ਨਾਨਕ ਗੁਰ ਗੋਵਿੰਦ ਗਗਾ ਗੋਬਿੰਦ ਨਾਮੁ ਅਲਾਵੈ॥**
**ਚਾਰੇ ਜਾਗੇ ਚਹੁ ਜੁਗੀ ਪੰਚਾਇਣ ਵਿਚਿ ਜਾਇ ਸਮਾਵੈ॥**
**ਚਾਰੋ ਅਛਰ ਇਕੁ ਕਰਿ ਵਾਹਿਗੁਰੂ ਜਪੁ ਮੰਤ੍ਰ ਜਪਾਵੈ॥**
**ਜਹਾ ਤੇ ਉਪਜਿਆ ਫਿਰਿ ਤਹਾ ਸਮਾਵੈ॥**
**(ਭਾ: ਗੁਰਦਾਸ ਜੀ, ਵਾਰ ੧ ਪਉੜੀ ੪੯)**

ਅਤੇ ਸਰਬ ਲੋਹ ਗ੍ਰੰਥ ਅਨੁਸਾਰ ਇਹ ਸ੍ਰੇਸ਼ਟ ਸਾਰਮੰਤ੍ਰ ਸਤਿਗੁਰਾਂ ਨੇ ਆਪਣੇ ਪਿਆਰੇ ਖ਼ਾਲਸੇ ਨੂੰ ਬਖ਼ਸ਼ਿਸ਼ ਕੀਤਾ ਹੈ :

**ਸਾਰ ਮੰਤ੍ਰ ਚਾਰੋਂ ਕਾ ਚਾਰ॥**
**ਵਾਹਿਗੁਰੂ ਮੰਤ੍ਰ ਨਿਰਧਾਰ॥**
**ਕਲਪ ਕਲਪ ਪ੍ਰਤ ਅਖਛਰ ਕਹੀ॥**
**ਸ੍ਰੀ ਗੁਰੂ ਨਾਨਕ ਜਾਪਯੋ ਸਹੀ॥**
**ਨਿਜ ਆਤਮ ਪ੍ਰਮਾਤਮ ਦਰਸਯੋ॥**
**ਚਾਰ ਕਲਪ ਮਹਿ ਮੰਤ੍ਰ ਸਰਸਯੋ॥**
**ਸਾ ਮੰਤ੍ਰ ਪ੍ਰਭ ਖਾਲਸਹ ਦੀਨਾ॥**
**ਵਾਹਿਗੁਰੂ ਪਦ ਪਾਵਨ ਕੀਨਾ॥**
**(ਸਰਬ ਲੋਹ ਗ੍ਰੰਥ 'ਚੋਂ)**




ਥੋੜ੍ਹੇ ਦਿਨਾਂ ਪਿਛੋਂ ਉਹ ਤਾਂਤ੍ਰਿਕ ਯੋਗੀ, ਕਰੇਰੂਏ ਪਿੰਡ ਦੀ ਜੂਹ ਵਿੱਚੋਂ ਆਪਣਾ ਡੇਰਾ ਛੱਡ ਕੇ ਕਿਸੇ ਹੋਰ ਅਣਦੱਸੀ ਥਾਂ ਤੇ ਪੱਤਰਾ ਵਾਚ ਗਿਆ।

## ਗੁਰੂ ਹੁਕਮ ਵਿੱਚ ਰਾਮਪੁਰ ਖੇੜੇ ਨੂੰ ਗੁਰਮਤਿ ਪ੍ਰਚਾਰ ਕੇਂਦਰ ਬਨਾਉਣਾ

ਇੱਕ ਦਿਨ ਸਿਮਰਨ ਵਿੱਚ ਲੀਨ ਅਨੰਦ ਮਗਨ ਅਵਸਥਾ ਦਾ ਰੰਗ ਮਾਣਦੀ ਸੁਰਤੀ ਵਿੱਚ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਰਸ਼ਨ ਹੋਏ। ਸਤਿਗੁਰੂ ਜੀ ਨੇ ਬਚਨ ਕੀਤਾ, 'ਭਾਈ ਹਰਨਾਮ ਸਿੰਘ! ਤੁਸੀਂ ਹੁਣ ਇਸ ਇਕਾਂਤ ਨੂੰ ਛੱਡ ਕੇ ਆਪਣੇ ਹੀ ਇਲਾਕੇ ਵਿੱਚ ਚਲੇ ਜਾਵੋ, ਜੋ ਕਿ ਗੁਰਸਿੱਖੀ ਵਲੋਂ ਬਹੁਤ ਪਿੱਛੇ ਹੈ ਅਤੇ ਨਾਸਤਿਕਤਾ ਦੀ ਡੂੰਘੀ ਦਲਦਲ ਵਿੱਚ ਫਸਿਆ ਹੋਇਆ ਹੈ, ਉਹਨਾਂ ਲੋਕਾਂ ਨੂੰ ਗੁਰਮਤਿ ਗਾਡੀ ਰਾਹ ਉੱਪਰ ਤੋਰੋ ਅਤੇ ਗੁਰਸਿੱਖੀ ਦਾ ਪ੍ਰਚਾਰ ਕਰੋ।' ਇਹ ਹੁਕਮੀ ਵਾਕ ਕੰਨਾਂ ਰਾਹੀਂ ਧੁਰ ਅੰਦਰ ਉੱਤਰ ਗਏ ਤੇ ਨਾਲ ਹੀ ਸਵਾਲ ਉਤਪੰਨ ਹੋਇਆ ਕਿ ਸਤਿਗੁਰੂ ਜੀ, ਜਾਵਾਂ ਕਿੱਥੇ ? ਪਿੰਡ ਜਾਂ ਕਿਸੇ ਹੋਰ ਜਗ੍ਹਾ ? ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਹੁਣ ਪਿੰਡ ਨਹੀਂ ਠਹਿਰਨਾ। ਤੁਹਾਡੇ ਪਿੰਡ ਤੋਂ ਚੜ੍ਹਦੇ ਪਾਸੇ ਚਾਰ ਪੰਜ ਮੀਲ ਤੇ ਇੱਕ ਉਜਾੜ ਥੇਹ ਹੈ, ਉਸ ਜਗ੍ਹਾ ਨੂੰ ਕੇਂਦਰ ਬਨਾਉਣਾ ਹੈ। ਸੁਰਤੀ ਵਿੱਚ ਉਹ ਜਗ੍ਹਾ ਵੀ ਦਿੱਸ ਪਈ। ਇੱਕ ਬੜਾ ਭਾਰੀ ਦਸਾਂ ਬਾਰ੍ਹਾਂ ਬੋਹੜਾਂ ਦਾ ਝੁੰਡ ਹੈ, ਹੇਠਾਂ ਛੋਟੇ-ਛੋਟੇ ਹੋਰ ਦਰਖ਼ਤਾਂ ਨਾਲ ਇੱਕ ਬੇ-ਆਬਾਦ ਝਿੜਾ ਬਣਿਆ ਹੋਇਆ ਹੈ। ਨਾ ਹੀ ਇੱਥੇ ਕੋਈ ਕਮਰਾ ਹੈ। ਸਿਵਾਏ ਉਜਾੜ ਦੇ ਇੱਥੇ ਹੋਰ ਕੋਈ ਵਸਤੂ ਨਹੀਂ।

ਫਿਰ ਮਨ ਵਿੱਚ ਫੁਰਨਾ ਆਇਆ ਕਿ ਮੈਂ ਤਾਂ ਸਾਰੀ ਆਯੂ ਬਾਹਰ੧, ਹੀ ਰਿਹਾ ਹਾਂ। ਮੇਰਾ ਤਾਂ ਇਸ ਇਲਾਕੇ ਵਿੱਚ ਕੋਈ ਜਾਣੂੰ-ਪਛਾਣੂੰ ਵੀ ਨਹੀਂ ਹੈ, ਕਿਵੇਂ ਤੇ ਕੀ ਕਰਾਂਗਾ ? ਗੁਰੂ ਮਹਾਰਾਜ ਜੀ ਨੇ ਫਿਰ ਹੁਕਮ ਕੀਤਾ, 'ਹਰਨਾਮ ਸਿੰਘ! ਤੂੰ ਜਾ ਕੇ ਬੈਠ ਜਾਹ, ਬਾਕੀ ਸਾਰੇ ਪ੍ਰਬੰਧ ਪਰਮੇਸ਼ਰ ਜੀ ਆਪ ਕਰਨਗੇ।'

**ਸਗਲ ਸਰੰਜਾਮ ਕਰੇ ਪ੍ਰਭੁ ਆਪੇ॥**
**ਭਏ ਮਨੋਰਥ ਸੋ ਪ੍ਰਭੁ ਜਾਪੇ॥੨॥**
**(ਬਿਲਾਵਲ ਮਹਲਾ ੫, ਅੰਗ ੮੦੫)**

ਬਾਬਾ ਜੀ, ਮਨੋਂ ਇਕਾਂਤ ਵਿੱਚ ਟਿਕ ਕਰ ਕੇ ਹੀ ਸਤਿਗੁਰੂ ਜੀ ਵੱਲੋਂ ਬਖ਼ਸ਼ੇ ਇਲਾਹੀ ਨਾਮ-ਰਸ ਦਾ ਅਨੰਦ ਮਾਨਣਾ ਚਾਹੁੰਦੇ ਸਨ ਪਰ ਸਤਿਗੁਰੂ ਜੀ ਦਾ ਹੁਕਮ ਤਾਂ ਸੀ ਕਿ ਹੁਣ ਇਸ ਇਕਾਂਤ ਨੂੰ ਛੱਡ ਕੇ, ਵਿਚਰ ਕੇ ਗੁਰਮਤਿ ਦਾ ਪ੍ਰਚਾਰ ਕਰਨਾ ਹੈ। ਭਾਵੇਂ ਬਾਬਾ ਜੀ ਦਾ ਮਨ ਅਗੰਮੀ ਰਸ ਨਾਲ ਸਰਸ਼ਾਰ ਇਸ ਇਕਾਂਤ ਨੂੰ ਛੱਡਣ ਲਈ ਬਿਲਕੁਲ ਨਹੀਂ ਸੀ ਮੰਨਦਾ ਪਰ ਦੂਸਰੇ ਪਾਸੇ ਗੁਰਦੇਵ ਜੀ ਦਾ ਹੁਕਮ ਸੀ।

ਪਰ ਹੁਕਮ ਮੰਨਣਾ, ਸਭ ਤੋਂ ਔਖੀ ਖੇਡ ਹੈ। ਹੁਕਮ ਅੱਗੇ ਜੀਵ ਦੀ ਆਪਣੀ ਕੋਈ ਹਸਤੀ ਨਹੀਂ ਰਹਿੰਦੀ। ਹੁਕਮ ਅੱਗੇ ਆਪਣੀ ਕੋਈ ਮਰਜ਼ੀ ਨਹੀਂ, ਨਾ ਹੀ ਕੋਈ ਹੀਲ-ਹੁੱਜਤ, ਬਸ ਜੀਉਂਦੇ ਹੀ ਮਰਨਾ ਪੈਂਦਾ ਹੈ :

**ਮੁਰਦਾ ਹੋਇ ਮੁਰੀਦ ਨ ਗਲੀਂ ਹੋਵਣਾ॥**
**ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ॥**
**ਗੋਲਾ ਮੁਲ ਖਰੀਦੁ ਕਾਰੇ ਜੋਵਣਾ॥**
**ਨਾ ਤਿਸ ਭੁਖ ਨ ਨੀਂਦ ਨ ਖਾਣਾ ਸੋਵਣਾ॥**
(ਵਾਰ ੩, ਪਉੜੀ ੧੮)

**ਹੁਕਮ ਵਿੱਚ ਤਾਂ :**

**ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ॥**
**ਇਉ ਪਾਵਹਿ ਹਰਿ ਦਰਸਾਵੜਾ ਨਹ ਲਗੈ ਤਤੀ ਵਾਉ ਜੀਉ॥** (ਸੂਹੀ ਮ: ੫, ਅੰਗ ੭੬੩)

ਗੁਰੂ ਘਰ ਵਿੱਚ ਤਾਂ ਹੁਕਮ ਹੀ ਪ੍ਰਵਾਨ ਹੈ ਤੇ ਹੁਕਮ ਹੀ ਪ੍ਰਧਾਨ ਹੈ। ਜੋ ਹੁਕਮ ਮੰਨਦਾ ਹੈ, ਹੁਕਮ ਅੱਗੇ ਸਿਰ ਝੁਕਾਉਂਦਾ ਹੈ, ਉਹ ਖਸਮ (ਮਾਲਕ) ਨੂੰ ਭਾ ਜਾਂਦਾ ਹੈ :

**ਖਸਮੈ ਸੋਈ ਭਾਵਦਾ ਖਸਮੈ ਦਾ ਜਿਸੁ ਭਾਣਾ ਭਾਵੈ॥**
**ਭਾਣਾ ਮੰਨੈ ਮੰਨੀਐ ਆਪਨਾ ਭਾਣਾ ਆਪਿ ਮਨਾਵੈ॥**
(ਵਾਰ ੨੯, ਪਉੜੀ ੧੩)

ਤਥਾ

**ਹੁਕਮੁ ਮੰਨੇ ਸੋ ਜਨੁ ਪਰਵਾਣੁ॥**
(ਬਸੰਤ ਮ: ੩, ਅੰਗ ੧੧੭੫)

ਤਥਾ

**ਹਰਿ ਕਾ ਭਾਣਾ ਮੰਨਹਿ ਸੇ ਜਨ ਪਰਵਾਣੁ॥**
(ਭੈਰਉ ਮ: ੫, ਅੰਗ ੧੧੨੯)

(ਚਲਦਾ)

# ਪੰਜਾਬ ਦੇ 35 ਪੁਲਿਸ ਮੁਕਾਬਲਿਆਂ ਦਾ ਮਾਮਲਾ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਪਹੁੰਚਿਆ

## ਜਸਟਿਸ ਰਣਜੀਤ ਸਿੰਘ ਤੇ ਹੋਰਨਾਂ ਨੇ ਨਿਆਂਇਕ ਜਾਂਚ ਲਈ ਭੇਜੀ ਸ਼ਿਕਾਇਤ

ਚੰਡੀਗੜ੍ਹ: ਗੁਰਦਾਸਪੁਰ ਵਿਚ ਰਣਜੀਤ ਸਿੰਘ ਨਾਂ ਦੇ ਇਕ ਨੌਜਵਾਨ ਦੀ ਕਥਿਤ ਫ਼ਰਜ਼ੀ ਮੁਕਾਬਲੇ ਵਿਚ ਮੌਤ ਵਿਰੁੱਧ ਉਠ ਰਹੀ ਆਵਾਜ਼ ਤੋਂ ਬਾਅਦ ਹੁਣ ਪੰਜਾਬ ਵਿਚ ਪਿਛਲੇ ਸਮੇਂ ਵਿਚ ਹੋਏ 35 ਪੁਲਿਸ ਮੁਕਾਬਲਿਆਂ ਦਾ ਮਾਮਲਾ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਵਿਚ ਪਹੁੰਚ ਗਿਆ ਹੈ।



ਪੰਜਾਬ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ ਵਲੋਂ ਜਸਟਿਸ (ਰਿਟ.) ਰਣਜੀਤ ਸਿੰਘ ਦੀ ਅਗਵਾਈ ਹੇਠ ਕਮਿਸ਼ਨ ਨੂੰ ਇਕ ਸ਼ਿਕਾਇਤ ਭੇਜ ਕੇ ਜਾਂਚ ਦੀ ਮੰਗ ਕੀਤੀ ਹੈ। ਮੁੱਖ ਤਰਕ ਇਹ ਦਿਤਾ ਗਿਆ ਹੈ ਕਿ ਇਨ੍ਹਾਂ ਸਾਰੇ 35 ਮੁਕਾਬਲਿਆਂ ਦੀ ਕਹਾਣੀ ਤੇ ਢੰਗ ਤਰੀਕਾ ਬਿਲਕੁਲ ਇਕੋ ਜਿਹਾ ਹੈ। ਸ਼ਿਕਾਇਤ ਵਿਚ ਕਿਹਾ ਗਿਆ ਹੈ ਕਿ ਪਿਛਲੇ ਤਿੰਨ ਮਹੀਨਿਆਂ ਦੌਰਾਨ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿਚ ਲਗਭਗ 35 ਪੁਲਿਸ ਮੁਕਾਬਲੇ ਹੋਏ ਹਨ। ਇਨ੍ਹਾਂ ਸਾਰੀਆਂ ਘਟਨਾਵਾਂ ਵਿਚ ਪੁਲਿਸ ਦੀ ਕਹਾਣੀ ਲਗਭਗ ਇਕੋ ਜਿਹੀ ਹੈ। ਮੁਲਜ਼ਮ ਨੂੰ ਬਰਾਮਦਗੀ ਲਈ ਲਿਜਾਇਆ ਗਿਆ, ਉਸ ਨੇ ਪੁਲਿਸ ਦੀ ਪਿਸਤੌਲ ਖੋਹ ਕੇ ਗੋਲੀ ਚਲਾਈ ਅਤੇ ਜਵਾਬੀ ਕਾਰਵਾਈ ਵਿਚ ਉਸ ਦੇ ਪੈਰ ਵਿਚ ਗੋਲੀ ਲੱਗੀ। ਅਜਿਹੀ ਇਕਸਾਰਤਾ ਸ਼ੱਕ ਪੈਦਾ ਕਰਦੀ ਹੈ ਕਿਹਾ ਗਿਆ ਕਿ ਹਾਲ ਹੀ ਵਿਚ ਗੁਰਦਾਸਪੁਰ ਵਿਖੇ ਹੋਏ ਪੁਲਿਸ ਮੁਕਾਬਲੇ ਨੇ ਪੁਲਿਸ ਦੀ ਕਾਰਗੁਜ਼ਾਰੀ 'ਤੇ ਵੱਡੇ ਸਵਾਲ ਖੜ੍ਹੇ ਕੀਤੇ ਹਨ। ਇਸ ਘਟਨਾ ਵਿਚ ਤੱਥਾਂ ਦੀ ਕਮੀ ਅਤੇ ਪੁਲਿਸ ਦੇ ਵਿਰੋਧੀ ਬਿਆਨ ਸਪੱਸ਼ਟ ਕਰਦੇ ਹਨ ਕਿ ਕਾਨੂੰਨ ਦੀ ਪ੍ਰਕਿਰਿਆ ਨੂੰ ਛਿੱਕੇ ਟੰਗ ਕੇ ਮੌਕੇ 'ਤੇ ਇਨਸਾਫ਼ ਦੀ ਖ਼ਤਰਨਾਕ ਪਿਰਤ ਪਾਈ ਜਾ ਰਹੀ ਹੈ। ਭੇਜੀ ਸ਼ਿਕਾਇਤ ਉਪਰ ਜਸਟਿਸ ਰਣਜੀਤ ਸਿੰਘ ਦੇ ਨਾਲ ਡਾ. ਪਿਆਰਾ ਲਾਲ ਗਰਗ, ਐਡਵੋਕੇਟ ਰਾਜਵਿੰਦਰ ਸਿੰਘ ਬੈਂਸ, ਡਾ. ਖ਼ੁਸ਼ਹਾਲ ਸਿੰਘ ਅਤੇ ਮਾਲਵਿੰਦਰ ਸਿੰਘ ਮਾਲੀ ਦੇ ਦਸਤਖ਼ਤ ਹਨ।

# ਜਗਨਨਾਥ ਮੰਦਰ ਨੇੜੇ ਸ਼ਰਧਾਲੂਆਂ ਵਿੱਚ ਮਚੀ ਭਗਦੜ

## 'ਡੋਲਾ ਪੂਰਨਿਮਾ 'ਮੌਕੇ ਸ਼ਰਧਾਲੂਆਂ ਵਿਚਾਲੇ ਅਫਰਾ-ਤਫਰੀ

ਪੁਰੀ : ਉੜੀਸਾ ਦੇ ਪੁਰੀ ਵਿੱਚ ਸ਼੍ਰੀ ਜਗਨਨਾਥ ਮੰਦਰ ਦੇ ਕੋਲ 'ਡੋਲਾ ਪੂਰਨਿਮਾ 'ਮੌਕੇ ਸ਼ਰਧਾਲੂਆਂ ਵਿਚਕਾਰ ਅਫਰਾ-ਤਫਰੀ ਫੈਲਣ ਕਾਰਨ ਕੁਝ ਸਮੇਂ ਲਈ ਤਣਾਅ ਪੈਦਾ ਹੋ ਗਿਆ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਕਿਸੇ ਦੇ ਜ਼ਖਮੀ ਹੋਣ ਦੀ ਕੋਈ ਖ਼ਬਰ ਨਹੀਂ ਹੈ ਅਤੇ ਸਥਿਤੀ ਨੂੰ ਤੁਰੰਤ ਕੰਟਰੋਲ ਕਰ ਲਿਆ ਗਿਆ ਹੈ।

ਪੁਰੀ ਦੇ ਪੁਲੀਸ ਸੁਪਰਡੈਂਟ (ਐਸਪੀ) ਪ੍ਰਤੀਕ ਸਿੰਘ ਨੇ ਦੱਸਿਆ, 'ਇੱਕ ਮਹਿਲਾ ਸ਼ਰਧਾਲੂ ਆਪਣੇ ਪਹਿਰਾਵੇ ਕਾਰਨ ਡਿੱਗ ਗਈ ਸੀ। ਮਹਿਲਾ ਪੁਲੀਸ ਮੁਲਾਜ਼ਮਾਂ ਨੇ ਉਸ ਦੀ ਮਦਦ ਕੀਤੀ ਅਤੇ ਉਹ ਬਿਨਾਂ ਕਿਸੇ ਸੱਟ ਦੇ ਦੁਬਾਰਾ ਖੜ੍ਹੀ ਹੋ ਗਈ।'


'ਡੋਲਾ ਪੂਰਨਿਮਾ' ਦੇ ਮੌਕੇ 'ਤੇ ਮੰਦਰ ਦੇ ਬਾਹਰ ਵੱਡੀ ਗਿਣਤੀ 'ਚ ਸ਼ਰਧਾਲੂ ਇਕੱਠੇ ਹੋਏ ਸਨ। ਸੈਂਕੜੇ ਲੋਕ ਉਸ ਪਾਸੇ ਵੱਲ ਵਧੇ ਜਿੱਥੇ ਇੱਕ ਪੰਡਾਲ ਵਿੱਚ ਦੇਵੀ-ਦੇਵਤਿਆਂ



ਦੀਆਂ ਮੂਰਤੀਆਂ ਸਥਾਪਿਤ ਸਨ, ਜਿਸ ਕਾਰਨ ਭੀੜ ਜ਼ਿਆਦਾ ਹੋ ਗਈ। ਪੁਲੀਸ ਨੇ ਦੱਸਿਆ ਕਿ ਕੁਝ ਹੀ ਮਿੰਟਾਂ ਵਿੱਚ ਭੀੜ ਘੱਟ ਗਈ ਅਤੇ ਹਾਲਾਤ ਆਮ ਵਾਂਗ ਹੋ ਗਏ।

# ਕੈਨੇਡਾ ਤੇ ਭਾਰਤ ਵਿਚਕਾਰ ਇਤਿਹਾਸਕ ਯੂਰੇਨੀਅਮ ਸਮਝੌਤਾ

## • ਦੋਵੇਂ ਦੇਸ਼ਾਂ ਵਲੋਂ 70 ਅਰਬ ਡਾਲਰ ਦੇ ਵਪਾਰ ਦਾ ਟੀਚਾ • ਅੱਤਵਾਦ ਮਨੁੱਖਤਾ ਲਈ ਖ਼ਤਰਨਾਕ : ਨਰਿੰਦਰ ਮੋਦੀ • ਚੁਣੌਤੀਆਂ ਨਾਲ ਨਜਿੱਠਣ ਲਈ ਆਪਸੀ ਭਾਈਵਾਲੀ ਜ਼ਰੂਰੀ : ਮਾਰਕ ਕਾਰਨੀ





ਨਵੀਂ ਦਿੱਲੀ : ਭਾਰਤ ਤੇ ਕੈਨੇਡਾ ਨੇ ਸੋਮਵਾਰ ਨੂੰ ਯੂਰੇਨੀਅਮ ਤੇ ਮਹੱਤਵਪੂਰਨ ਖਣਿਜਾਂ ਦੀ ਸਪਲਾਈ ਸੰਬੰਧੀ ਮੁੱਖ ਸਮਝੌਤਿਆਂ ’ਤੇ ਹਸਤਾਖਰ ਕੀਤੇ ਅਤੇ ਜਲਦੀ ਹੀ ਇਕ ਵਿਆਪਕ ਆਰਥਿਕ ਭਾਈਵਾਲੀ ਸਮਝੌਤੇ ਨੂੰ ਪੂਰਾ ਕਰਨ ਦਾ ਵਾਅਦਾ ਕੀਤਾ, ਜਿਸ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੇ ਕੈਨੇਡੀਅਨ ਹਮਰੁਤਬਾ ਮਾਰਕ ਕਾਰਨੀ ਨੇ 2030 ਤੱਕ ਦੁਵੱਲੇ ਸਾਲਾਨਾ ਵਪਾਰ ਨੂੰ 70 ਅਰਬ ਡਾਲਰ ਤੱਕ ਲਿਜਾਣ ਸਮੇਤ ਸੰਬੰਧਾਂ ਨੂੰ ਮਜ਼ਬੂਤ ਕਰਨ ਲਈ ਇਕ ਨਵੇਂ ਢਾਂਚੇ ਨੂੰ ਅੰਤਿਮ ਰੂਪ ਦਿੱਤਾ। ਆਪਣੀ ਵਿਆਪਕ ਗੱਲਬਾਤ ’ਚ ਦੋਵਾਂ ਨੇਤਾਵਾਂ ਨੇ ਰੱਖਿਆ, ਮਹੱਤਵਪੂਰਨ ਤਕਨਾਲੋਜੀਆਂ, ਛੋਟੇ ਅਤੇ ਮਾਡਿਊਲਰ ਪ੍ਰਮਾਣੂ ਰਿਐਕਟਰ, ਸਿੱਖਿਆ ਅਤੇ ਨਵਿਆਉਣਯੋਗ ਊਰਜਾ ’ਚ ਸਹਿਯੋਗ ਵਧਾਉਣ ਦਾ ਵੀ ਵਾਅਦਾ ਕੀਤਾ। ਮੋਦੀ ਨੇ ਕਿਹਾ ਕਿ ਦੋਵਾਂ ਦੇਸ਼ਾਂ ਦੇ ਸੰਬੰਧ ਹੁਣ ਨਵੀਂ ਊਰਜਾ, ਆਪਸੀ ਵਿਸ਼ਵਾਸ ਅਤੇ ਸਕਾਰਾਤਮਕਤਾ ਨਾਲ ਭਰੇ ਹੋਏ ਹਨ। ਕੈਨੇਡਾ 2.6 ਅਰਬ ਡਾਲਰ ਦੇ ਯੂਰੇਨੀਅਮ ਸਪਲਾਈ ਸਮਝੌਤੇ ਤਹਿਤ ਭਾਰਤ ਦੇ ਸਿਵਲ ਪ੍ਰਮਾਣੂ ਊਰਜਾ ਖੇਤਰ ਦਾ ਸਮਰਥਨ ਕਰਨ ਲਈ ਤਿਆਰ ਹੈ। ਭਾਰਤ ਦੀ ਚਾਰ ਦਿਨਾ ਸਰਕਾਰੀ ਫੇਰੀ ਦੇ ਆਪਣੇ ਆਖਰੀ ਦੌਰ ਦੌਰਾਨ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਦਿੱਲੀ ਵਿਖੇ ਹੈਦਰਾਬਾਦ ਹਾਊਸ ’ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਸਦਭਾਵਨਾ ਵਾਲੇ ਮਾਹੌਲ ’ਚ ਮੁਲਾਕਾਤ ਕੀਤੀ। ਮੋਦੀ ਨੇ ਕਾਰਨੀ ਦਾ ਭਾਰਤ ’ਚ ਸਵਾਗਤ ਕਰਦਿਆਂ ਕਿਹਾ ਕਿ ਕੈਨੇਡਾ ਅਤੇ ਭਾਰਤ ਵਿਚਕਾਰ ਸਹਿਯੋਗ ਕਰਨ ਦੀਆਂ ਤਕਨੀਕਾਂ, ਖੇਤੀ (ਦਾਲਾਂ), ਊਰਜਾ, ਕੁਦਰਤੀ ਸਰੋਤ (ਯੂਰੇਨੀਅਮ), ਮਸਨੂਈ ਬੁੱਧੀ (ਏ.ਆਈ.) ਅਤੇ ਕੁਆਂਟਮ ਕੰਪਿਊਟਿੰਗ, ਕਾਰੋਬਾਰ ਤੋਂ ਕਾਰੋਬਾਰ ਅਤੇ ਲੋਕਾਂ ਤੋਂ ਲੋਕਾਂ ਤੱਕ ਸਾਂਝ ਸਮੇਤ ਕਈ ਸੰਭਾਵਨਾਵਾਂ ਹਨ। ਮੋਦੀ ਨੇ ਅੱਤਵਾਦ ਨੂੰ ਦੁਨੀਆ ਦੇ ਵਿਕਾਸ ਅਤੇ ਸ਼ਾਂਤੀ ’ਚ ਵੱਡੀ ਰੁਕਾਵਟ ਦੱਸਿਆ ਤੇ ਕਿਹਾ ਕਿ ਅੱਤਵਾਦ ਨਾਲ ਪੈਦਾ ਹੁੰਦੇ ਅਸਥਿਰ ਮਾਹੌਲ ਨਾਲ ਮਨੁੱਖਤਾ ਨੂੰ ਵੱਡਾ ਖ਼ਤਰਾ ਦਰਪੇਸ਼ ਰਹਿੰਦਾ ਹੈ। ਮੋਦੀ ਅਤੇ ਕਾਰਨੀ ਨੇ ਪੱਛਮੀ ਏਸ਼ੀਆ ’ਚ ਖ਼ਰਾਬ ਸੁਰੱਖਿਆ ਸਥਿਤੀ ’ਤੇ ਵੀ ਵਿਚਾਰ-ਵਟਾਂਦਰਾ ਕੀਤਾ। ਪ੍ਰਧਾਨ ਮੰਤਰੀ ਮੋਦੀ ਨੇ ਜ਼ੋਰ ਦੇ ਕੇ ਕਿਹਾ ਕਿ ਭਾਰਤ ਗੱਲਬਾਤ ਅਤੇ ਕੂਟਨੀਤੀ ਰਾਹੀਂ ਸਾਰੇ ਵਿਵਾਦਾਂ ਦੇ ਹੱਲ ਦਾ ਸਮਰਥਨ ਕਰਦਾ ਹੈ। ਮੋਦੀ-ਕਾਰਨੀ ਗੱਲਬਾਤ ਦੇ ਮੁੱਖ ਨਤੀਜੇ ਵਪਾਰਕ ਸੰਬੰਧਾਂ ਨੂੰ ਵਧਾਉਣ ਦਾ ਉਨ੍ਹਾਂ ਦਾ ਫ਼ੈਸਲਾ ਸੀ, ਇਹ ਕਦਮ ਟਰੰਪ ਪ੍ਰਸ਼ਾਸਨ ਨਾਲ ਕੈਨੇਡਾ ਦੇ ਵਧਦੇ ਠੰਢੇ ਆਰਥਿਕ ਸੰਬੰਧਾਂ ਦਰਮਿਆਨ ਆਇਆ ਹੈ। ਮਾਰਕ ਕਾਰਨੀ ਨੇ ਕਿਹਾ ਕਿ ਬੀਤੇ ਸਾਲ ਕੁ ਦੇ ਸਮੇਂ ਦੌਰਾਨ ਕੈਨੇਡਾ ਅਤੇ ਭਾਰਤ ਦੇ ਸੰਬੰਧਾਂ ’ਚ ਨੇੜਤਾ ਪੈਦਾ ਕਰਨ ਲਈ ਜੋ ਕੰਮ ਕੀਤੇ ਗਏ ਹਨ ਉਸ ਦੀ ਬੀਤੇ 20 ਸਾਲਾਂ ਦੇ ਸਮੇਂ ’ਚ ਕਿਤੇ ਮਿਸਾਲ ਨਹੀਂ ਮਿਲਦੀ। ਇਹ ਵੀ ਕਿ ਕੈਨੇਡਾ ਸਰਕਾਰ ਦੇ ਨੁਮਾਇੰਦਿਆਂ ਅਤੇ ਕਾਰੋਬਾਰਾਂ ਦੇ ਪ੍ਰਬੰਧਕਾਂ ਵਲੋਂ ਲਗਾਤਾਰ ਸੰਪਰਕ ਸਥਾਪਿਤ ਕੀਤੇ ਜਾ ਰਹੇ ਹਨ ਤੇ ਸਹਿਯੋਗ ਵਧਾਇਆ ਜਾ ਰਿਹਾ ਹੈ, ਜਿਸ ਨਾਲ ਨਿਵੇਸ਼ ਅਤੇ ਰੋਜ਼ਗਾਰ ਦੇ ਮੌਕੇ ਪੈਦਾ ਹੁੰਦੇ ਹਨ। ਕੈਨੇਡਾ ਦਾ ਭਾਰਤ ਨਾਲ 2030 ਤੱਕ 70 ਅਰਬ ਡਾਲਰ ਦਾ ਵਪਾਰ ਕਰਨ ਦਾ ਟੀਚਾ ਹਾਸਿਲ ਕਰਨ ਦੀ ਯੋਜਨਾ ਹੈ। ਮੋਦੀ ਨੇ ਕਿਹਾ ਕਿ ਆਰਥਿਕ ਸਹਿਯੋਗ ਦੀ ਪੂਰੀ ਸੰਭਾਵਨਾ ਨੂੰ ਖੋਲ੍ਹਣਾ ਸਾਡੀ ਤਰਜੀਹ ਹੈ। ਇਸ ਲਈ, ਅਸੀਂ ਜਲਦੀ ਹੀ ਵਿਆਪਕ ਆਰਥਿਕ ਭਾਈਵਾਲੀ ਸਮਝੌਤੇ ਨੂੰ ਅੰਤਿਮ ਰੂਪ ਦੇਣ ਦਾ ਫ਼ੈਸਲਾ ਕੀਤਾ ਹੈ। ਇਸ ਨਾਲ ਦੋਵਾਂ ਦੇਸ਼ਾਂ ’ਚ ਨਵੇਂ ਨਿਵੇਸ਼ ਤੇ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ। ਉਨ੍ਹਾਂ ਕਿਹਾ ਕਿ ਕੈਨੇਡਾ ਦੇ ਪੈਨਸ਼ਨ ਫੰਡਾਂ ਨੇ ਭਾਰਤ ’ਚ 100 ਅਰਬ ਡਾਲਰ ਦਾ ਨਿਵੇਸ਼ ਕੀਤਾ ਹੈ। ਇਹ ਭਾਰਤ ਦੀ ਵਿਕਾਸ ਕਹਾਣੀ ’ਚ ਉਨ੍ਹਾਂ ਦੇ ਡੂੰਘੇ ਵਿਸ਼ਵਾਸ ਨੂੰ ਦਰਸਾਉਂਦਾ ਹੈ। ਦਿੱਲੀ ’ਚ ਦੋਵਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਦੀ ਹਾਜ਼ਰੀ ’ਚ ਆਪਸੀ ਸਹਿਯੋਗ ਦੇ ਅਹਿਦ ਵਜੋਂ 5 ਸਮਝੌਤੇ ਸਹੀਬੱਧ ਕੀਤੇ ਗਏ, ਜਿਸ ’ਚ ਉਪਰੋਕਤ ਖੇਤਰਾਂ ਅਨੁਸਾਰ ਦੁਰਲੱਭ ਖਣਿਜ, ਏ.ਆਈ., ਰੱਖਿਆ, ਤਕਨੀਕ, ਸੱਭਿਆਚਾਰ ਤੇ ਮਾਹਿਰਾਂ ਦੇ ਅਦਾਨ-ਪ੍ਰਦਾਨ ’ਚ ਸਹਿਯੋਗ ਕਰਨਾ ਸ਼ਾਮਿਲ ਹੈ। ਇਸ ਮੌਕੇ ਕੈਨੇਡਾ ਦੇ ਵਿਦੇਸ਼ ਮੰਤਰੀ ਅਨੀਤਾ ਆਨੰਦ, ਅੰਤਰਰਾਸ਼ਟਰੀ ਵਪਾਰ ਮੰਤਰੀ ਮਨਿੰਦਰ ਸਿੱਧੂ, ਸਸਕਾਚਵਾਨ ਦੇ ਮੁੱਖ ਮੰਤਰੀ ਸਕਾਟ ਮੋਅ ਅਤੇ ਭਾਰਤ ਦੇ ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਅਤੇ ਦੋਵਾਂ ਦੇ ਦੇਸ਼ਾਂ ਦੇ ਰਾਜਦੂਤ ਵੀ ਹਾਜ਼ਰ ਸਨ। ਕਾਰਨੀ ਨੇ ਮੋਦੀ ਨੂੰ ਕੈਨੇਡਾ ਆਉਣ ਦਾ ਸੱਦਾ ਵੀ ਦਿੱਤਾ ਤੇ ਆਖਿਆ ਕਿ ਕੈਨੇਡਾ ਅਤੇ ਭਾਰਤ ’ਚ ਨੇੜਤਾ ਪੈਦਾ ਕਰਨ ਲਈ ਸਾਨੂੰ ਮਿਲ ਕੇ ਲਗਾਤਾਰ ਕੰਮ ਕਰਦੇ ਰਹਿਣਾ ਚਾਹੀਦਾ ਹੈ।

**ਭਾਰਤ-ਕੈਨੇਡਾ ਸੀ.ਈ.ਓ. ਫੋਰਮ ਦੀ ਮੀਟਿੰਗ ਨੂੰ ਸੰਬੋਧਨ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਭਾਰਤ ਅਤੇ ਕੈਨੇਡਾ 2030 ਤੱਕ ਆਪਣੇ ਦੁਵੱਲੇ ਵਪਾਰ ਨੂੰ 70 ਅਰਬ ਡਾਲਰ ਤੱਕ ਵਧਾਉਣ ਲਈ ਸਹਿਮਤ ਹੋਏ ਹਨ। ਜਨਵਰੀ-ਅਕਤੂਬਰ 2025 ਦੌਰਾਨ ਦੋਵਾਂ ਦੇਸ਼ਾਂ ਵਿਚਕਾਰ ਦੁਵੱਲਾ ਵਪਾਰ ਲਗਭਗ 8 ਅਰਬ ਡਾਲਰ ਰਿਹਾ। ਅਸੀਂ ਆਪਣੇ ਦੁਵੱਲੇ ਵਪਾਰ ਨੂੰ 70 ਅਰਬ ਡਾਲਰ ਤੱਕ ਲਿਜਾਣਾ ਚਾਹੁੰਦੇ ਹਾਂ ਤੇ ਅਸੀਂ ਇਸ ਦਿਸ਼ਾ ’ਚ ਅੱਗੇ ਵਧ ਰਹੇ ਹਾਂ। ਮੋਦੀ ਨੇ ਇਹ ਗੱਲਾਂ ਇਥੇ ਭਾਰਤ-ਕੈਨੇਡਾ ਸੀ.ਈ.ਓ. ਫੋਰਮ ਨੂੰ ਸੰਬੋਧਨ ਕਰਦੇ ਹੋਏ ਕਹੀਆਂ।

**ਭਾਰਤ ’ਚ ਜਾਸੂਸੀ ਦੀ ਸੰਭਾਵਨਾ ਬਾਰੇ ਪੱਤਰਕਾਰਾਂ ਨੂੰ ਸਾਵਧਾਨ ਕੀਤਾ** : ਕੈਨੇਡਾ ਤੋਂ ਭਾਰਤ ’ਚ ਪਹੁੰਚਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੇ ਵਫ਼ਦ ’ਚ ਸ਼ਾਮਿਲ ਸਰਕਾਰੀ ਅਧਿਕਾਰੀਆਂ ਅਤੇ ਪੱਤਰਕਾਰਾਂ ਨੂੰ ਜਾਸੂਸੀ ਦੀ ਸੰਭਾਵਨਾ ਪ੍ਰਤੀ ਸੁਚੇਤ ਕੀਤਾ ਗਿਆ ਤੇ ਦੱਸਿਆ ਗਿਆ ਕਿ ਸਮਾਰਟ ਫੋਨ, ਘੜੀਆਂ, ਕੰਪਿਊਟਰਾਂ (ਲੈਪਟਾਪ) ਨੂੰ ਸੁਰੱਖਿਅਤ ਰੱਖਣਾ ਤੇ ਦਿਨ ’ਚ ਕਈ ਵਾਰੀ ਰੀ-ਸਟਾਰਟ ਕਰਨ ਨਾਲ ਡਾਟਾ ਦੀ ਚੋਰੀ ਅਤੇ ਕਾਪੀ (ਹੈਕ) ਹੋ ਜਾਣ ਦੇ ਖ਼ਤਰੇ ਨੂੰ ਸੀਮਤ ਕੀਤਾ ਜਾ ਸਕਦਾ ਹੈ, ਕਿਉਂਕਿ ਸਮਾਗਮਾਂ ਅਤੇ ਸੰਮੇਲਨਾਂ ਦੌਰਾਨ ਡਾਟਾ ਉੱਪਰ ਹਮਲੇ ਹੋਣ ਦੀ ਸੰਭਾਵਨਾ ਰਹਿੰਦੀ ਹੈ। ਇਕ ਵਿਸ਼ੇਸ਼ ਮੀਟਿੰਗ ਕਰਕੇ ਅਧਿਕਾਰੀਆਂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸੁਰੱਖਿਆ ਅਤੇ ਜਾਸੂਸੀ ਬਾਰੇ ਕੈਨੇਡਾ ਨੂੰ (ਚੀਨ ਤੋਂ ਬਾਅਦ) ਸੰਸਾਰ ’ਚ ਦੂਸਰੇ ਨੰਬਰ ’ਤੇ ਭਾਰਤ ਤੋਂ ਸਭ ਤੋਂ ਵੱਧ ਖ਼ਤਰਾ ਰਹਿੰਦਾ ਹੈ। ਇਹ ਵੀ ਕਿ ਬੀਤੇ ਸਮੇਂ ’ਚ ਕੈਨੇਡਾ ’ਚ ਵਾਪਰੀਆਂ ਕੁਝ ਹਿੰਸਕ ਘਟਨਾਵਾਂ ’ਚ ਭਾਰਤੀ ਅਧਿਕਾਰੀਆਂ ਦਾ ਤਕੜਾ ਹੱਥ ਹੋਣ ਦਾ ਪੱਕਾ ਸ਼ੱਕ ਰਿਹਾ। ਵਫ਼ਦ ’ਚ ਜਾਣ ਵਾਲੇ ਪੱਤਰਕਾਰਾਂ ਨੂੰ ਇਹ ਵੀ ਸਲਾਹ ਦਿੱਤੀ ਗਈ ਕਿ ਜਨਤਕ ਥਾਵਾਂ ’ਤੇ ਆਪਣੇ ਕੰਪਿਊਟਰ ਤੇ ਸੈੱਲਫੋਨ ਰਿਚਾਰਜ ਨਾ ਕੀਤੇ ਜਾਣ। ਇਹ ਵੀ ਕਿ ਜਨਤਕ ਵਾਈਫਾਈ ਵੀ ਨਾ ਵਰਤਿਆ ਜਾਵੇ, ਕਿਉਂਕਿ ਇਸ ਤਰ੍ਹਾਂ ‘ਸਪੈਮ ਅਟੈਕ’ ਤੇ ਡਾਟਾ ਚੋਰੀ ਹੋਣ ਦੀ ਸੰਭਾਵਨਾ ਵੱਧ ਹੁੰਦੀ ਹੈ। ਇਹ ਵੀ ਆਖਿਆ ਗਿਆ ਕਿ ਆਪਣੇ ਸਮਾਰਟ ਯੰਤਰ ਪ੍ਰਧਾਨ ਮੰਤਰੀ ਦੇ ਜਹਾਜ਼ ’ਚ ਵੀ ਛੱਡ ਕੇ ਜਾ ਸਕਦੇ ਹਨ ਤੇ ਕਿਸੇ ਦੂਤਘਰ ’ਚ ਜਾਣ ਤੋਂ ਪਹਿਲਾਂ ਜੇਕਰ ਸੈੱਲਫੋਨ ਬਾਹਰ ਰੱਖਣ ਨੂੰ ਕਿਹਾ ਜਾਵੇ ਤਾਂ ਕੋਸ਼ਿਸ਼ ਕਰੋ ਕਿ ਫੋਨ ਨਾਲ ਨਾ ਲਿਜਾਇਆ ਜਾਵੇ।



# ਪੰਜਾਬੀ ਨੂੰ ਕੈਨੇਡਾ ਵਿੱਚ ਰਾਸ਼ਟਰੀ ਪੱਧਰ ਦੀ ਮਾਨਤਾ ਦਿਵਾਉਣ ਦੀ ਮੰਗ

ਸਰੀ: ਪੰਜਾਬੀ ਲੈਂਗੂਏਜ਼ ਐਜੂਕੇਸ਼ਨ ਐਸੋਸੀਏਸ਼ਨ (ਪਲੀਅ) ਵੱਲੋਂ ਬੀਤੇ ਦਿਨੀਂ ਆਪਣਾ 21ਵਾਂ ਸਾਲਾਨਾ ‘ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ’ ਸਮਾਗਮ ਮਨਾਇਆ ਗਿਆ। ਸਰੀ ਦੇ ਤਾਜ ਪਾਰਕ ਕਨਵੈਂਸ਼ਨ ਸੈਂਟਰ ਵਿਖੇ ਹੋਏ ਇਸ ਪ੍ਰੋਗਰਾਮ ਵਿੱਚ 150 ਤੋਂ ਵੱਧ ਪੰਜਾਬੀ ਪ੍ਰੇਮੀਆਂ ਅਤੇ ਪਲੀਅ ਦੇ ਮੈਂਬਰਾਂ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਮੰਚ ਸੰਚਾਲਕ ਹਰਮਨ ਪੰਧੇਰ ਨੇ ‘ਲੈਂਡ ਐਕਨੌਲੇਜਮੈਂਟ’ ਨਾਲ ਕੀਤੀ ਅਤੇ ਟੰਬਲਰ ਰਿਜ ਵਿਖੇ ਵਾਪਰੀ ਦੁਖਦਾਈ ਘਟਨਾ ਦੇ ਪੀੜਤਾਂ ਦੀ ਯਾਦ ਵਿੱਚ ਮੌਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ।

ਪਲੀਅ ਦੇ ਪ੍ਰਧਾਨ ਬਲਵੰਤ ਸੰਘੇੜਾ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਸਕੂਲਾਂ ਵਿੱਚ ਪੰਜਾਬੀ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਏਅਰਪੋਰਟ ਅਤੇ ਬੀ.ਸੀ. ਦੀਆਂ ਸਰਹੱਦਾਂ ’ਤੇ ਪੰਜਾਬੀ ਸਾਈਨ ਬੋਰਡ ਲਗਵਾਉਣ ਲਈ ਲਗਾਤਾਰ ਕੋਸ਼ਿਸ਼ਾਂ ਜਾਰੀ ਹਨ। ਸੰਸਥਾ ਦੇ ਉਪ-ਪ੍ਰਧਾਨ ਡਾ. ਸਾਧੂ ਬਿਨਿੰਗ ਨੇ ਪੰਜਾਬੀ ਨੂੰ ਕੈਨੇਡਾ ਵਿੱਚ ਰਾਸ਼ਟਰੀ ਪੱਧਰ ਦੀ ਮਾਨਤਾ ਦਿਵਾਉਣ ਦੀ ਮੰਗ ਦੁਹਰਾਈ।



ਸਮਾਗਮ ਦੌਰਾਨ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਪੇਸ਼ਕਾਰੀਆਂ ਕੀਤੀਆਂ ਗਈਆਂ। ਪ੍ਰਿੰਸੈਸ ਮਾਰਗਰੇਟ ਸੈਕੰਡਰੀ ਦੀ ਵਿਦਿਆਰਥਣ ਯਸਾਨੀਆ ਕੌਰ ਨੇ ਗੀਤ ਪੇਸ਼ ਕੀਤਾ, ਜਦਕਿ 8 ਸਾਲਾ ਸੋਹਰਾਬ ਸਿੰਘ ਬਰਾੜ ਨੇ ਪੰਜਾਬੀ ਦੀ ਅਹਿਮੀਅਤ ਬਾਰੇ ਵਿਚਾਰ ਸਾਂਝੇ ਕੀਤੇ। ਜੀਵਨ ਅਤੇ ਗੁਰਸ਼ਾਨਵੀਰ ਬਾਜਵਾ ਨੇ ਸਲਾਈਡ ਸ਼ੋਅ ਰਾਹੀਂ ਪੰਜਾਬੀ ਸਿੱਖਣ ਦੇ ਲਾਭ ਦੱਸੇ। ਵਿਦਿਆਰਥੀ ਜਸਮੀਤ ਸਿੰਘ ਖਹਿਰਾ ਨੇ ਕਵਿਤਾ ਸੁਣਾਈ ਅਤੇ ਰੋਹਨ ਤੇ ਜੈਡਨ ਗਿੱਲ ਦੀ ਲਘੂ ਫਿਲਮ ‘ਰੂਟਡ ਐਂਡ ਰਾਈਜਿੰਗ’ ਦਿਖਾਈ ਗਈ। ਮਿਲਨ ਅਤੇ ਮਾਇਆ ਖੇੜਾ ਨੇ ‘ਪੰਜਾਬੀ ਪਾਥਵੇਜ਼’ ਵੀਡੀਓ ਪੇਸ਼ ਕੀਤੀ।

ਸਰੀ ਸਕੂਲ ਡਿਸਟ੍ਰਿਕਟ ਦੀਆਂ ਅਧਿਆਪਕਾਂ ਗੁਰਪ੍ਰੀਤ ਬੈਂਸ ਅਤੇ ਅਮਨਦੀਪ ਛੀਨਾ ਨੇ ਦੱਸਿਆ ਕਿ ਲੋੜ ਅਨੁਸਾਰ ਪੰਜਾਬੀ ਹੁਣ ਸਰੀ ਦੇ ਸੈਕੰਡਰੀ ਸਕੂਲਾਂ ਦੀ ਅੱਠਵੀਂ ਜਮਾਤ ਵਿੱਚ ਉਪਲੱਬਧ ਹੋਵੇਗੀ। ਸਕੂਲ ਬੋਰਡ ਦੇ ਵਾਈਸ ਚੇਅਰ ਗੈਰੀ ਥਿੰਦ ਨੇ ਪੰਜਾਬੀ ਸਿੱਖਿਆ ਦੇ ਮੁੱਦਿਆਂ ’ਤੇ ਚਰਚਾ ਕਰਦਿਆਂ ਸੰਸਥਾ ਨੂੰ ਮਾਲੀ ਸਹਾਇਤਾ ਭੇਟ ਕੀਤੀ। ਹਰਮਨ ਪੰਧੇਰ ਨੇ ਪੰਜਾਬੀ ਸਾਹਿਤ ਪੜ੍ਹਨ ’ਤੇ ਜ਼ੋਰ ਦਿੱਤਾ ਅਤੇ ਮੁਫ਼ਤ ਵੰਡੀਆਂ ਕਿਤਾਬਾਂ ਬਾਰੇ ਜਾਣਕਾਰੀ ਦਿੱਤੀ।

ਸਮਾਗਮ ਦੌਰਾਨ ਵਿਸ਼ੇਸ਼ ਤੌਰ ’ਤੇ ਪਹੁੰਚੇ ਸੈਨੇਟਰ ਬਲਤੇਜ ਸਿੰਘ ਢਿੱਲੋਂ ਨੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਕੈਨੇਡਾ ਵਿੱਚ ਪੰਜਾਬੀ ਭਾਸ਼ਾ ਨਾਲ ਜੁੜੇ ਆਪਣੇ ਜੀਵਨ ਦੇ ਤਜਰਬੇ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਪੰਜਾਬੀ ਭਾਸ਼ਾ ਨੇ ਉਨ੍ਹਾਂ ਨੂੰ ਨਾ ਸਿਰਫ਼ ਨਿੱਜੀ ਜੀਵਨ ਵਿੱਚ ਬਲਕਿ ਉਨ੍ਹਾਂ ਦੇ ਪੇਸ਼ੇਵਰ ਕੰਮਾਂ ਵਿੱਚ ਵੀ ਬਹੁਤ ਮਦਦ ਕੀਤੀ ਹੈ। ਸਰੀ-ਨਿਊਟਨ ਤੋਂ ਐੱਮ.ਐੱਲ.ਏ. ਅਤੇ ਬੀ.ਸੀ. ਦੀ ਪੋਸਟ-ਸੈਕੰਡਰੀ ਸਿੱਖਿਆ ਅਤੇ ਫਿਊਚਰ ਸਕਿੱਲਜ਼ ਮੰਤਰੀ ਜੈਸੀ ਸੁੰਨੜ ਨੇ ਵੀ ਆਪਣੇ ਵਿਚਾਰ ਰੱਖੇ। ਕੈਨੇਡਾ ਵਿੱਚ ਜਨਮੀ ਜੈਸੀ ਸੁੰਨੜ ਨੇ ਦੱਸਿਆ ਕਿ ਆਪਣੀ ਮਾਂ-ਬੋਲੀ ਪੰਜਾਬੀ ਦੇ ਗਿਆਨ ਨੇ ਉਨ੍ਹਾਂ ਨੂੰ ਇੱਕ ਬਿਹਤਰ ਇਨਸਾਨ ਬਣਨ ਵਿੱਚ ਸਹਾਇਤਾ ਕੀਤੀ ਹੈ। ਦੋਵਾਂ ਸ਼ਖ਼ਸੀਅਤਾਂ ਨੇ ਨੌਜਵਾਨ ਪੀੜ੍ਹੀ ਲਈ ਮਾਂ-ਬੋਲੀ ਦੀ ਅਹਿਮੀਅਤ ’ਤੇ ਜ਼ੋਰ ਦਿੱਤਾ।

ਪ੍ਰੋਗਰਾਮ ਦੇ ਅਖੀਰ ਵਿੱਚ ਯੂ.ਬੀ.ਸੀ. ਦੇ ਪ੍ਰੋਫੈਸਰ ਗੁਰਿੰਦਰ ਮਾਨ ਅਤੇ ਅਧਿਆਪਕਾ ਪ੍ਰਭਜੋਤ ਕੌਰ ਸਿੰਘ ਨੇ ਧੰਨਵਾਦੀ ਸ਼ਬਦ ਕਹੇ। ਪਲੀਅ ਵੱਲੋਂ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਤੋਹਫ਼ੇ ਦੇ ਸਨਮਾਨਿਤ ਕੀਤਾ ਗਿਆ। ਸੰਸਥਾ ਨੇ ਇਸ ਸਫਲ ਸਮਾਗਮ ਲਈ ਤਾਜ ਪਾਰਕ ਕਨਵੈਂਸ਼ਨ ਸੈਂਟਰ ਅਤੇ ਪਿਛਲੇ 25 ਸਾਲਾਂ ਤੋਂ ਸਹਿਯੋਗ ਦੇ ਰਹੀ ਦੀਪਕ ਬਿਨਿੰਗ ਫਾਊਂਡੇਸ਼ਨ ਦਾ ਵਿਸ਼ੇਸ਼ ਧੰਨਵਾਦ ਕੀਤਾ।

CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

# CITIZENSHIP ELIGIBILITY AND GREEN CARD APPLICATION

DR. RAJESH MAHESHWARI, MD

VISIT US NOW!

San Ramon URGENT CARE & CLINIC
9140 Alcosta Boulevard Ste D
San Ramon, CA 94583
(925) 361-5959

Lathrop URGENT CARE
15810 Harlan Road #A
Lathrop, CA 95330
(209) 983-9000

Main Street URGENT CARE
1040 North Main Street
Manteca, CA 95336
(209) 825-5155

https://www.sanramonurgentcare.com/

Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਮਿਸ਼ਨ ਦੇ ਪ੍ਰਚਾਰਕ ਭਾਈ ਗੁਰਪਾਲ ਸਿੰਘ ਜੀ ਕਾਸਗੰਜ, ਭਾਈ ਰਣਧੀਰ ਜੀ ਆਗਰਾ ਅੱਪੜੇ ਹੋਏ ਸਨ। ਦਫ਼ਤਰ ਸਿੱਖ ਮਿਸ਼ਨ ਅਲੀਗੜ੍ਹ ਵਲੋਂ ਭਾਈ ਸਾਧੂ ਸਿੰਘ ਜੀ ਯੂ.ਪੀ. ਪ੍ਰਚਾਰ ਇੰਚਾਰਜ ਸਿੱਖ ਮਿਸ਼ਨ ਅਤੇ ਭਾਈ ਹਰਪਾਲ ਸਿੰਘ ਜੀ ਅਕਾਊਂਟੈਂਟ ਕਲਰਕ ਮਿਸ਼ਨ ਵਲੋਂ ਕਕਾਰ ਆਦਿਕ ਲੈ ਕੇ ਅੱਪੜ ਗਏ। ਦੀਵਾਨ ਬੜੀ ਸਜ ਧਜ ਨਾਲ ਸਮਾਪਤ ਹੋਇਆ। ਉਪਰੋਕਤ ਸੱਜਣਾਂ ਦੇ ਪ੍ਰਭਾਵਸ਼ਾਲੀ ਵਿਆਖਿਆਨ ਹੋਏ ਅਤੇ 100 ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ। ਦੀਵਾਨ ਦੀ ਕਾਰਵਾਈ ਦਾ 9 ਸਿੱਖਾਂ ਅਤੇ ਖ਼ਾਸ ਕਰ ਗੈਰ ਸਿੱਖਾਂ ਤੇ ਬੜਾ ਹੀ ਪ੍ਰਭਾਵ ਪਿਆ ਅਤੇ ਕਈ ਹੋਰ ਸੱਜਣਾਂ ਨੂੰ ਸਿੱਖ ਧਰਮ ਵਿਚ ਪ੍ਰਵੇਸ਼ ਹੋਣ ਲਈ ਕੜੇ ਪਹਿਨਾਏ ਗਏ।

ਗੁਰਦੁਆਰਾ ਗਜ਼ਟ ਅੰਮ੍ਰਿਤਸਰ (36) ਜੂਨ 1937

ਜ਼ਿਲ੍ਹਾ ਬਦਾਯੂੰ : ਉਪਰੋਕਤ ਜ਼ਿਲ੍ਹੇ ਵਿਚ ਸਰਬ-ਹਿੰਦ ਸਿੱਖ ਮਿਸ਼ਨ ਦੇ ਪ੍ਰਚਾਰਕ ਭਾਈ ਹਰਦਿੱਤ ਸਿੰਘ ਜੰਗ ਸਿੰਘ ਅਤੇ ਨਿਹਾਲ ਸਿੰਘ ਜੀ ਦੇ ਯਤਨ ਨਾਲ ਸਿੱਖੀ ਪ੍ਰਚਾਰ ਦੀ ਲਹਿਰ ਦਿਨ ਬਦਿਨ ਕਾਫ਼ੀ ਜ਼ੋਰ ਪਕੜ ਰਹੀ ਹੈ। ਵਿਰੋਧੀ ਜ਼ਿਮੀਂਦਾਰ ਲਹਿਰ ਨੂੰ ਦਬਾਉਣ ਲਈ ਕਹੀ ਵਸੀਲੇ ਵਰਤ ਰਹੇ ਹਨ। ਪਰ ਮਿਸ਼ਨ ਦੇ ਪ੍ਰਚਾਰਕ ਬਾਵਜੂਦ ਵਿਰੋਧੀਆਂ ਵਲੋਂ ਕਈ ਪ੍ਰਕਾਰ ਦੇ ਖ਼ਤਰਿਆਂ ਦੇ ਭੀ ਆਪਣੀ ਧੁਨ ਵਿਚ ਜੁਟੇ ਹੋਏ ਹਨ। ਉਪਰੋਕਤ ਸੱਜਣਾਂ ਦੇ ਉਦਮ ਨਾਲ ਸਰਤੋਲ ਜ਼ਿਲ੍ਹਾ ਬਦਾਯੂੰ ਵਿਚ 12 ਮਈ ਨੂੰ ਦੀਵਾਨ ਸਜਾਇਆ ਗਿਆ ਜਿਸ ਵਿਚ ਭਾਈ ਸਾਧੂ ਸਿੰਘ ਜੀ ਯੂ.ਪੀ. ਪ੍ਰਚਾਰ ਇੰਚਾਰਜ ਭੀ ਮਿਸ਼ਨ ਵਲੋਂ ਕਛਹਿਰੇ ਅਤੇ ਕਿਰਪਾਨਾਂ ਆਦਿ ਲੈ ਕੇ ਅੱਪੜੇ ਹੋਏ ਸਨ। ਵਿਰੋਧੀਆਂ ਵਲੋਂ ਕਾਫ਼ੀ ਤਿਆਰੀ ਪ੍ਰਤੀਤ ਹੁੰਦੀ ਸੀ। ਉਨ੍ਹਾਂ ਵਲੋਂ ਇਕ ਪੰਡਤ ਸ਼ਾਸਤਰੀ ਬਹਿਸ ਕਰਨ ਲਈ ਸਾਹਮਣੇ ਆਇਆ। ਲਗਾਤਾਰ ਤਿੰਨ ਘੰਟੇ ਦੀ ਬਹਿਸ ਮਗਰੋਂ ਪੰਡਤ ਜੀ ਨੂੰ ਨਿਰਉਤਰ ਹੋਣਾ ਪਿਆ। ਇਸ ਗੱਲ ਦਾ ਨਵੀਂ ਸਿੱਖ ਜਨਤਾ 'ਤੇ ਕਾਫ਼ੀ ਅਸਰ ਪਿਆ। ਦੂਜੇ ਦਿਨ ਦੀਵਾਨ ਸਜਿਆ ਅਤੇ ਵਿਰੋਧੀਆਂ ਵਲੋਂ ਬਾਵਜੂਦ ਸੱਦਾ ਪੱਤਰ ਭੇਜਣ ਦੇ ਵੀ ਕੋਈ ਸ਼ਾਮਲ ਨਾ ਹੋਇਆ। ਰਾਤ ਨੂੰ ਲਗਭਗ 60 ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ। 14 ਮਈ ਨੂੰ 9 ਸਿੱਖਾਂ ਨੂੰ ਗਿਰਾਉਣ ਲਈ ਬਹੁਤ ਉਪਰਾਲਾ ਕੀਤਾ ਗਿਆ। ਇਥੇ ਤੀਕਰ ਕਿ ਸਾਡੇ 'ਤੇ ਭੀ ਹਮਲੇ ਦੀਆਂ ਕਨਸੋਆਂ ਅੱਪੜ ਰਹੀਆਂ ਸਨ ਅਤੇ ਇਸ ਮਤਲਬ ਲਈ ਇਰਦ ਗਿਰਦ ਤੋਂ ਵਿਰੋਧੀਆਂ ਦੇ ਕਾਫ਼ੀ ਆਦਮੀ ਤੇ ਪ੍ਰਚਾਰਕ ਆਏ ਹੋਏ ਸਨ, ਪਰ ਕੋਈ ਨਾਖੁਸ਼ਗਵਾਰ ਵਾਕਿਆ ਪੇਸ਼ ਨਹੀਂ ਆਇਆ। ਨੌਂ ਸਿੱਖਾਂ ਨੂੰ ਬਾਵਜੂਦ ਵਿਰੋਧੀਆਂ ਦੀਆਂ ਆਪਣੇ ਇਕੱਠ ਵਿਚ ਬੁਲਾ ਕੇ ਧਮਕੀਆਂ ਦੇਣ ਦੇ ਕਿ ਖੂਹਾਂ ਅਤੇ ਟੋਭਿਆਂ ਤੋਂ ਬੰਦ ਕਰ ਦਿਆਂਗੇ ਸਿੱਖੀ ਤੋਂ ਮੁਨਕਰ ਹੋਣ ਲਈ ਸਾਫ਼ ਇਨਕਾਰ ਕਰ ਦਿੱਤਾ। ਇਕ ਪਾਸੇ ਵਿਰੋਧੀਆਂ ਦਾ ਭਾਰੀ ਇਕੱਠ ਜਿਸ ਵਿਚ ਉਨ੍ਹਾਂ ਦੇ ਪ੍ਰਚਾਰਕ ਸਿੱਖਾਂ ਨੂੰ ਬਹਿਕਾਉਣ ਲਈ ਪੂਰਾ ਤਾਣ ਲਗਾ ਰਹੇ ਸਨ ਅਤੇ ਦੂਸਰੀ ਤਰਫ਼ ਉਹ ਚੰਦ ਇਕ ਮਿਸ਼ਨ ਦੇ ਪ੍ਰਚਾਰਕ ਸਮੇਤ ਕੁਝ ਕੁ 9 ਸਿੱਖਾਂ ਦੇ ਹੋ ਰਹੀ ਘਟਨਾ ਨੂੰ ਦੇਖ ਰਹੇ ਸਨ ਅਤੇ ਵਿਰੋਧੀਆਂ ਵਲੋਂ ਹਮਲੇ ਦੀਆਂ ਕਨਸੋਆਂ ਸੁਣ ਰਹੇ ਸਨ। ਇਹ ਦ੍ਰਿਸ਼ ਕੁਝ ਕੁ ਦੇਖਣ ਨਾਲ ਹੀ ਸਬੰਧ ਰੱਖਦਾ ਸੀ। ਉਪਰੋਕਤ ਘਟਨਾ ਜਿਸ ਵਰਗੀਆਂ ਆਮ ਵਾਪਰ ਦੀਆਂ ਰਹਿੰਦੀਆਂ ਹਨ, ਯੂ. ਪੀ. ਦੇ ਪ੍ਰਚਾਰਕਾਂ ਦੀਆਂ ਤਕਲੀਫ਼ਾਂ ਪ੍ਰਗਟਾਉਣ ਲਈ ਕਾਫ਼ੀ ਹਨ।




ਗੁਰਦੁਆਰਾ ਗਜ਼ਟ ਅੰਮ੍ਰਿਤਸਰ (37) ਜੂਨ 1937

ਮੁਰਾਦਾਬਾਦ : ਭਾਈ ਕਰਤਾਰ ਸਿੰਘ ਜੀ ਪ੍ਰਚਾਰਕ ਮਿਸ਼ਨ ਇਤਲਾਹ ਦਿੰਦੇ ਹਨ ਕਿ ਪਿੰਡ ਬਕੈਨੀਆਂ ਤਹਿਸੀਲ ਬਿਹਾਰੀ ਵਿਚ 1-5-37 ਨੂੰ ਅੰਮ੍ਰਿਤ ਪ੍ਰਚਾਰ ਹੋਇਆ। 72 ਪ੍ਰਾਣੀਆਂ ਨੇ ਗੁਰੂ ਕਲਗੀਧਰ ਦੇ ਖੰਡੇ ਦਾ ਅੰਮ੍ਰਿਤ ਪਾਨ ਕੀਤਾ।

3 ਮਈ ਨੂੰ ਪਿੰਡ ਦੇਵਾ ਪੁਰ ਵਿਚ ਅੰਮ੍ਰਿਤ ਪ੍ਰਚਾਰ ਹੋਇਆ। 50 ਪ੍ਰਾਣੀਆਂ ਨੇ ਖੰਡੇ ਦਾ ਅੰਮ੍ਰਿਤ ਪਾਨ ਕੀਤਾ।

ਸਹਾਰਨਪੁਰ : 2-5-37 ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਭਾ. ਸ਼ਰਮ ਸਿੰਘ ਪ੍ਰਚਾਰਕ ਦੇ ਉਦਮ ਨਾਲ ਅੰਮ੍ਰਿਤ ਪ੍ਰਚਾਰ ਹੋਇਆ, 22 ਪ੍ਰਾਣੀਆਂ ਪਾਨ ਕੀਤਾ।

ਹਰੀ ਸਿੰਘ,
ਵਾਸਤੇ ਸਕੱਤਰ
ਸਰਬ-ਹਿੰਦ ਸਿੱਖ ਮਿਸ਼ਨ ਅੰਮ੍ਰਿਤਸਰ

ਖ਼ਾਲਸਾ ਕਾਲਜ ਬੰਬਈ

(ਵਲੋਂ : ਪ੍ਰਿੰਸੀਪਲ ਖ਼ਾਲਸਾ ਕਾਲਜ, ਬੰਬਈ)

ਆਪ ਨੇ 3-6-37 ਦੀ ਚਿੱਠੀ ਵਿਚ ਖ਼ਾਲਸਾ ਕਾਲਜ ਬੰਬਈ ਸਬੰਧੀ ਹੇਠ ਲਿਖੇ ਸਮਾਚਾਰ ਲਿਖੇ ਹਨ।

(ਚਲਦਾ)

# ਕਿਸਾਨਾਂ ਵੱਲੋਂ ਸਰਕਾਰੀ ਜਬਰ ਖ਼ਿਲਾਫ਼ ਮਾਰਚ 6 ਨੂੰ

## ਜਥੇਬੰਦੀਆਂ ਨੇ ਸੰਘਰਸ਼ ਦਾ ਪ੍ਰੋਗਰਾਮ ਉਲੀਕਿਆ; 10 ਨੂੰ ਬਰਨਾਲਾ 'ਚ ਹੋਵੇਗੀ ਰੈਲੀ; 23 ਮਾਰਚ ਨੂੰ ਸਾਮਰਾਜ ਵਿਰੋਧੀ ਦਿਨ ਮਨਾਉਣ ਦਾ ਫ਼ੈਸਲਾ



ਲੁਧਿਆਣਾ : ਸੰਯੁਕਤ ਕਿਸਾਨ ਮੋਰਚਾ ਪੰਜਾਬ ਚੈਪਟਰ ਦੀ ਅੱਜ ਇੱਥੇ ਮੀਟਿੰਗ ਵਿੱਚ ਕਿਸਾਨੀ ਮੰਗਾਂ ਦੇ ਹੱਕ ਵਿੱਚ ਅਗਲੇ ਸੰਘਰਸ਼ ਦੀ ਰੂਪ-ਰੇਖਾ ਉਲੀਕੀ ਗਈ। ਕਿਸਾਨ ਆਗੂਆਂ ਸਤਨਾਮ ਸਿੰਘ ਅਜਨਾਲਾ, ਸੁਖਦੇਵ ਸਿੰਘ ਆਰਾਈਆਂ ਵਾਲਾ ਅਤੇ ਗੁਰਮੀਤ ਸਿੰਘ ਮਹਿਮਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ 6 ਮਾਰਚ ਨੂੰ ਬਠਿੰਡਾ 'ਚ ਸਰਕਾਰੀ ਜਬਰ ਖ਼ਿਲਾਫ਼ ਕਿਸਾਨ ਮਾਰਚ ਕਰਨ ਦਾ ਐਲਾਨ ਕੀਤਾ ਗਿਆ। ਇਸ ਤੋਂ ਇਲਾਵਾ 10 ਮਾਰਚ ਨੂੰ ਬਰਨਾਲਾ ਵਿੱਚ ਕਿਸਾਨ ਰੈਲੀ ਕੀਤੀ ਜਾਵੇਗੀ ਅਤੇ 23 ਮਾਰਚ ਨੂੰ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਦੇਸ਼ ਭਰ ਵਿੱਚ 'ਸਾਮਰਾਜ ਵਿਰੋਧੀ ਦਿਨ' ਮਨਾਇਆ ਜਾਵੇਗਾ। ਇਸ ਸਬੰਧੀ ਬਲਬੀਰ ਸਿੰਘ ਰਾਜੇਵਾਲ, ਡਾ. ਦਰਸ਼ਨ ਪਾਲ, ਰਮਿੰਦਰ ਸਿੰਘ ਪਟਿਆਲਾ, ਜੰਗਵੀਰ ਚੌਹਾਨ, ਬਲਵਿੰਦਰ ਸਿੰਘ ਮੱਲੀ ਨੰਗਲ ਅਤੇ ਜੋਗਿੰਦਰ ਸਿੰਘ ਉਗਰਾਹਾਂ ਨੇ ਦੱਸਿਆ ਕਿ 12 ਮਾਰਚ ਨੂੰ ਚੰਡੀਗੜ੍ਹ ਦੇ ਕਿਸਾਨ ਭਵਨ ਵਿੱਚ ਕਿਸਾਨ, ਮਜ਼ਦੂਰ ਅਤੇ ਮੁਲਾਜ਼ਮ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਵਿੱਚ 23 ਮਾਰਚ ਦੇ ਪ੍ਰੋਗਰਾਮ ਨੂੰ ਅੰਤਿਮ ਰੂਪ ਦਿੱਤਾ ਜਾਵੇਗਾ। ਰਘਬੀਰ ਸਿੰਘ ਬੈਨੀਪਾਲ, ਪਰਮਿੰਦਰ ਸਿੰਘ ਪਾਲ ਮਾਜਰਾ, ਬੂਟਾ ਸਿੰਘ ਬੁਰਜਗਿੱਲ, ਹਰਦੇਵ ਸਿੰਘ ਸੰਧੂ ਅਤੇ ਰੁਲਦੂ ਸਿੰਘ ਮਾਨਸਾ ਨੇ ਪੰਜਾਬ ਸਰਕਾਰ 'ਤੇ ਚੰਡੀਗੜ੍ਹ ਵਿੱਚ ਕਿਸਾਨਾਂ ਤੋਂ ਸੰਘਰਸ਼ ਕਰਨ ਦਾ ਜਮਹੂਰੀ ਹੱਕ ਖੋਹਣ ਦਾ ਦੋਸ਼ ਲਾਇਆ। ਉਨ੍ਹਾਂ ਪਿੰਡ ਜਿਉਂਦ ਦਾ ਮੁੱਦਾ ਚੁੱਕਦਿਆਂ ਕਿਹਾ ਕਿ ਉੱਥੇ 700 ਏਕੜ ਜ਼ਮੀਨ ਰਿਲਾਇੰਸ ਕੰਪਨੀ ਨੂੰ ਧੱਕੇ ਨਾਲ ਦੇਣ ਦਾ ਵਿਰੋਧ ਕਰ ਰਹੇ ਕਿਸਾਨਾਂ ਨੂੰ ਬੁਰੀ ਤਰ੍ਹਾਂ ਕੁੱਟਿਆ ਗਿਆ। ਪੰਜਾਬ ਵਿੱਚ ਨੌਜਵਾਨਾਂ ਨੂੰ ਘਰਾਂ ਤੋਂ ਚੁੱਕ ਕੇ ਝੂਠੇ ਪੁਲੀਸ ਮੁਕਾਬਲੇ ਬਣਾਏ ਜਾ ਰਹੇ ਹਨ, ਜਿਸ ਨਾਲ ਸੂਬਾ 'ਪੁਲੀਸ ਸਟੇਟ' ਵਿੱਚ ਤਬਦੀਲ ਹੋ ਗਿਆ ਹੈ। ਹਰਮੀਤ ਸਿੰਘ ਕਾਦੀਆਂ, ਬਿੰਦਰ ਸਿੰਘ ਗੋਲੇਵਾਲਾ, ਬੂਟਾ ਸਿੰਘ ਸ਼ਾਦੀਪੁਰ, ਗੁਰਵਿੰਦਰ ਸਿੰਘ ਢਿੱਲੋਂ ਤੇ ਹੋਰਾਂ ਨੇ ਸਪੱਸ਼ਟ ਕੀਤਾ ਕਿ ਅਮਰੀਕਾ ਨਾਲ ਮੁਕਤ ਵਪਾਰ ਸਮਝੌਤਾ ਰੱਦ ਕਰਵਾਉਣ, ਬਿਜਲੀ ਸੋਧ ਬਿੱਲ-2025 ਅਤੇ ਬੀਜ ਬਿੱਲ-2025 ਵਾਪਸ ਕਰਵਾਉਣ, ਮਗਨਰੇਗਾ ਬਹਾਲ ਕਰਨ, ਕਰਜ਼ਾ ਮੁਕਤੀ ਅਤੇ ਪਾਣੀਆਂ ਦੇ ਮਸਲੇ ਹੱਲ ਹੋਣ ਤੱਕ ਸੰਘਰਸ਼ ਜਾਰੀ ਰਹੇਗਾ।

# ਭਾਰਤ ਵੱਲੋਂ ਰੂਸ ਨਾਲ਼ 5083 ਕਰੋੜ ਦੇ ਰੱਖਿਆ ਸਮਝੌਤੇ

## ਅਮਰੀਕੀ ਪਾਬੰਦੀਆਂ ਦੇ ਬਾਵਜੂਦ ਭਾਰਤ ਨੇ ਕੀਤੇ ਰੱਖਿਆ ਕਰਾਰ




ਨਵੀਂ ਦਿੱਲੀ: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਵੇਂ ਰੂਸ 'ਤੇ ਪਾਬੰਦੀਆਂ ਲਾਈਆਂ ਹੋਈਆਂ ਹਨ। ਪਰ ਇਸ ਦੇ ਬਾਵਜੂਦ ਭਾਰਤ ਨੇ ਰੂਸ ਨਾਲ਼ 5,083 ਕਰੋੜ ਰੁਪਏ ਦੇ ਰੱਖਿਆ ਸੌਦਿਆਂ ਉਤੇ ਹਸਤਾਖਰ ਕੀਤੇ ਹਨ। ਇਸ ਸੌਦੇ ਦੀ ਕੌਮਾਂਤਰੀ ਪੱਧਰ ਉਤੇ ਡਾਢੀ ਚਰਚਾ ਹੈ।

ਰੱਖਿਆ ਮੰਤਰਾਲੇ ਨੇ ਭਾਰਤੀ ਜਲ ਸੈਨਾ ਦੇ ਜੰਗੀ ਜਹਾਜ਼ਾਂ ਦੀ ਹਵਾਈ ਰੱਖਿਆ ਸਮਰੱਥਾ ਨੂੰ ਮਜ਼ਬੂਤ ਕਰਨ ਲਈ ਦੋ ਸਮਝੌਤੇ ਕੀਤੇ ਹਨ। ਰੂਸੀ ਮੂਲ ਦੇ ਜ਼ਮੀਨ ਤੋਂ ਹਵਾ ਵਿੱਚ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਦੇ ਨਵੇਂ ਸਟਾਕ ਨੂੰ ਖਰੀਦਣ ਲਈ ਇੱਕ ਸਮਝੌਤੇ 'ਤੇ ਹਸਤਾਖਰ ਕੀਤੇ ਗਏ ਹਨ।

ਮੰਤਰਾਲੇ ਨੇ ਸਵਦੇਸ਼ੀ ਐਡਵਾਂਸਡ ਲਾਈਟ ਹੈਲੀਕਾਪਟਰ (ALH) ਵਿੱਚ ਆਪਣੇ ਵਿਸ਼ਵਾਸ ਦੀ ਪੁਸ਼ਟੀ ਵੀ ਕੀਤੀ। ਸਮੁੰਦਰੀ ਕੰਢਿਆਂ ਦੀ ਰਾਖੀ ਲਈ ਛੇ ਵਾਧੂ ALH Mk-III ਹੈਲੀਕਾਪਟਰਾਂ ਲਈ ਇੱਕ ਵੱਖਰਾ ਇਕਰਾਰਨਾਮਾ ਕੀਤਾ ਗਿਆ ਹੈ।

ਦੋਵੇਂ ਇਕਰਾਰਨਾਮਿਆਂ ਦੀ ਕੁੱਲ ਕੀਮਤ 5,083 ਕਰੋੜ ਰੁਪਏ ਹੈ-ਜਿਨ੍ਹਾਂ 'ਚੋਂ ਮਿਜ਼ਾਈਲ ਪ੍ਰਣਾਲੀਆਂ ਲਈ 2,182 ਕਰੋੜ ਰੁਪਏ ਅਤੇ ਹੈਲੀਕਾਪਟਰਾਂ ਲਈ 2,901 ਕਰੋੜ ਰੁਪਏ ਦੇ ਸੌਦਿਆਂ ਉਤੇ ਹਸਤਾਖਰ ਹੋਏ ਹਨ। ਪਿਛਲੇ ਸਾਲ ਨਵੰਬਰ ਵਿੱਚ, ਰਾਸ਼ਟਰਪਤੀ ਟਰੰਪ ਨੇ ਰੂਸ ਨੂੰ ਅਲੱਗ-ਥਲੱਗ ਕਰਨ ਦੇ ਮੰਤਵ ਨਾਲ ਸਖ਼ਤ ਪਾਬੰਦੀਆਂ ਦੀ ਇੱਕ ਨਵੀਂ ਲਹਿਰ ਦਾ ਐਲਾਨ ਕੀਤਾ ਸੀ। ਉਨ੍ਹਾਂ ਚੇਤਾਵਨੀ ਦਿੱਤੀ ਸੀ ਕਿ ਮਾਸਕੋ ਨਾਲ ਵਪਾਰਕ ਸਬੰਧ ਬਣਾਈ ਰੱਖਣ ਵਾਲੇ ਦੇਸ਼ਾਂ ਉਤੇ 'ਬਹੁਤ ਸਖ਼ਤ ਪਾਬੰਦੀਆਂ' ਲਾਈਆਂ ਜਾਣਗੀਆਂ। ਰੂਸੀ ਮਿਜ਼ਾਈਲ ਪ੍ਰਣਾਲੀ, ਸ਼ਟਲ, ਅਲਮਾਜ਼-ਐਂਟੀ ਏਅਰ ਐਂਡ ਸਪੇਸ ਡਿਫੈਂਸ ਕਾਰਪੋਰੇਸ਼ਨ ਦੁਆਰਾ ਵਿਕਸਤ ਇੱਕ ਸਤ੍ਹਾ ਤੋਂ ਹਵਾ ਵਿੱਚ ਮਾਰ ਕਰਨ ਵਾਲੀ ਮਿਜ਼ਾਈਲ ਹੈ। ਇਹ 45 ਕਿਲੋਮੀਟਰ ਦੂਰ ਤੱਕ ਹਵਾਈ ਟੀਚਿਆਂ ਨੂੰ ਨਿਸ਼ਾਨਾ ਬਣਾ ਸਕਦੀ ਹੈ। ਮਿਜ਼ਾਈਲਾਂ ਅਤੇ ਸੰਬੰਧਿਤ ਮਿਜ਼ਾਈਲ ਹੋਲਡਿੰਗ ਫਰੇਮਾਂ ਦੀ ਖਰੀਦ ਲਈ ਇਕਰਾਰਨਾਮਾ JSC ਰੋਸੋਬੋਰੋਨੈਕਸਪੋਰਟ ਨਾਲ ਹਸਤਾਖਰ ਕੀਤੇ ਗਏ ਹਨ। ਇਸ ਪ੍ਰਾਪਤੀ ਦਾ ਉਦੇਸ਼ ਹਵਾਈ ਖਤਰਿਆਂ ਦਾ ਟਾਕਰਾ ਕਰਨ ਲਈ ਫਰੰਟਲਾਈਨ ਜੰਗੀ ਜਹਾਜ਼ਾਂ ਦੀ ਹਵਾਈ ਰੱਖਿਆ ਸਮਰੱਥਾ ਨੂੰ ਕਾਫ਼ੀ ਹੱਦ ਤੱਕ ਵਧਾਉਣਾ ਹੈ, ਜੋ ਕਿ ਤੇਜ਼-ਪ੍ਰਤੀਕਿਰਿਆ, ਹਰ ਮੌਸਮ ਵਿੱਚ ਸ਼ਮੂਲੀਅਤ ਸਮਰੱਥਾ ਅਤੇ ਵਿਵਾਦਪੂਰਨ ਸਮੁੰਦਰੀ ਵਾਤਾਵਰਣ ਵਿੱਚ ਬਿਹਤਰ ਬਚਾਅ ਪ੍ਰਦਾਨ ਕਰਦਾ ਹੈ। ਰੱਖਿਆ ਮੰਤਰਾਲੇ ਨੇ ਕਿਹਾ ਕਿ ਇਹ ਇਕਰਾਰਨਾਮਾ 'ਭਾਰਤ ਅਤੇ ਰੂਸ ਵਿਚਕਾਰ ਲੰਬੇ ਸਮੇਂ ਤੋਂ ਚੱਲੀ ਆ ਰਹੀ ਰੱਖਿਆ ਭਾਈਵਾਲ਼ੀ ਨੂੰ ਉਜਾਗਰ ਕਰਦਾ ਹੈ, ਜੋ ਆਪਸੀ ਵਿਸ਼ਵਾਸ ਅਤੇ ਰਣਨੀਤਕ ਇਕਸਾਰਤਾ 'ਤੇ ਸਥਾਪਿਤ ਹੈ'।

ਇਸ ਦੌਰਾਨ, ALH Mk-III ਸੰਸਕਰਣ ਲਈ ਇਕਰਾਰਨਾਮਾ ਜਨਤਕ ਖੇਤਰ ਦੀ ਪ੍ਰਮੁੱਖ ਹਿੰਦੁਸਤਾਨ ਏਅਰੋਨੌਟਿਕਸ ਲਿਮਟਿਡ, ਬੰਗਲੁਰੂ ਨਾਲ ਹਸਤਾਖਰ ਕੀਤੇ ਗਏ ਹਨ। ਇਸ ਵਿੱਚ ਸੰਚਾਲਨ ਉਪਕਰਣ, ਇੱਕ ਇੰਜੀਨੀਅਰਿੰਗ ਸਹਾਇਤਾ ਪੈਕੇਜ ਅਤੇ ਪ੍ਰਦਰਸ਼ਨ-ਅਧਾਰਤ ਲੌਜਿਸਟਿਕ ਸਹਾਇਤਾ ਸ਼ਾਮਲ ਹੈ।

ਇਹ ਇਕਰਾਰਨਾਮਾ ਜਲ ਸੈਨਾ ਅਤੇ ਤੱਟ ਰੱਖਿਅਕ ਦੁਆਰਾ ਸੰਚਾਲਿਤ ALH ਬੇੜਿਆਂ ਨੂੰ ਉਡਾਣ ਲਈ ਮਨਜ਼ੂਰੀ ਦਿੱਤੇ ਜਾਣ ਤੋਂ ਕੁਝ ਦਿਨ ਬਾਅਦ ਆਇਆ ਹੈ। ਪਿਛਲੇ ਸਾਲ 5 ਜਨਵਰੀ ਨੂੰ ਤੱਟ ਰੱਖਿਅਕ ਹੈਲੀਕਾਪਟਰ ਹਾਦਸੇ ਤੋਂ ਬਾਅਦ ਫੌਜ, IAF, ਜਲ ਸੈਨਾ ਅਤੇ ਤੱਟ ਰੱਖਿਅਕਾਂ ਦੇ ALH ਬੇੜਿਆਂ ਨੂੰ ਜ਼ਮੀਨ 'ਤੇ ਉਤਾਰ ਦਿੱਤਾ ਗਿਆ ਸੀ ਜਿਸ ਵਿੱਚ ਤਿੰਨ ਕਰਮਚਾਰੀ ਮਾਰੇ ਗਏ ਸਨ।

ਜਲ ਸੈਨਾ ਅਤੇ ਤੱਟ ਰੱਖਿਅਕ ਮਿਲ ਕੇ 51 ALH ਚਲਾਉਂਦੇ ਹਨ, ਜਿਨ੍ਹਾਂ ਨੂੰ ਹੁਣ ਕੁਝ ਸ਼ਰਤਾਂ ਨਾਲ ਉਡਾਣ ਭਰਨ ਦੀ ਇਜਾਜ਼ਤ ਦੇ ਦਿੱਤੀ ਗਈ ਹੈ। ਫੌਜ ਅਤੇ IAF ਬੇੜਿਆਂ ਨੂੰ ਪਿਛਲੇ ਸਾਲ ਅਪ੍ਰੈਲ ਵਿੱਚ ਮਨਜ਼ੂਰੀ ਦੇ ਦਿੱਤੀ ਗਈ ਸੀ। HAL ਦੁਆਰਾ ਸਥਾਪਤ 'ਨੁਕਸ ਜਾਂਚ ਟੀਮ' ਦੀ ਇੱਕ ਰਿਪੋਰਟ ਵਿੱਚ ਜਲ ਸੈਨਾ ਅਤੇ ਤੱਟ ਰੱਖਿਅਕ ALH ਦੇ ਸਵੈਸ਼ਪਲੇਟਾਂ ਵਿੱਚ ਤਰੇੜਾਂ ਪਾਈਆਂ ਗਈਆਂ ਸਨ, ਜੋ ਕਿ ਖਾਰੇ ਸਮੁੰਦਰੀ ਵਾਤਾਵਰਣ ਵਿੱਚ ਕਾਰਜਾਂ ਦੇ ਕਾਰਨ ਸਨ, ਜਿਸ ਨਾਲ ਸਮੱਗਰੀ ਦੀ ਥਕਾਵਟ 'ਤੇ ਚਿੰਤਾਵਾਂ ਪੈਦਾ ਹੋਈਆਂ ਸਨ। ਭਾਰਤੀ ਥਲ ਸੈਨਾ ਲਗਭਗ 200 ALH ਅਤੇ ਭਾਰਤੀ ਹਵਾਈ ਫ਼ੌਜ ਲਗਭਗ 75 ਚਲਾਉਂਦੀ ਹੈ। ਰੱਖਿਆ ਮੰਤਰਾਲੇ ਨੇ ਕਿਹਾ ਕਿ ਤਾਜ਼ਾ ਸ਼ਾਮਲ ਹੋਣ ਨਾਲ ਨਕਲੀ ਟਾਪੂਆਂ ਅਤੇ ਸਮੁੰਦਰੀ ਸਥਾਪਨਾਵਾਂ ਦੀ ਰੱਖਿਆ ਕਰਨ ਅਤੇ ਮਛੇਰਿਆਂ ਅਤੇ ਸਮੁੰਦਰੀ ਵਾਤਾਵਰਣ ਦੀ ਰੱਖਿਆ ਕਰਨ ਲਈ ਤੱਟ ਰੱਖਿਅਕ ਦੀ ਸਮਰੱਥਾ ਵਿੱਚ ਕਾਫ਼ੀ ਵਾਧਾ ਹੋਵੇਗਾ।

ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਜਿਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



ਹੈਲਥ ਗਾਈਡ

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਫ਼ਲੌਸਿੰਗ :**

ਦਿਨ ਵਿੱਚ ਇੱਕ ਵਾਰ ਫ਼ਲੌਸਿੰਗ ਜ਼ਰੂਰ ਕਰੋ, ਖ਼ਾਸ ਤੌਰ 'ਤੇ ਸੌਣ ਸਮੇਂ। ਫ਼ਲੌਸਿੰਗ ਦੇ ਨਾਲ ਦੰਦਾਂ ਦੇ ਵਿਚਕਾਰਲੇ ਹਿੱਸੇ ਨੂੰ ਧਾਗੇ ਨਾਲ ਸਾਫ਼ ਕੀਤਾ ਜਾਂਦਾ ਹੈ ਅਤੇ ਜੋ ਖਾਣਾ ਇਹਨਾਂ ਵਿੱਚ ਫਸਿਆ ਰਹਿ ਜਾਂਦਾ ਹੈ ਉਸਨੂੰ ਕੱਢਿਆ ਜਾਂਦਾ ਹੈ। ਸਿਰਫ਼ ਬੁਰਸ਼ ਕਰਨ ਨਾਲ ਦੰਦਾਂ ਦੇ ਵਿਚਕਾਰਲੇ ਹਿੱਸੇ ਨੂੰ ਸਾਫ਼ ਨਹੀਂ ਕੀਤਾ ਜਾ ਸਕਦਾ। ਦੰਦਾਂ ਅਤੇ ਮਸੂੜਿਆਂ ਨੂੰ ਸਾਫ਼ ਕਰਨ ਲਈ ਇਹਨਾਂ ਹਿੱਸਿਆਂ ਨੂੰ ਫ਼ਲੌਸਿੰਗ ਦੇ ਨਾਲ ਸਾਫ਼ ਕਰਨ ਦੀ ਜ਼ਰੂਰਤ ਪੈਂਦੀ ਹੈ।


**ਬੱਚਿਆਂ ਦੇ ਦੰਦਾਂ ਦੀ ਸੰਭਾਲ**

1. ਜ਼ਿੰਦਗੀ ਦੇ ਸ਼ੁਰੂਆਤ ਵਿੱਚ ਹੀ ਦੰਦਾਂ ਨੂੰ ਬੁਰਸ਼ ਕਰਨ ਦਾ ਸਹੀ ਤਰੀਕਾ ਸਿਖਾਓ।
2. ਬੱਚਿਆਂ ਨੂੰ ਹਰ ਰੋਜ਼ ਦੋ ਵਾਰ ਦੰਦਾਂ ਨੂੰ ਬੁਰਸ਼ ਕਰਨ ਦੀ ਆਦਤ ਪਾਓ, ਸਵੇਰੇ ਅਤੇ ਰਾਤ ਨੂੰ ਸੌਣ ਤੋਂ ਪਹਿਲਾਂ।
3. ਜੇਕਰ ਦੰਦ ਟੇਢੇ-ਮੇਢੇ ਹਨ, ਤਾਂ ਦੰਦਾਂ ਦੇ ਡਾਕਟਰ ਨੂੰ ਦਿਖਾਓ। ਇਸਨੂੰ ਦੰਦਾਂ ਉੱਤੇ ਬਰੇਸ (ਦੰਦਾਂ ਦੀਆਂ ਤਾਰਾਂ) ਲਗਾ ਕੇ ਠੀਕ ਕੀਤਾ ਜਾ ਸਕਦਾ ਹੈ।
4. ਜ਼ਿਆਦਾ ਸੋਢਾ, ਚੌਕਲੇਟ ਅਤੇ ਹੋਰ ਮਿੱਠੇ ਖਾਣੇ ਬੱਚਿਆਂ ਨੂੰ ਨਾ ਦਿਓ, ਜੇਕਰ ਉਹਨਾਂ ਨੇ ਮਿੱਠਾ ਖਾਣਾ ਖਾਇਆ ਹੈ ਤਾਂ ਇਹ ਪੱਕਾ ਕਰੋ ਕਿ ਉਹਨਾਂ ਨੇ ਖਾਣੇ ਤੋਂ ਬਾਅਦ ਬੁਰਸ਼ ਕੀਤਾ ਹੈ।

**ਦੁੱਧ ਵਾਲੇ ਦੰਦਾਂ ਦੀ ਸੰਭਾਲ**

**(ਬਹੁਤ ਛੋਟੇ ਬੱਚੇ ਦੇ ਦੰਦਾਂ ਦੀ ਸੰਭਾਲ)**

1. ਛੋਟੇ ਬੱਚੇ ਦੇ ਦੰਦ ਇੱਕ ਕੋਸੇ ਪਾਣੀ ਨਾਲ ਗਿੱਲੇ ਕੀਤੇ ਨਰਮ ਕੱਪੜੇ ਨਾਲ ਸਾਫ਼ ਕਰੋ।




2. ਇਹ ਪੱਕਾ ਕਰੋ ਕਿ ਛੋਟਾ ਬੱਚਾ ਦੁੱਧ ਪੂਰਾ ਪੀ ਲਵੇ ਅਤੇ ਮੂੰਹ ਵਿੱਚ ਨਾ ਰੱਖੇ।
3. ਦੁੱਧ ਵਿੱਚ ਚੀਨੀ ਨਾ ਪਾਓ।
4. ਦੰਦਾਂ ਦੇ ਡਾਕਟਰ ਨੂੰ ਸਮੇਂ ਸਮੇਂ ਸਿਰ ਦਿਖਾਉਂਦੇ ਰਹੋ।

**ਮਸੂੜਿਆਂ ਦੀਆਂ ਬਿਮਾਰੀਆਂ**

ਸਿਹਤਮੰਦ ਮਸੂੜਿਆਂ 'ਤੇ ਹੀ ਸਿਹਤਮੰਦ ਦੰਦ ਨਿਰਭਰ ਕਰਦੇ ਹਨ। ਮਸੂੜੇ ਦੰਦਾਂ ਦੇ ਹੇਠਲੇ ਹਿੱਸੇ ਨੂੰ ਸੰਭਾਲਦੇ ਹਨ। ਮਸੂੜਿਆਂ ਦੇ ਇਨਫ਼ੈਕਸ਼ਨ ਨਾਲ ਜਬਾੜੇ ਦੀ ਹੱਡੀ ਨੂੰ ਨੁਕਸਾਨ ਪਹੁੰਚਦਾ ਹੈ, ਜਿਸ ਨਾਲ ਦੰਦ ਢਿੱਲੇ ਹੋ ਜਾਂਦੇ ਹਨ। ਮਸੂੜਿਆਂ ਦੀ ਬਿਮਾਰੀ ਜ਼ਿਆਦਾ ਵਧਣ ਨਾਲ ਦੰਦ ਆਪਣੇ ਆਪ ਗਿਰ ਸਕਦੇ ਹਨ।

**ਲੱਛਣ :**

1. ਬੁਰਸ਼ ਕਰਨ ਨਾਲ ਮਸੂੜਿਆਂ ਵਿੱਚੋਂ ਖ਼ੂਨ ਨਿਕਲਣਾ।
2. ਬਦਬੂਦਾਰ ਸਾਹ ਆਉਣਾ।
3. ਗਰਮ ਠੰਡਾ ਲੱਗਣਾ।
4. ਮਸੂੜੇ ਵਿੱਚ ਦਰਦ ਹੋਣਾ।
5. ਦੰਦਾਂ ਦਾ ਢਿੱਲੇ ਹੋਣਾ।

**ਕਿਸਮਾਂ :**

1. ਜਿੰਜੀਵਾਈਟਿਸ : ਇਹ ਸਿਰਫ਼ ਮਸੂੜਿਆਂ ਦੀ ਬਿਮਾਰੀ ਹੈ ਅਤੇ ਦੰਦਾਂ ਦੀ ਨਹੀਂ। ਮਸੂੜੇ ਲਾਲ ਹੋ ਜਾਂਦੇ ਹਨ ਅਤੇ ਇਨ੍ਹਾਂ ਵਿੱਚ ਸੋਜ਼ਿਸ਼ ਆ ਜਾਂਦੀ ਹੈ। ਇਹ ਉਦੋਂ ਹੁੰਦਾ ਹੈ ਜਦੋਂ ਬੈਕਟੀਰੀਆ, ਮਸੂੜਿਆਂ ਅਤੇ ਦੰਦਾਂ ਵਿਚਕਾਰ ਖ਼ਾਲੀ ਥਾਂ ਵਿੱਚ ਜਮ੍ਹਾਂ ਹੋ ਜਾਂਦੇ ਹਨ ਜਿਸ ਨਾਲ ਮਸੂੜਿਆਂ ਵਿੱਚ ਸੋਜ਼ਿਸ਼ ਆ ਜਾਂਦੀ ਹੈ।
2. ਪੈਰੀਓਡੌਂਟਾਈਟਿਸ : ਇਹ ਮਸੂੜੇ ਅਤੇ ਦੰਦ, ਦੋਵਾਂ ਦੀ ਬਿਮਾਰੀ ਹੈ।

ਇਸਨੂੰ ਦੰਦਾਂ ਦੇ ਐਕਸ-ਰੇ ਵਿੱਚ ਦੇਖਿਆ ਜਾ ਸਕਦਾ ਹੈ ਜਾਂ ਦੰਦਾਂ ਦੇ ਡਾਕਟਰ ਵੱਲੋਂ ਜਾਂਚ ਕਰ ਕੇ ਪਤਾ ਲਗਾਇਆ ਜਾਂਦਾ ਹੈ।

**ਰੋਕਥਾਮ/ਬਚਾਅ :**

1. **ਬੁਰਸ਼ ਕਰਨਾ :** ਦੰਦਾਂ ਅਤੇ ਮਸੂੜਿਆਂ ਦੀ ਸਿਹਤ ਨੂੰ ਸਹੀ ਰੱਖਣ ਲਈ ਠੀਕ ਤਰੀਕੇ ਨਾਲ ਬੁਰਸ਼ ਕਰਨਾ ਬਹੁਤ ਜ਼ਰੂਰੀ ਹੈ। ਹਰ ਰੋਜ਼ ਲਗਭਗ ਦੋ ਮਿੰਟ ਲਈ ਦਿਨ ਵਿੱਚ ਦੋ ਵਾਰ ਬੁਰਸ਼ ਕਰੋ। ਬੁਰਸ਼ . ਆਪਣੇ ਮਸੂੜਿਆਂ ਦੀ ਲਾਈਨ ਵਿੱਚ ਟੇਢਾ ਕਰ ਕੇ ਆਪਣੇ ਮਸੂੜਿਆਂ ਤੋਂ ਬਾਹਰ ਵੱਲ ਨੂੰ ਬੁਰਸ਼ ਕਰੋ, ਆਪਣੀ ਜੀਭ ਉੱਤੇ ਕੀਟਾਣੂ ਹਟਾਉਣ ਲਈ ਜੀਭ 'ਤੇ ਵੀ ਆਰਾਮ ਨਾਲ ਬੁਰਸ਼ ਕਰੋ। ਇਸ ਤੋਂ ਬਾਅਦ ਚੰਗੀ ਤਰ੍ਹਾਂ ਪਾਣੀ ਨਾਲ ਕੁਰਲੀ ਕਰੋ। ਰਾਤ ਨੂੰ ਸੌਣ ਤੋਂ ਪਹਿਲਾਂ ਦੰਦਾਂ ਨੂੰ ਬੁਰਸ਼ ਕਰਨਾ ਨਾ ਭੁੱਲੋ।
2. **ਫ਼ਲੌਸਿੰਗ :** ਦੰਦਾਂ ਦੇ ਵਿਚਕਾਰ ਫਸੇ ਹੋਏ ਖਾਣੇ ਨੂੰ ਧਾਗੇ ਨਾਲ ਸਾਫ਼ ਕਰਨ ਦੇ ਤਰੀਕੇ ਨੂੰ ਫ਼ਲੌਸਿੰਗ ਕਿਹਾ ਜਾਂਦਾ ਹੈ। ਫ਼ਲੌਸਿੰਗ ਦਿਨ ਵਿੱਚ ਘੱਟੋ-ਘੱਟ ਇੱਕ ਵਾਰ ਜ਼ਰੂਰ ਕਰੋ, ਜੇ ਹੋ ਸਕੇ ਤਾਂ ਸੌਣ ਤੋਂ ਪਹਿਲਾਂ।
2. ਐਂਟੀਬੈਕਟੀਰੀਅਲ ਮਾਊਥ ਵਾਸ਼ ਦੀ ਵਰਤੋਂ ਕਰੋ।
4. ਸਿਗਰਟ ਨਾ ਪੀਓ।
5. ਖਾਣ ਦੀਆਂ ਚੰਗੀਆਂ ਆਦਤਾਂ ਅਪਣਾਓ।
6. ਦੰਦਾਂ ਦੇ ਡਾਕਟਰ ਨੂੰ ਸਮੇਂ ਸਮੇਂ ਸਿਰ ਦਿਖਾਓ।

**ਇਲਾਜ :**

1. ਦੰਦਾਂ ਦੇ ਡਾਕਟਰ ਕੋਲੋਂ ਚੰਗੀ ਤਰ੍ਹਾਂ ਦੰਦ ਸਾਫ਼ ਕਰਵਾਓ।
2. ਐਂਟੀਬਾਇਓਟਿਕ ਦਵਾਈ ਲਵੋ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

# ਅਧਿਆਪਕਾਂ ਨੇ ਵਿਧਾਇਕਾਂ ਦੀਆਂ ਰਿਹਾਇਸ਼ਾਂ ਘੇਰੀਆਂ

## ਟੈੱਟ ਦੀ ਬੇਲੋੜੀ ਸ਼ਰਤ ਰੱਦ ਕਰਨ ਅਤੇ ਬਾਕੀ ਮੰਗਾਂ ਜਲਦੀ ਲਾਗੂ ਕਰਨ ਦੀ ਮੰਗ



ਬਠਿੰਡਾ : ਸੁਪਰੀਮ ਕੋਰਟ ਵੱਲੋਂ ਅਧਿਆਪਕਾਂ ਲਈ ਅਧਿਆਪਕ ਯੋਗਤਾ ਟੈਸਟ (ਟੈੱਟ) ਪਾਸ ਕਰਨ ਦੇ ਆਦੇਸ਼ਾਂ ਨੂੰ ਸਰਕਾਰ ਵੱਲੋਂ ਲਾਗੂ ਕੀਤੇ ਜਾਣ ਦਾ ਅਧਿਆਪਕਾਂ ਨੇ ਵਿਰੋਧ ਕੀਤਾ। ਅਧਿਆਪਕਾਂ ਨੇ ਇਸ ਸ਼ਰਤ ਨੂੰ ਖਤਮ ਕਰਨ ਲਈ ਪੰਜਾਬ ਸਰਕਾਰ 'ਤੇ ਦਬਾਅ ਬਣਾਉਣ ਵਾਸਤੇ ਬਠਿੰਡਾ ਦੇ ਵਿਧਾਇਕ ਜਗਰੂਪ ਸਿੰਘ ਗਿੱਲ ਦੀ ਰਿਹਾਇਸ਼ ਦਾ ਘਿਰਾਓ ਕਰ ਕੇ ਨਾਅਰੇਬਾਜ਼ੀ ਕੀਤੀ।

ਇਸ ਮੌਕੇ ਬਲਜਿੰਦਰ ਸਿੰਘ, ਜਗਪਾਲ ਸਿੰਘ ਬੰਗੀ, ਰੇਸ਼ਮ ਸਿੰਘ ਖੇਮੋਆਣਾ, ਰਾਜਵੀਰ ਸਿੰਘ ਮਾਨ, ਹਰਜੀਤ ਸਿੰਘ ਜੀਦਾ, ਗੁਰਬਖ਼ਸ਼ ਸਿੰਘ, ਬਲਦੇਵ ਸਿੰਘ, ਜਗਸੀਰ ਸਿੰਘ ਸਹੋਤਾ, ਜਗਦੀਸ਼ ਕੁਮਾਰ ਜੱਗੀ, ਅੰਮ੍ਰਿਤਪਾਲ ਸਿੰਘ ਮਾਨ, ਜਗਤਾਰ ਸਿੰਘ ਬਾਠ, ਜੌਨੀ ਸਿੰਗਲਾ ਅਤੇ ਅਮਰਜੀਤ ਸਿੰਘ ਹਨੀ ਨੇ ਕਿਹਾ ਕਿ ਸਰਕਾਰ ਵੱਲੋਂ ਅਧਿਆਪਕਾਂ ਉੱਪਰ ਜਬਰੀ ਥੋਪੇ ਟੀ ਈ ਟੀ ਨੇ ਪਿਛਲੇ 25-30 ਸਾਲਾਂ ਤੋਂ ਨੌਕਰੀਆਂ ਕਰ ਰਹੇ ਅਧਿਆਪਕਾਂ ਦੇ ਰੁਜ਼ਗਾਰ ਉੱਪਰ ਕੁਹਾੜਾ ਚਲਾਉਣ ਦਾ ਕੰਮ ਕੀਤਾ ਹੈ, ਜਿਸ ਨੂੰ ਪੰਜਾਬ ਦੇ ਅਧਿਆਪਕ ਕਿਸੇ ਵੀ ਕੀਮਤ ਤੇ ਸਹਿਣ ਨਹੀਂ ਕਰਨਗੇ। ਬੁਲਾਰਿਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ 'ਟੈੱਟ' ਦੀ ਸ਼ਰਤ ਖਤਮ ਕੀਤੀ ਜਾਵੇ ਅਤੇ ਸੁਪਰੀਮ ਕੋਰਟ ਅੰਦਰ ਰਿਵਿਊ ਅਪੀਲ ਪਾ ਕੇ ਵਿਭਾਗ ਵੱਲੋਂ ਜਾਰੀ ਪੱਤਰ ਵਾਪਸ ਲਏ ਜਾਣ। ਉਨ੍ਹਾਂ ਪੰਜਾਬ ਅਤੇ ਕੇਂਦਰ ਸਰਕਾਰ 'ਤੇ ਮੁਲਾਜ਼ਮਾਂ ਲਈ ਰੁਜ਼ਗਾਰ ਮਾਰੂ ਨੀਤੀ ਬਣਾਉਣ ਦਾ ਦੋਸ਼ ਲਾਉਂਦਿਆਂ ਜ਼ਬਰਦਸਤ ਵਿਰੋਧ ਪ੍ਰਦਰਸ਼ਨ ਕਰਨ ਦੀ ਚਿਤਾਵਨੀ ਦਿੱਤੀ।

# ਬਾਣੀ ਬਾਣਾ ਅਤੇ ਗਤਕਾ ਸਿੱਖ ਕੌਮ ਦੀ ਵਿਰਾਸਤ ਹੈ ਸਿੱਖ ਸ਼ਸਤਰ ਕਲਾ ਨੂੰ ਸੰਭਾਲਣ ਲਈ ਜਥੇ: ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੇ ਯਤਨ ਪ੍ਰਸ਼ੰਸਾਜਨਕ: ਗਿ: ਅਮਰਜੀਤ ਸਿੰਘ

## ਬੁੱਢਾ ਦਲ ਵੱਲੋਂ ਗਿ. ਅਮਰਜੀਤ ਸਿੰਘ, ਭਾਈ ਹਜਿੰਦਰ ਸਿੰਘ, ਭਾਈ ਗੁਰਦੇਵ ਸਿੰਘ, ਭਾਈ ਹਰੀ ਸਿੰਘ ਤੇ ਹੋਰ ਸ਼ਖਸ਼ੀਅਤਾਂ ਸਨਮਾਨਤ

ਸ੍ਰੀ ਅਨੰਦਪੁਰ ਸਾਹਿਬ : ਹੋਲਾ-ਮਹੱਲਾ ਮੌਕੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ ਮੁਖੀ ਸਿੰਘ ਸਾਹਿਬ ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ ਵਿਚ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਗੁਰਦੁਆਰਾ ਗੁਰੂ ਕਾ ਬਾਗ ਛਾਉਣੀ ਨਿਹੰਗ ਸਿੰਘਾਂ ਬੁੱਢਾ ਦਲ ਵਿਖੇ ਵਿਰਸਾ ਸੰਭਾਲ ਨੈਸ਼ਨਲ ਗੱਤਕਾ ਮੁਕਾਬਲੇ ਕਰਵਾਏ ਗਏ ਜਿਸ ਵਿਚ ਵੱਖ-ਵੱਖ ਪ੍ਰਾਤਾਂ ਜਿਲਿਆਂ ਦੀਆਂ 20 ਟੀਮਾਂ ਨੇ ਸਿੱਖ ਸ਼ਸਤਰ ਕਲਾ ਦਾ ਬਾਖੂਬੀ ਪ੍ਰਗਟਾਵਾ ਕੀਤਾ। ਇਨ੍ਹਾਂ ਮੁਕਾਬਲਿਆਂ ਦੇ ਅੱਜ ਦੂਸਰੇ ਦਿਨ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗਜ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਅਨੰਦਪੁਰ ਸਾਹਿਬ, ਸ਼ ?ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਸਮੇਤ ਹੋਰ ਅਹਿਮ ਸਖਸ਼ੀਅਤਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਸ਼ ?ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਸਿੱਖ ਪੰਥ ਦੀਆਂ ਅਹਿਮ ਸਖਸ਼ੀਅਤਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਜਿਨ੍ਹਾਂ ਵਿਚ ਉੱਘੇ ਵਿਦਵਾਨ ਗਿ. ਅਮਰਜੀਤ ਸਿੰਘ ਕਾਰਜਕਾਰੀ ਹੈਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ, ਭਾਈ ਹਰਜਿੰਦਰ ਸਿੰਘ ਸ੍ਰੀ ਨਗਰ ਵਾਲੇ, ਭਾਈ ਗੁਰਦੇਵ ਸਿੰਘ ਅਸਟ੍ਰੇਲੀਆ, ਭਾਈ ਹਰੀ ਸਿੰਘ ਰੰਧਾਵੇ ਵਾਲੇ, ਬਾਬਾ ਜਸਵਿੰਦਰ ਸਿੰਘ ਜੱਸੀ ਸਨਮਾਨਤ ਸਖਸੀਅਤਾਂ ਨੂੰ ਬੁੱਢਾ ਦਲ ਦੇ ਮੁੱਖੀ ਵੱਲੋ ਸ੍ਰੀ ਸਾਹਿਬ, ਦੁਸ਼ਾਲਾ, ਸਿਰਪਾਓ, ਸਨਮਾਨ ਪੱਤਰ, ਸਨਮਾਨ ਚਿੰਨ ਅਤੇ ਨਕਦ ਰਾਸ਼ੀ ਦੇ ਕੇ ਸਨਮਾਨਿਆ ਗਿਆ।



ਇਸ ਮੌਕੇ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਹੈਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਨੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਿੱਖ ਵਿਰਾਸਤ ਦੀ ਸ਼ਾਨਾਮੱਤੀ ਸ਼ਸਤਰ ਕਲਾ ਨੂੰ ਸੰਭਾਲਣ ਲਈ ਬਾਬਾ ਬਲਬੀਰ ਸਿੰਘ ਮੁਖੀ ਸ਼ ?ਰੋਮਣੀ ਪੰਥ ਅਕਾਲੀ ਬੁੱਢਾ ਦਲ ਨਿਰੰਤਰ ਯਤਨਸ਼ੀਲ ਹਨ। ਇਨ੍ਹਾਂ ਵੱਲੋਂ ਹਰ ਹੋਲਾ ਮਹੱਲਾ ਅਤੇ ਖਾਲਸੇ ਦੀ ਸਿਰਜਨਾ ਦਿਵਸ ਵਿਸਾਖੀ ਮੌਕੇ ਗੱਤਕਾ ਮੁਕਾਬਲੇ ਕਰਵਾ ਕੇ ਸੰਗਤ ਨੂੰ ਖਾਲਸਾਈ ਸ਼ਾਨ ਦੇ ਰੂਬਰੂ ਕੀਤਾ ਜਾਂਦਾ ਹੈ, ਜਿਸ ਨਾਲ ਨੌਜੁਆਨੀ ਅੰਦਰ ਯੁੱਧ ਕਲਾ ਦੇ ਪ੍ਰਤੀਕ ਗੱਤਕਾਬਾਜ਼ੀ ਦੀ ਖਿੱਚ ਪੈਦਾ ਹੁੰਦੀ ਹੈ।ਨਿਰਸੰਦੇਹ ਅਜਿਹੇ ਉਪਰਾਲੇ ਵਰਤਮਾਨ ਸਿੱਖ ਨੌਜੁਆਨੀ ਨੂੰ ਆਪਣੀਆਂ ਵਿਰਾਸਤੀ ਜੜਾਂ ਨਾਲ ਜੋੜਨ ਲਈ ਵਡਮੁੱਲੀ ਭੂਮਿਕਾ ਅਦਾ ਕਰਦੇ ਹਨ। ਉਨ੍ਹਾਂ ਕਿਹਾ ਕਿ ਬੁੱਢਾ ਦਲ ਵੱਲੋਂ ਵੱਖ-ਵੱਖ ਖੇਤਰਾਂ ਵਿਚ ਅਹਿਮ ਯੋਗਦਾਨ ਪਾਉਣ ਵਾਲੀਆਂ ਸਿੱਖ ਸਖਸ਼ੀਅਤਾਂ ਹਰ ਸਾਲ ਵੱਖ-ਵੱਖ ਐਵਾਰਡਾਂ ਨਾਲ ਸਨਮਾਨਤ ਕਰਨਾ ਚੰਗੀ ਪਿਰਤ ਹੈ।

ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਕਿਹਾ ਕਿ ਦਸਮ ਪਾਤਸ਼ਾਹ ਵੱਲੋਂ ਦਿਤੀ ਇਹ ਜੰਗਜੂ ਕਲਾ ਨੂੰ ਸੁਰਜੀਤ ਰੱਖਣਾ ਤੇ ਉਸ ਵਿਕਾਸ ਲਈ ਨਿਰੰਤਰ ਜਤਨਸ਼ੀਲ ਹਨ। ਸਾਰੇ ਇਤਿਹਾਸਕ ਪੁਰਬਾਂ ਤੇ ਗੱਤਕੇ ਮੁਕਾਬਲੇ ਕਰਵਾਏ ਜਾ ਰਹੇ ਹਨ ਅਤੇ ਖੁਲੇ ਦਿਲ ਨਾਲ ਜੇਤੂ ਟੀਮਾਂ ਨੂੰ ਇਨਾਮ ਦੇ ਕੇ ਹੌਸਲਾ ਵਧਾਉਂਦੇ ਹਨ। ਜਥੇ: ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਵੱਲੋਂ ਇਸ ਮੌਕੇ ਸਿੰਘ ਸਾਹਿਬਾਨ, ਨਿਹੰਗ ਸਿੰਘ ਦਲਾਂ ਦੇ ਮੁਖੀਆਂ ਸਮੇਤ ਹੋਰ ਪ੍ਰਮੁੱਖ ਸ਼ਖਸੀਅਤਾਂ ਦਾ ਧੰਨਵਾਦ ਕੀਤਾ ਗਿਆ। ਗਤਕਾ ਮੁਕਾਬਲੇ ਵਿਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀਆਂ ਟੀਮਾਂ ਨੂੰ ਸ਼ ?ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਸਨਮਾਨਿਤ ਕੀਤਾ ਗਿਆ।

# 'ਬਾਦਲੀ-ਧੌਂਸ' ਅਕਾਲੀ ਫੂਲਾ ਸਿੰਘ ਦੀ ਪਦਵੀ ਤੋਂ ਬਾਅਦ ਹੁਣ ਬਾਬਾ ਬੁੱਢਾ ਜੀ ਦੀ ਪਦਵੀ 'ਤੇ ਵੀ ਹਾਵੀ ਹੋ ਗਈ : ਦੁਪਾਲਪੁਰ

ਸੈਨਹੋਜ਼ੇ : ਬੀਤੇ ਦਿਨ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਕਮੇਟੀ ਵਲੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹੈੱਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਜਬਰੀ ਰਿਟਾਇਰ ਕਰਨ ਦੀ ਕਾਰਵਾਈ ਉੱਤੇ ਟਿੱਪਣੀ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਅਤੇ ਪ੍ਰਵਾਸੀ ਲੇਖਕ ਤਰਲੋਚਨ ਸਿੰਘ ਦੁਪਾਲਪੁਰ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਪੰਥਕ ਕੇਂਦਰ ਉੱਤੇ ਦਹਾਕਿਆਂ ਤੋਂ ਕਾਬਜ਼ ਬਾਦਲਸ਼ਾਹੀ, ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਸਰਬਉੱਚ ਪਦਵੀ ਨਾਲ ਮਨਮਰਜੀ ਦੇ ਖਿਲਵਾੜ ਕਰਦੀ ਹੋਈ ਹੁਣ ਬਾਬਾ ਬੁੱਢਾ ਜੀ ਦੇ ਸਤਿਕਾਰਤ ਪਦ ਉੱਤੇ ਵੀ ਹਾਵੀ ਹੋ ਗਈ ਹੈ।



ਈ-ਮੇਲ ਰਾਹੀਂ ਭੇਜੇ ਆਪਣੇ ਲਿਖਤੀ ਬਿਆਨ ਵਿਚ ਭਾਈ ਦੁਪਾਲਪੁਰ ਨੇ ਕਿਹਾ ਕਿ ਦੋ ਦਸੰਬਰ ਸੰਨ ਪੱਚੀ ਦੇ ਇਤਿਹਾਸਕ ਹੁਕਮਨਾਮੇ ਜਾਰੀ ਕਰਨ ਵਾਲੇ ਜਥੇਦਾਰ ਸਾਹਿਬਾਨ ਦੀ ਵਾਰੋ ਵਾਰੀ ਬਰਖਾਸਤਗੀ ਤੋਂ ਬਾਅਦ ਉਸ ਲੜੀ ਦੀ ਗਿਆਨੀ ਰਘਬੀਰ ਸਿੰਘ ਆਖਰੀ ਕੜੀ ਸਨ ਜਿਨ੍ਹਾਂ ਨੂੰ ਹੁਣ ਅਹੁਦਾ-ਮੁਕਤ ਕਰਨ ਦੀ ਸਜ਼ਾ ਦਿੱਤੀ ਗਈ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਇਨ੍ਹਾਂ ਸਰਬੋਤਮ ਪਦਵੀਆਂ 'ਤੇ 'ਗੁਰਬਚਨ ਸਿੰਘ' ਬਣੇ ਰਹਿਣ ਵਾਲੇ ਸਿੰਘ ਹੀ ਮਾਲਕਾਂ ਨੂੰ ਪ੍ਰਵਾਨ ਹੁੰਦੇ ਹਨ। ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਧਿਰ ਦੀ ਧੌਂਸ ਭਰੀ ਇਸ ਧੱਕੇਸ਼ਾਹੀ ਦਾ ਸਿੱਧਾ ਮਤਲਬ ਇਹੀ ਹੈ ਕਿ ਤਖਤਾਂ ਉੱਤੇ ਜਥੇਦਾਰ ਲਾਉਣ ਜਾਂ ਲਾਹੁਣ ਵਾਲੀ 'ਮਾਲਕਾਂ ਦੀ ਮਰਜੀ' ਹੁਣ ਬ੍ਰਹਮਗਿਆਨੀ ਬਾਬਾ ਬੁੱਢਾ ਜੀ ਦੇ ਮਹਾਨ ਪਦ ਉੱਤੇ ਵੀ ਚੱਲਣ ਲੱਗ ਪਈ ਹੈ।

ਦੋ ਦਸੰਬਰ ਦੇ ਹੁਕਮਨਾਮੇ ਨਾਲ ਸਬੰਧਤ ਸਿੰਘ ਸਾਹਿਬਾਨ ਨਾਲ ਹੋਏ ਸਲੂਕ ਨੂੰ ਗੌਰ ਨਾਲ ਵਾਚਣ ਲਈ ਮੌਜੂਦਾ ਜਥੇਦਾਰ ਭਾਈ ਕੁਲਦੀਪ ਸਿੰਘ ਗੜਗੱਜ ਨੂੰ ਬੇਨਤੀ ਕਰਦਿਆਂ ਭਾਈ ਦੁਪਾਲ ਪੁਰ ਨੇ ਕਿਹਾ ਕਿ ਉਹ ਵੀ ਆਪਣੇ ਭਵਿੱਖ ਬਾਰੇ ਚਿੰਤਤ ਹੁੰਦਿਆ ਹਕੀਕਤਾਂ ਉੱਤੇ ਬਾਜ਼ ਨਜ਼ਰ ਰੱਖਣ।

ਬਿਆਨ ਦੇ ਅਖੀਰ ਵਿੱਚ ਭਾਈ ਦੁਪਾਲਪੁਰ ਨੇ ਭਵਿੱਖੀ ਤਵੱਕੋ ਕਰਦਿਆਂ ਕਿਹਾ ਕਿ ਗੁਰੂ ਦਾ ਡਰ ਭਉ ਭੁਲਾ ਕੇ ਪੰਥਕ ਪ੍ਰੰਪਰਾਵਾਂ ਅਤੇ ਰਵਾਇਤਾਂ ਦਾ ਘਾਣ ਕਰਨ ਵਾਲਿਆਂ ਨੂੰ ਜਿਵੇਂ ਵੱਖ ਵੱਖ ਚੋਣਾ ਮੌਕੇ ਪੰਜਾਬ ਵਾਸੀਆਂ ਨੇ ਦੁਰਕਾਰਿਆ ਅਤੇ ਨਕਾਰਿਆ ਹੈ, ਇਵੇਂ ਹੀ ਸ਼੍ਰੋਮਣੀ ਕਮੇਟੀ ਚੋਣਾਂ (ਜਿਨ੍ਹਾਂ ਨੂੰ ਸਿੱਖ ਪੰਥ ਬੜੀ ਬੇਸਬਰੀ ਨਾਲ ਉਡੀਕ ਰਿਹਾ ਹੈ) ਮੌਕੇ ਉਹੋ ਜਿਹਾ ਹੀ ਸਬਕ ਸਿਖਾਏਗਾ।

# ਰਣਜੀਤ ਸਿੰਘ ਦਾ ਪੋਸਟਮਾਰਟਮ ਮਗਰੋਂ ਵੀ ਨਾ ਹੋਇਆ ਸਸਕਾਰ

## ਪੁਲਿਸ ਨੇ ਸਸਕਾਰ ਕਰਵਾਉਣ ਲਈ ਦਬਾਅ ਬਣਾਇਆ

ਗੁਰਦਾਸਪੁਰ : ਆਦੀਆਂ ਪੁਲੀਸ ਪੋਸਟ 'ਤੇ ਦੋ ਪੁਲੀਸ ਕਰਮਚਾਰੀਆਂ ਦੀ ਹੱਤਿਆ ਦੇ ਮਾਮਲੇ ਵਿੱਚ ਕਥਿਤ ਤੌਰ 'ਤੇ ਪੁਲੀਸ ਮੁਕਾਬਲੇ ਵਿੱਚ ਮਾਰੇ ਗਏ 19 ਸਾਲ ਦੇ ਨੌਜਵਾਨ ਰਣਜੀਤ ਸਿੰਘ ਦਾ ਪੋਸਟ ਮਾਰਟਮ ਡਾਕਟਰਾਂ ਦੇ ਬੋਰਡ ਵੱਲੋਂ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਸਿਵਲ ਹਸਪਤਾਲ ਗੁਰਦਾਸਪੁਰ ਵਿੱਚ ਕੀਤਾ ਗਿਆ। ਚੀਫ਼ ਜੁਡੀਸ਼ਲ ਮੈਜਿਸਟਰੇਟ ਸੁਰੇਖਾ ਡਡਵਾਲ ਦੀ ਮੌਜੂਦਗੀ ਵਿੱਚ ਕੀਤੇ ਗਏ ਇਸ ਪੋਸਟ ਮਾਰਟਮ ਦੀ ਵੀਡੀਓਗਰਾਫ਼ੀ ਵੀ ਕੀਤੀ ਗਈ ।



ਪਰਿਵਾਰ ਕਹਿ ਰਿਹਾ ਹੈ ਕਿ ਰਣਜੀਤ ਸਿੰਘ ਨੂੰ ਮੁਕਾਬਲੇ ਵਿੱਚ ਨਹੀਂ ਬਲਕਿ ਗੋਲੀ ਮਾਰ ਕੇ ਮਾਰਿਆ ਗਿਆ ਸੀ। ਅਦਾਲਤ ਦੇ ਨਿਰਦੇਸ਼ਾਂ 'ਤੇ ਡਾਕਟਰਾਂ ਦੇ ਬੋਰਡ ਵਿੱਚ ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਦੇ ਦੋ ਫੋਰੈਂਸਿਕ ਮਾਹਰ ਅਤੇ ਇੱਕ ਡਾਕਟਰ ਗੁਰਦਾਸਪੁਰ ਤੋਂ ਸ਼ਾਮਲ ਸੀ।

ਸਪਤਾਲ ਵਿੱਚ ਮੌਜੂਦ ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂ ਅਮਰ ਕ੍ਰਾਂਤੀ ਨੇ ਕਿਹਾ ਉਨ੍ਹਾਂ ਨੂੰ ਯਕੀਨ ਹੈ ਕਿ ਪੁਲੀਸ ਨੇ ਰਣਜੀਤ ਦੀ ਪੁੱਛਗਿੱਛ ਦੌਰਾਨ ਹੋਈ ਮੌਤ ਤੋਂ ਬਾਅਦ ਮੁਕਾਬਲੇ ਦੀ ਕਹਾਣੀ ਬਣਾਈ ਸੀ। ਸੀਆਈਏ ਇੰਚਾਰਜ ਗੁਰਮੀਤ ਸਿੰਘ ਮੁੱਖ ਸ਼ੱਕੀ ਹੈ ਕਿਉਂਕਿ ਉਹ ਰਣਜੀਤ ਤੋਂ ਪੁੱਛਗਿੱਛ ਕਰ ਰਿਹਾ ਸੀ ।

ਹੁਣ ਸਭ ਦੀਆਂ ਨਜ਼ਰਾਂ ਪੋਸਟ ਮਾਰਟਮ ਦੀ ਰਿਪੋਰਟ 'ਤੇ ਟਿਕੀਆਂ ਹਨ ਜੋ ਕੁਝ ਦਿਨਾਂ ਵਿੱਚ ਸਾਹਮਣੇ ਆਉਣ ਦੀ ਸੰਭਾਵਨਾ ਹੈ। ਰਿਪੋਰਟ ਸਾਬਤ ਕਰੇਗੀ ਕਿ ਕੀ ਰਣਜੀਤ ਦੀ ਮੌਤ ਦਾ ਕਾਰਨ ਸੱਚਮੁੱਚ ਮੁਕਾਬਲੇ ਵਿੱਚ ਲੱਗੀ ਗੋਲੀ ਸੀ ਜਾਂ ਤਸ਼ੱਦਦ ਕਰ ਕੇ ਮੌਤ ਹੋਈ।

ਪੋਸਟ ਮਾਰਟਮ ਮਗਰੋਂ ਪੁਲੀਸ ਵੱਲੋਂ ਪਰਿਵਾਰ 'ਤੇ ਇਸ ਗੱਲ ਲਈ ਦਬਾਅ ਬਣਾਇਆ ਗਿਆ ਕਿ ਰਣਜੀਤ ਸਿੰਘ ਦਾ ਅੰਤਿਮ ਸੰਸਕਾਰ ਕਰ ਦਿੱਤਾ ਜਾਵੇ ਪਰ ਉਸ ਦੇ ਪਰਿਵਾਰ ਅਤੇ ਸੰਘਰਸ਼ ਕਮੇਟੀ ਦਾ ਕਹਿਣਾ ਸੀ ਕਿ ਦੇਰ ਸ਼ਾਮ ਸੰਸਕਾਰ ਸੰਭਵ ਨਹੀਂ ਅਤੇ ਮ੍ਰਿਤਕ ਦਾ ਪਿਤਾ ਵੀ ਦੁਬਈ ਵਿੱਚ ਕਿਸੇ ਐਕਸੀਡੈਂਟ ਦੇ ਮਾਮਲੇ ਵਿੱਚ ਜੇਲ੍ਹ ਵਿੱਚ ਹੈ। ਇਸ ਮਗਰੋਂ ਸੰਘਰਸ਼ ਕਮੇਟੀ ਦੇ ਮੈਂਬਰ ਹਸਪਤਾਲ ਮੂਹਰੇ ਧਰਨੇ 'ਤੇ ਬੈਠ ਗਏ । ਆਖ਼ਰ ਪੁਲੀਸ ਨਾਲ ਗੱਲਬਾਤ ਮਗਰੋਂ ਇਸ ਗੱਲ 'ਤੇ ਸਹਿਮਤੀ ਹੋਈ ਕਿ ਰਣਜੀਤ ਸਿੰਘ ਦੀ ਦੇਹ ਨੂੰ ਬੁੱਧਵਾਰ ਸਵੇਰੇ ਹਸਪਤਾਲ ਤੋਂ ਲਿਜਾਇਆ ਜਾਏਗਾ ਅਤੇ ਆਪਣੇ ਪੱਧਰ 'ਤੇ ਉਸ ਦੇ ਸਸਕਾਰ ਸਬੰਧੀ ਫ਼ੈਸਲਾ ਕੀਤਾ ਜਾਵੇਗਾ।

ਦੂਸਰੇ ਪਾਸੇ ਇਸ ਮਾਮਲੇ ਵਿੱਚ ਗਠਿਤ 11 ਮੈਂਬਰੀ ਸੰਘਰਸ਼ ਕਮੇਟੀ ਦਾ ਕਹਿਣਾ ਹੈ ਕਿ ਆਪਸੀ ਮਸ਼ਵਰੇ ਬਾਅਦ ਰਣਜੀਤ ਸਿੰਘ ਦੇ ਅੰਤਿਮ ਸੰਸਕਾਰ ਸਬੰਧੀ ਫ਼ੈਸਲਾ ਲਿਆ ਜਾਵੇਗਾ।

ਇਸ ਤੋਂ ਇਕ ਦਿਨ ਪਹਿਲਾਂ ਮੁਕਾਬਲੇ ਵਿੱਚ ਮਾਰੇ ਦੱਸੇ ਜਾਣ ਵਾਲੇ ਰਣਜੀਤ ਸਿੰਘ ਦੀ ਮਾਤਾ ਸੁਖਜਿੰਦਰ ਕੌਰ ਦੀ ਸ਼ਿਕਾਇਤ 'ਤੇ ਅਦਾਲਤ ਵੱਲੋਂ ਮਾਮਲੇ ਨਾਲ ਸਬੰਧਿਤ ਪੁਲੀਸ ਅਧਿਕਾਰੀਆਂ ਦੀਆਂ ਕਾਲ ਡਿਟੇਲਜ਼ ਅਤੇ ਜੀਪੀਐਸ ਡਿਟੇਲਜ਼ ਸੁਰੱਖਿਅਤ ਰੱਖਣ ਦੇ ਹੁਕਮ ਦਿੱਤੇ ਗਏ ਸਨ। ਅਦਾਲਤ ਨੇ ਕਿਹਾ ਸੀ ਕਿ ਘਟਨਾ ਨੇੜੇ ਸਥਾਪਤ ਸੀਸੀਟੀਵੀ ਫੁਟੇਜ, ਜੇਕਰ ਕੋਈ ਹੈ, ਨੂੰ ਸੁਰੱਖਿਅਤ ਰੱਖ ਕੇ ਜਾਂਚ ਦਾ ਹਿੱਸਾ ਬਣਾਇਆ ਜਾਵੇ। ਇਸੇ ਤਰ੍ਹਾਂ ਰਣਜੀਤ ਸਿੰਘ ਦੇ ਕਾਲ ਵੇਰਵੇ ਵੀ ਸੁਰੱਖਿਅਤ ਰੱਖਣ ਲਈ ਕਿਹਾ ਗਿਆ ਹੈ। ਅਦਾਲਤ ਨੇ ਇਹ ਵੀ ਹੁਕਮ ਦਿੱਤਾ ਹੈ ਕਿ ਸੀਆਈਏ ਇੰਚਾਰਜ ਗੁਰਮੀਤ ਸਿੰਘ, ਜਿਸ ਨੂੰ ਮੁਕਾਬਲੇ ਦੌਰਾਨ ਜ਼ਖ਼ਮੀ ਦਿਖਾਇਆ ਗਿਆ ਹੈ, ਦੇ ਮੈਡੀਕਲ ਰਿਕਾਰਡ ਅਤੇ ਜਾਂਚ ਦੇ ਸਬੰਧ ਵਿੱਚ ਐਸਐਮਓ, ਗੁਰਦਾਸਪੁਰ ਡਾਕਟਰੀ ਜਾਂਚ ਕਰਨ ਤੇ ਡਾਕਟਰਾਂ ਦੇ ਬੋਰਡ ਦੇ ਤਿੰਨ ਮੈਂਬਰ ਗਠਿਤ ਕਰਨ ਅਤੇ ਉਸ ਦੀ ਵਿਸਥਾਰਤ ਰਿਪੋਰਟ ਇਲਾਕਾ ਮੈਜਿਸਟ ?ਰੇਟ ਨੂੰ ਦੇਣ। ਉਸ ਦੀ ਬਾਂਹ 'ਤੇ ਗੋਲੀ ਲੱਗਣ ਦੇ ਸਬੰਧ ਵਿੱਚ ਜਾਂਚ ਕਰਕੇ ਜ਼ਖ਼ਮ ਬਾਰੇ ਇਹ ਸਪਸ਼ਟ ਕੀਤਾ ਜਾਏ ਕਿ ਉਸ ਦੀ ਬਾਂਹ 'ਤੇ ਗੋਲੀ ਆਪ ਲੱਗੀ ਹੈ ਜਾਂ ਕਿ ਮਾਰੀ ਗਈ ਹੈ।

# ਅਮਰੀਕਾ ਦੀਆਂ ਅਦਾਲਤਾਂ ਨੇ ਇਮੀਗ੍ਰੇਸ਼ਨ ਹਿਰਾਸਤ ਵਿਚ ਰੱਖੇ ਭਾਰਤੀਆਂ ਨੂੰ ਦਿੱਤੀ ਰਾਹਤ



ਵਾਸ਼ਿੰਗਟਨ : ਪਿਛਲੇ ਦਿਨ ਕਈ ਅਮਰੀਕੀ ਸੰਘੀ ਅਦਾਲਤਾਂ ਨੇ ਇਮੀਗ੍ਰੇਸ਼ਨ ਹਿਰਾਸਤ ਵਿਚ ਰੱਖੇ ਗਏ ਕਈ ਭਾਰਤੀ ਨਾਗਰਿਕਾਂ ਨੂੰ ਮਹੱਤਵਪੂਰਨ ਰਾਹਤ ਦਿੱਤੀ। ਉਨ੍ਹਾਂ ਨੇ ਕੁਝ ਲਈ ਜ਼ਮਾਨਤੀ ਸੁਣਵਾਈ ਦਾ ਆਦੇਸ਼ ਦਿੱਤਾ ਅਤੇ ਦੂਜਿਆਂ ਨੂੰ ਤੁਰੰਤ ਰਿਹਾਅ ਕਰਨ ਦਾ ਆਦੇਸ਼ ਦਿੱਤਾ। ਇਹ ਫੈਸਲੇ ਕੈਲੀਫੋਰਨੀਆ, ਮਿਸ਼ੀਗਨ, ਨਿਊਯਾਰਕ ਅਤੇ ਓਕਲਾਹੋਮਾ ਦੀਆਂ ਜ਼ਿਲ੍ਹਾ ਅਦਾਲਤਾਂ ਤੋਂ ਆਏ।

ਜੱਜਾਂ ਨੇ ਕਿਹਾ ਕਿ ਕੁਝ ਮਾਮਲਿਆਂ ਵਿਚ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਗਲਤ ਕਾਨੂੰਨ ਲਾਗੂ ਕੀਤਾ ਜਾਂ ਉਚਿਤ ਪ੍ਰਕਿਰਿਆ ਦੀ ਪਾਲਣਾ ਨਹੀਂ ਕੀਤੀ। ਅਦਾਲਤਾਂ ਦਾ ਮੰਨਣਾ ਹੈ ਕਿ ਜ਼ਮਾਨਤੀ ਸੁਣਵਾਈ ਤੋਂ ਬਿਨਾਂ ਲੰਬੇ ਸਮੇਂ ਤੱਕ ਹਿਰਾਸਤ ਵਿਚ ਰੱਖਣਾ ਗੈਰ-ਸੰਵਿਧਾਨਕ ਹੋ ਸਕਦਾ ਹੈ।

ਸੈਨ ਡਿਆਗੋ, ਕੈਲੀਫੋਰਨੀਆ ਵਿਚ ਇੱਕ ਸੰਘੀ ਜੱਜ ਨੇ ਹਰਬੀਤ ਸਿੰਘ ਦੀ ਪਟੀਸ਼ਨ ਨੂੰ ਮਨਜ਼ੂਰੀ ਦੇ ਦਿੱਤੀ ਅਤੇ ਸੱਤ ਦਿਨਾਂ ਦੇ ਅੰਦਰ 'ਨਿੱਜੀ ਜ਼ਮਾਨਤੀ ਸੁਣਵਾਈ"ਦਾ ਆਦੇਸ਼ ਦਿੱਤਾ। ਜੱਜ ਨੇ ਕਿਹਾ ਕਿ ਬਿਨਾਂ ਮੁਕੱਦਮੇ ਦੇ ਲੰਬੇ ਸਮੇਂ ਤੱਕ ਹਿਰਾਸਤ ਵਿਚ ਰੱਖਣਾ ਗੈਰ-ਵਾਜਬ ਹੈ ਅਤੇ ਉਚਿਤ ਪ੍ਰਕਿਰਿਆ ਦੀ ਉਲੰਘਣਾ ਹੈ। ਸਰਕਾਰ ਨੂੰ ਇਹ ਸਾਬਤ ਕਰਨਾ ਪਵੇਗਾ ਕਿ ਵਿਅਕਤੀ ਭੱਜਣ ਦਾ ਜੋਖਮ ਜਾਂ ਸਮਾਜ ਲਈ ਖ਼ਤਰਾ ਪੈਦਾ ਕਰਦਾ ਹੈ।

ਮਿਸ਼ੀਗਨ ਵਿਚ ਸਾਗਰ ਰਾਮ ਨੂੰ ਵੀ ਰਾਹਤ ਮਿਲੀ। ਅਦਾਲਤ ਨੇ ਪੰਜ ਕਾਰੋਬਾਰੀ ਦਿਨਾਂ ਦੇ ਅੰਦਰ ਉਸਦੀ ਜ਼ਮਾਨਤੀ ਸੁਣਵਾਈ ਦਾ ਹੁਕਮ ਦਿੱਤਾ, ਨਹੀਂ ਤਾਂ ਉਸਨੂੰ ਰਿਹਾਅ ਕਰ ਦਿੱਤਾ ਜਾਵੇਗਾ। ਜੱਜ ਨੇ ਸਰਕਾਰ ਦੀ ਇਸ ਦਲੀਲ ਨੂੰ ਰੱਦ ਕਰ ਦਿੱਤਾ ਕਿ ਲਾਜ਼ਮੀ ਨਜ਼ਰਬੰਦੀ ਕਾਨੂੰਨ ਉਸ 'ਤੇ ਲਾਗੂ ਹੁੰਦਾ ਹੈ। ਓਕਲਾਹੋਮਾ ਵਿਚ ਕਰਨਦੀਪ ਸਿੰਘ ਦੇ ਮਾਮਲੇ ਵਿਚ, ਅਦਾਲਤ ਨੇ ਇਹ ਵੀ ਕਿਹਾ ਕਿ ਉਹ ਜ਼ਮਾਨਤ ਦੀ ਇਜਾਜ਼ਤ ਦੇਣ ਵਾਲੀ ਧਾਰਾ ਦੇ ਅਧੀਨ ਸੀ। ਓਕਲਾਹੋਮਾ ਵਿਚ ਕਰਨਦੀਪ ਸਿੰਘ ਦੇ ਕੇਸ ਵਿਚ, ਅਦਾਲਤ ਨੇ ਕਿਹਾ ਕਿ ਉਹੀ ਧਾਰਾ ਉਸ 'ਤੇ ਲਾਗੂ ਹੁੰਦੀ ਹੈ, ਜਿਸ ਨੇ ਬਰੁਕਲਿਨ, ਨਿਊਯਾਰਕ ਵਿਚ ਹਰਮਨਪ੍ਰੀਤ ਸਿੰਘ ਨੂੰ ਵੀ ਇੱਕ ਨਵੀਂ ਜ਼ਮਾਨਤੀ ਸੁਣਵਾਈ ਦਾ ਅਧਿਕਾਰ ਦਿੱਤਾ ਸੀ। ਜੱਜ ਨੇ ਕਿਹਾ ਕਿ ਵਾਜਬ ਸੁਰੱਖਿਆ ਉਪਾਵਾਂ ਤੋਂ ਬਿਨਾਂ ਲਗਾਤਾਰ ਨਜ਼ਰਬੰਦੀ ਅਮਰੀਕੀ ਸੰਵਿਧਾਨ ਦੇ ਪੰਜਵੇਂ ਸੋਧ ਦੀ ਉਲੰਘਣਾ ਕਰਦੀ ਹੈ।

ਕੈਲੀਫੋਰਨੀਆ ਦੇ ਇੱਕ ਹੋਰ ਮਾਮਲੇ ਵਿਚ, ਭਵਨੰਦ ਸਿੰਘ ਧਾਲੀਵਾਲ ਨੂੰ ਤੁਰੰਤ ਰਿਹਾਅ ਕਰਨ ਦਾ ਹੁਕਮ ਦਿੱਤਾ ਗਿਆ ਸੀ। ਅਦਾਲਤ ਨੇ ਇਹ ਵੀ ਫੈਸਲਾ ਸੁਣਾਇਆ ਕਿ ਉਸਨੂੰ ਬਿਨਾਂ ਢੁੱਕਵੀਂ ਪ੍ਰਕਿਰਿਆ ਦੇ ਦੁਬਾਰਾ ਗ੍ਰਿਫਤਾਰ ਨਹੀਂ ਕੀਤਾ ਜਾ ਸਕਦਾ। ਸੈਨ ਡਿਆਗੋ ਵਿਚ ਇੱਕ ਹੋਰ ਮਾਮਲੇ ਵਿਚ, ਸਿੰਘ ਵਿਕਰਾਂਤ ਨੂੰ ਵੀ ਤੁਰੰਤ ਰਿਹਾਅ ਕਰਨ ਦਾ ਹੁਕਮ ਦਿੱਤਾ ਗਿਆ ਸੀ।

ਹਾਲਾਂਕਿ, ਸਾਰਿਆਂ ਨੂੰ ਰਾਹਤ ਨਹੀਂ ਮਿਲੀ। ਮਿਸ਼ੀਗਨ ਵਿਚ, ਗੁਰਪ੍ਰੀਤ ਵਾਲੀਆ ਸਿੰਘ ਦੀ ਪਟੀਸ਼ਨ ਖਾਰਜ ਕਰ ਦਿੱਤੀ ਗਈ ਕਿਉਂਕਿ ਅਦਾਲਤ ਨੇ ਕਿਹਾ ਕਿ ਉਸਨੂੰ ਪਹਿਲਾਂ ਹੀ ਆਪਣੀ ਨਜ਼ਰਬੰਦੀ ਦੀ ਸਮੀਖਿਆ ਕਰਨ ਦਾ ਮੌਕਾ ਮਿਲ ਗਿਆ ਸੀ। ਓਕਲਾਹੋਮਾ ਵਿਚ ਇੱਕ ਹੋਰ ਆਦਮੀ ਦੀ ਜ਼ਮਾਨਤੀ ਪਟੀਸ਼ਨ ਨੂੰ ਵੀ ਰੱਦ ਕਰ ਦਿੱਤਾ ਗਿਆ ਸੀ।

ਇਨ੍ਹਾਂ ਮਾਮਲਿਆਂ ਵਿਚ ਮੁੱਖ ਵਿਵਾਦ ਇਹ ਹੈ ਕਿ ਇਮੀਗ੍ਰੇਸ਼ਨ ਕਾਨੂੰਨ ਦੀ ਕਿਹੜੀ ਧਾਰਾ ਲਾਗੂ ਹੁੰਦੀ ਹੈ। ਇੱਕ ਧਾਰਾ ਕੁਝ ਵਿਅਕਤੀਆਂ ਨੂੰ ਲਾਜ਼ਮੀ ਹਿਰਾਸਤ ਵਿਚ ਰੱਖਣ ਦੀ ਵਿਵਸਥਾ ਕਰਦੀ ਹੈ, ਜਦੋਂ ਕਿ ਦੂਜੀ ਧਾਰਾ ਅਮਰੀਕਾ ਵਿਚ ਪਹਿਲਾਂ ਤੋਂ ਹੀ ਰਹਿ ਰਹੇ ਲੋਕਾਂ ਨੂੰ ਜ਼ਮਾਨਤ 'ਤੇ ਰਿਹਾਅ ਕਰਨ ਦੀ ਆਗਿਆ ਦਿੰਦੀ ਹੈ।

ਹਾਲ ਹੀ ਦੇ ਸਾਲਾਂ ਵਿਚ ਅਮਰੀਕੀ ਅਦਾਲਤਾਂ ਨੇ ਲੰਬੇ ਸਮੇਂ ਤੱਕ ਇਮੀਗ੍ਰੇਸ਼ਨ ਹਿਰਾਸਤ ਦੇ ਮਾਮਲਿਆਂ ਦੀ ਜਾਂਚ ਵਧਦੀ ਜਾ ਰਹੀ ਹੈ। ਸੁਪਰੀਮ ਕੋਰਟ ਨੇ ਇਹ ਵੀ ਮੰਨਿਆ ਹੈ ਕਿ ਅਮਰੀਕਾ ਵਿਚ ਮੌਜੂਦ ਗੈਰ-ਨਾਗਰਿਕ ਸੰਵਿਧਾਨ ਦੇ ਤਹਿਤ ਕਾਨੂੰਨੀ ਸੁਰੱਖਿਆ ਦੇ ਹੱਕਦਾਰ ਹਨ। ਫਿਰ ਵੀ ਇਸ ਬਾਰੇ ਬਹਿਸ ਜਾਰੀ ਹੈ ਕਿ ਜ਼ਮਾਨਤੀ ਸੁਣਵਾਈਆਂ ਕਿਵੇਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਸਬੂਤ ਦਾ ਭਾਰ ਕਿਸ ਨੂੰ ਚੁੱਕਣਾ ਚਾਹੀਦਾ ਹੈ।

# ਬਰਨਾਲਾ ਰੈਲੀ: ਕਾਂਗਰਸ ਦੀ ਤਾਕਤ, ਅਤੇ 2027 ਦਾ ਰਾਜਨੀਤਿਕ ਸੰਕੇਤ

## ਕਾਂਗਰਸ ਦੀ ਅਸਲ ਤਾਕਤ ਉਸਦਾ ਵਰਕਰ ਹੈ, ਜੇ ਵਰਕਰ ਇਕਜੁੱਟ ਰਹਿੰਦੇ ਹਨ ਤਾਂ ਕੋਈ ਵੀ ਸਿਆਸੀ ਤਾਕਤ ਸਾਨੂੰ ਰੋਕ ਨਹੀਂ ਸਕਦੀ : ਰਾਹੁਲ ਗਾਂਧੀ




ਬਰਨਾਲਾ: ਬਰਨਾਲਾ ਦੀ ਧਰਤੀ 'ਤੇ ਹੋਈ ਕਾਂਗਰਸ ਦੀ ਵਿਸ਼ਾਲ ਰੈਲੀ ਨੇ ਪੰਜਾਬ ਦੀ ਸਿਆਸਤ ਵਿੱਚ ਨਵਾਂ ਉਤਸ਼ਾਹ ਭਰ ਦਿੱਤਾ। ਹਜ਼ਾਰਾਂ ਦੀ ਗਿਣਤੀ ਵਿੱਚ ਪਹੁੰਚੇ ਵਰਕਰਾਂ ਅਤੇ ਸਮਰਥਕਾਂ ਦੇ ਦਰਮਿਆਨ ਕਾਂਗਰਸ ਦੇ ਕੇਂਦਰੀ ਨੇਤਾ Rahul Gandhi ਨੇ ਜੋਸ਼ੀਲੇ ਅੰਦਾਜ਼ ਵਿੱਚ ਸੰਬੋਧਨ ਕਰਦਿਆਂ ਸਾਫ਼ ਸੰਦੇਸ਼ ਦਿੱਤਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਇਕਤਾ ਅਤੇ ਅਨੁਸ਼ਾਸਨ ਸਭ ਤੋਂ ਵੱਡੀ ਲੋੜ ਹੈ।

ਇਸ ਸਾਂਝੀ ਹਾਜ਼ਰੀ ਨੂੰ ਸਿਆਸੀ ਵਿਸ਼ਲੇਸ਼ਕਾਂ ਵੱਲੋਂ ਇਕਤਾ ਦਾ ਵੱਡਾ ਸੰਕੇਤ ਮੰਨਿਆ ਜਾ ਰਿਹਾ ਹੈ। ਪਿਛਲੇ ਕੁਝ ਸਮੇਂ ਤੋਂ ਚੱਲ ਰਹੀਆਂ ਅੰਦਰੂਨੀ ਅਸਹਿਮਤੀਆਂ ਦੇ ਮਾਹੌਲ ਵਿੱਚ ਇਹ ਤਸਵੀਰ ਵਰਕਰਾਂ ਲਈ ਹੌਸਲੇ ਦਾ ਕਾਰਨ ਬਣੀ।

ਰਾਹੁਲ ਗਾਂਧੀ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਕਾਂਗਰਸ ਦੀ ਅਸਲ ਤਾਕਤ ਉਸਦਾ ਵਰਕਰ ਹੈ। ਜੇ ਵਰਕਰ ਇਕਜੁੱਟ ਰਹਿੰਦੇ ਹਨ ਤਾਂ ਕੋਈ ਵੀ ਸਿਆਸੀ ਤਾਕਤ ਸਾਨੂੰ ਰੋਕ ਨਹੀਂ ਸਕਦੀ।

ਉਨ੍ਹਾਂ ਨੇ ਸਪਸ਼ਟ ਕੀਤਾ ਕਿ ਪਾਰਟੀ ਅੰਦਰ ਗੁਟਬੰਦੀ ਜਾਂ ਨਿੱਜੀ ਅਜੰਡੇ ਲਈ ਕੋਈ ਥਾਂ ਨਹੀਂ। ਉਨ੍ਹਾਂ ਵਰਕਰਾਂ ਨੂੰ ਅਪੀਲ ਕੀਤੀ ਕਿ ਜ਼ਮੀਨੀ ਪੱਧਰ 'ਤੇ ਲੋਕਾਂ ਨਾਲ ਜੁੜ ਕੇ ਕੰਮ ਕੀਤਾ ਜਾਵੇ। ਉਨ੍ਹਾਂ ਇਹ ਵੀ ਸੰਕੇਤ ਦਿੱਤਾ ਕਿ ਅਨੁਸ਼ਾਸਨਹੀਣਤਾ 'ਤੇ ਸਖ਼ਤ ਰਵੱਈਆ ਅਪਣਾਇਆ ਜਾਵੇਗਾ।

ਮਲਿਕਾਰਜੁਨ ਖਰਗੇ ਨੇ ਰੈਲੀ 'ਚ ਮਨਰੇਗਾ ਦੀ ਲੋੜ, ਇਸ ਦੀ ਕਾਰਗਰਤਾ, ਅਤੇ ਮਜ਼ਦੂਰਾਂ ਦੇ ਹੱਕਾਂ ਬਾਰੇ ਗੱਲ ਕੀਤੀ। ਇਹ ਰੈਲੀ ਕਾਂਗਰਸ ਦੀਆਂ ਭਵਿੱਖੀ ਰਣਨੀਤੀਆਂ ਨੂੰ ਮਜ਼ਬੂਤ ਕਰਨ ਲਈ ਇਕ ਮੁੱਖ ਮੋੜ ਸੀ।

ਰੈਲੀ ਦੌਰਾਨ ਬਰਨਾਲਾ ਅਤੇ ਆਸ-ਪਾਸ ਦੇ ਇਲਾਕਿਆਂ ਤੋਂ ਵੱਡੀ ਗਿਣਤੀ ਵਿੱਚ ਲੋਕ ਪਹੁੰਚੇ। ਨਾਰੇਬਾਜ਼ੀ ਅਤੇ ਜੋਸ਼ੀਲੇ ਮਾਹੌਲ ਨੇ ਦਰਸਾਇਆ ਕਿ ਕਾਂਗਰਸ ਹਾਲੇ ਵੀ ਜ਼ਮੀਨੀ ਪੱਧਰ 'ਤੇ ਆਪਣੀ ਮੌਜੂਦਗੀ ਰੱਖਦੀ ਹੈ।

ਰੈਲੀ ਸਥਾਨ 'ਤੇ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮ ਕੀਤੇ ਗਏ ਸਨ। ਵਰਕਰਾਂ ਵਿੱਚ 2027 ਦੀ ਤਿਆਰੀ ਨੂੰ ਲੈ ਕੇ ਖਾਸ ਉਤਸ਼ਾਹ ਦਿਖਾਈ ਦਿੱਤਾ।


ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਬਰਨਾਲਾ ਰੈਲੀ 2027 ਦੀ ਚੋਣੀ ਮੁਹਿੰਮ ਦਾ ਸ਼ੁਰੂਆਤੀ ਪੜਾਅ ਹੈ। ਕਾਂਗਰਸ ਹੁਣ ਜ਼ਿਲ੍ਹਾ ਪੱਧਰ ਤੋਂ ਲੈ ਕੇ ਪਿੰਡ ਪੱਧਰ ਤੱਕ ਸੰਗਠਨ ਮਜ਼ਬੂਤ ਕਰਨ ਦੀ ਯੋਜਨਾ 'ਤੇ ਕੰਮ ਕਰ ਸਕਦੀ ਹੈ। ਪਾਰਟੀ ਅੰਦਰ ਚੱਲ ਰਹੇ ਮਸਲਿਆਂ ਨੂੰ ਸੁਲਝਾ ਕੇ ਇਕਤਾ ਬਣਾਈ ਰੱਖਣਾ ਹੀ ਸਭ ਤੋਂ ਵੱਡੀ ਚੁਣੌਤੀ ਹੋਵੇਗੀ।

ਬਰਨਾਲਾ ਦੀ ਰੈਲੀ ਨੇ ਸਪਸ਼ਟ ਕੀਤਾ ਕਿ ਕਾਂਗਰਸ ਹਾਈਕਮਾਂਡ ਹੁਣ ਪੰਜਾਬ ਇਕਾਈ ਨੂੰ ਲੈ ਕੇ ਗੰਭੀਰ ਹੈ। ਇਕ ਪਾਸੇ ਇਕਤਾ ਦਾ ਸੰਦੇਸ਼ ਦਿੱਤਾ ਗਿਆ, ਦੂਜੇ ਪਾਸੇ ਅਨੁਸ਼ਾਸਨ ਦੀ ਲਕੀਰ ਵੀ ਖਿੱਚੀ ਗਈ।

ਜੇ ਇਹ ਇਕਤਾ ਲੰਮੇ ਸਮੇਂ ਤੱਕ ਕਾਇਮ ਰਹਿੰਦੀ ਹੈ ਤਾਂ 2027 ਦੀ ਜੰਗ ਵਿੱਚ ਕਾਂਗਰਸ ਮਜ਼ਬੂਤ ਦਾਵੇਦਾਰ ਬਣ ਸਕਦੀ ਹੈ। ਪਰ ਜੇ ਅੰਦਰੂਨੀ ਟਕਰਾਅ ਮੁੜ ਉਭਰਿਆ ਤਾਂ ਸਥਿਤੀ ਮੁਸ਼ਕਲ ਹੋ ਸਕਦੀ ਹੈ।

ਬਰਨਾਲਾ ਦੀ ਰੈਲੀ ਸਿਰਫ਼ ਭੀੜ ਦਾ ਪ੍ਰਦਰਸ਼ਨ ਨਹੀਂ ਸੀ, ਸਗੋਂ ਕਾਂਗਰਸ ਲਈ ਇਕ ਨਵੀਂ ਸ਼ੁਰੂਆਤ ਦਾ ਸੰਕੇਤ ਸੀ। ਰਾਹੁਲ ਗਾਂਧੀ ਦੇ ਬਿਆਨਾਂ ਨੇ ਸਾਫ਼ ਕਰ ਦਿੱਤਾ ਕਿ ਹੁਣ ਇਕਤਾ ਅਤੇ ਅਨੁਸ਼ਾਸਨ ਨਾਲ ਹੀ ਅੱਗੇ ਵਧਣਾ ਹੋਵੇਗਾ। ਇਹ ਰੈਲੀ ਸਿਰਫ਼ ਸਿਆਸੀ ਇਕੱਠ ਨਹੀਂ ਸੀ, ਸਗੋਂ ਪੰਜਾਬ ਕਾਂਗਰਸ ਦੀ ਤਾਕਤ ਦਾ ਪ੍ਰਦਰਸ਼ਨ ਅਤੇ ਸੰਗਠਨਕ ਇਕਜੁੱਟਤਾ ਦਾ ਪ੍ਰਤੀਕ ਵੀ ਬਣੀ।

# ਇਰਾਨ ਖ਼ਿਲਾਫ਼ ਫੌਜੀ ਕਾਰਵਾਈਆਂ ਚਾਰ-ਪੰਜ ਹਫਤੇ ਜਾਰੀ ਰਹਿਣਗੀਆਂ: ਟਰੰਪ





ਇਜ਼ਰਾਈਲ-ਅਮਰੀਕਾ ਵਲੋਂ ਇਰਾਨ 'ਤੇ ਕੀਤੇ ਗਏ ਹਮਲਿਆਂ ਵਿਚ ਸੁਪਰੀਮ ਆਗੂ ਆਇਤੁੱਲਾ ਅਲੀ ਖਮੇਨੀ ਦੀ ਪਤਨੀ ਦੀ ਵੀ ਮੌਤ ਹੋ ਗਈ ਹੈ। ਇਸ ਹਮਲੇ ਵਿਚ ਖਮੇਨੀ ਦੀ ਪਤਨੀ ਮੰਸੂਰੇਹ ਦੋ ਦਿਨ ਪਹਿਲਾਂ ਜ਼ਖ਼ਮੀ ਹੋ ਗਈ ਸੀ। ਇਰਾਨੀ ਮੀਡੀਆ ਨੇ ਇਸ ਦੀ ਪੁਸ਼ਟੀ ਕੀਤੀ ਹੈ ਕਿ ਆਇਤੁੱਲਾ ਅਲੀ ਦੀ ਪਤਨੀ ਦੀ ਮੌਤ ਹੋ ਗਈ ਹੈ।

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸੋਮਵਾਰ ਨੂੰ ਵ੍ਹਾਈਟ ਹਾਊਸ ਵਿੱਚ ਇੱਕ ਸਮਾਗਮ ਦੌਰਾਨ ਕਿਹਾ ਕਿ ਇਰਾਨ ਵਿਰੁੱਧ ਚੱਲ ਰਹੀਆਂ ਫੌਜੀ ਕਾਰਵਾਈਆਂ ਅਗਲੇ 4 ਤੋਂ 5 ਹਫਤਿਆਂ ਤੱਕ ਜਾਰੀ ਰਹਿਣ ਦੀ ਸੰਭਾਵਨਾ ਹੈ। ਹਾਲਾਂਕਿ, ਉਨ੍ਹਾਂ ਨੇ ਇਹ ਵੀ ਸਪਸ਼ਟ ਕੀਤਾ ਕਿ ਜੇਕਰ ਲੋੜ ਪਈ ਤਾਂ ਅਮਰੀਕਾ ਇਸ ਜੰਗ ਨੂੰ ਇਸ ਤੋਂ ਵੀ ਲੰਬੇ ਸਮੇਂ ਤੱਕ ਜਾਰੀ ਰੱਖਣ ਲਈ ਪੂਰੀ ਤਰ੍ਹਾਂ ਤਿਆਰ ਹੈ। ਟਰੰਪ ਦਾ ਇਹ ਬਿਆਨ ਉਸ ਸਮੇਂ ਆਇਆ ਹੈ ਜਦੋਂ ਮੱਧ-ਪੂਰਬ ਵਿੱਚ ਹਾਲਾਤ ਬੇਕਾਬੂ ਹੁੰਦੇ ਜਾ ਰਹੇ ਹਨ।

ਇਰਾਨ ਦੇ ਸੁਪਰੀਮ ਲੀਡਰ ਆਇਤੁੱਲਾ ਅਲੀ ਖਮੇਨੀ ਦੇ ਮਾਰੇ ਜਾਣ ਤੋਂ ਬਾਅਦ ਤਣਾਅ ਸਿਖਰ 'ਤੇ ਪਹੁੰਚ ਗਿਆ ਹੈ। ਇਰਾਨ ਅਤੇ ਉਸ ਦੇ ਸਹਿਯੋਗੀਆਂ ਨੇ ਬਦਲੇ ਵਿੱਚ ਇਜ਼ਰਾਈਲ, ਗੁਆਂਢੀ ਖਾੜੀ ਦੇਸ਼ਾਂ ਅਤੇ ਦੁਨੀਆ ਦੇ ਤੇਲ ਤੇ ਗੈਸ ਦੇ ਮੁੱਖ ਕੇਂਦਰਾਂ 'ਤੇ ਹਮਲੇ ਸ਼ੁਰੂ ਕਰ ਦਿੱਤੇ ਹਨ। ਇਨ੍ਹਾਂ ਹਮਲਿਆਂ ਕਾਰਨ ਦੁਨੀਆ ਭਰ ਵਿੱਚ ਤੇਲ ਦੀਆਂ ਕੀਮਤਾਂ ਅਸਮਾਨੀ ਚੜ੍ਹ ਗਈਆਂ ਹਨ ਅਤੇ ਦੁਬਈ ਵਰਗੇ ਸੁਰੱਖਿਅਤ ਮੰਨੇ ਜਾਣ ਵਾਲੇ ਇਲਾਕਿਆਂ ਵਿੱਚ ਵੀ ਹਵਾਈ ਹਮਲੇ ਹੋ ਰਹੇ ਹਨ। ਇਸ ਕਾਰਨ ਲੱਖਾਂ ਹਵਾਈ ਯਾਤਰੀ ਵੱਖ-ਵੱਖ ਦੇਸ਼ਾਂ ਵਿੱਚ ਫਸੇ ਹੋਏ ਹਨ ਅਤੇ ਜੰਗ ਦੇ ਜਲਦੀ ਖ਼ਤਮ ਹੋਣ ਦੇ ਕੋਈ ਸੰਕੇਤ ਨਜ਼ਰ ਨਹੀਂ ਆ ਰਹੇ।

ਕੁਵੈਤ ਦੇ ਰੱਖਿਆ ਮੰਤਰਾਲੇ ਨੇ ਦੱਸਿਆ ਕਿ ਦੇਸ਼ ਵਿੱਚ ਕਈ ਅਮਰੀਕੀ ਜੰਗੀ ਜਹਾਜ਼ ਹਾਦਸਾਗ੍ਰਸਤ ਹੋ ਗਏ ਹਨ, ਜਿਨ੍ਹਾਂ ਵਿੱਚੋਂ ਸਾਰੇ ਪਾਇਲਟ ਸੁਰੱਖਿਅਤ ਬਾਹਰ ਨਿਕਲਣ ਵਿੱਚ ਕਾਮਯਾਬ ਰਹੇ। ਮੰਤਰਾਲੇ ਨੇ ਹਾਦਸਿਆਂ ਦੇ ਕਾਰਨਾਂ ਬਾਰੇ ਵਿਸਥਾਰ ਵਿੱਚ ਨਹੀਂ ਦੱਸਿਆ, ਪਰ ਇਹ ਘਟਨਾ ਇਰਾਨ ਵੱਲੋਂ ਦੇਸ਼ ਨੂੰ ਨਿਸ਼ਾਨਾ ਬਣਾ ਕੇ ਕੀਤੀ ਗਈ ਭਾਰੀ ਗੋਲੀਬਾਰੀ ਦੌਰਾਨ ਵਾਪਰੀ ਹੈ। ਕੁਵੈਤ ਦੇ ਰੱਖਿਆ ਮੰਤਰਾਲੇ ਨੇ ਕਿਹਾ ਕਿ ਪਾਇਲਟਾਂ ਨੂੰ ਜਾਂਚ ਲਈ ਹਸਪਤਾਲ ਲਿਜਾਇਆ ਗਿਆ ਹੈ ਅਤੇ ਉਨ੍ਹਾਂ ਦੀ ਹਾਲਤ ਸਥਿਰ ਹੈ। ਅਮਰੀਕੀ ਫੌਜ ਦੀ ਸੈਂਟਰਲ ਕਮਾਂਡ ਨੇ ਇਸ ਮਾਮਲੇ 'ਤੇ ਫਿਲਹਾਲ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਹੈ। ਅਮਰੀਕਾ ਅਤੇ ਇਜ਼ਰਾਈਲ ਨੇ ਐਤਵਾਰ ਨੂੰ ਇਰਾਨ ਦੇ ਕਈ ਟਿਕਾਣਿਆਂ 'ਤੇ ਜ਼ਬਰਦਸਤ ਬੰਬਾਰੀ ਕੀਤੀ, ਜਿਸ ਵਿੱਚ ਇਰਾਨ ਦੇ ਬੈਲਿਸਟਿਕ ਮਿਜ਼ਾਈਲ ਕੇਂਦਰਾਂ ਅਤੇ ਜੰਗੀ ਬੇੜਿਆਂ ਨੂੰ ਨਿਸ਼ਾਨਾ ਬਣਾਇਆ ਗਿਆ। ਇਰਾਨੀ ਆਗੂਆਂ ਅਨੁਸਾਰ, ਇਨ੍ਹਾਂ ਹਮਲਿਆਂ ਵਿੱਚ ਹੁਣ ਤੱਕ 200 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ। ਇਹ ਕਾਰਵਾਈ ਇਰਾਨ ਦੇ ਸੁਪਰੀਮ ਲੀਡਰ ਅਯਾਤੁੱਲਾ ਅਲੀ ਖ਼ਮੇਨੀ ਦੀ ਹੱਤਿਆ ਤੋਂ ਬਾਅਦ ਹੋਈ ਹੈ।

ਰਾਸ਼ਟਰਪਤੀ ਡੋਨਲਡ ਟਰੰਪ ਨੇ ਦਾਅਵਾ ਕੀਤਾ ਹੈ ਕਿ ਇਰਾਨ ਦੇ 9 ਜੰਗੀ ਬੇੜੇ ਡੁਬੋ ਦਿੱਤੇ ਗਏ ਹਨ। ਇਸ ਦੇ ਨਾਲ ਹੀ ਟਰੰਪ ਨੇ ਸੰਕੇਤ ਦਿੱਤਾ ਹੈ ਕਿ ਉਹ ਇਰਾਨ ਦੀ ਨਵੀਂ ਲੀਡਰਸ਼ਿਪ ਨਾਲ ਗੱਲਬਾਤ ਕਰਨ ਲਈ ਤਿਆਰ ਹਨ।

ਇਹ ਸੰਘਰਸ਼ ਹੁਣ ਸਿਰਫ਼ ਅਮਰੀਕਾ, ਇਜ਼ਰਾਈਲ ਅਤੇ ਇਰਾਨ ਤੱਕ ਸੀਮਤ ਨਹੀਂ ਰਿਹਾ। ਇਰਾਨੀ ਹਮਲਿਆਂ ਦੇ ਜਵਾਬ ਵਿੱਚ ਹਿਜ਼ਬੁੱਲਾ ਨੇ ਇਜ਼ਰਾਈਲ 'ਤੇ ਮਿਜ਼ਾਈਲਾਂ ਦਾਗੀਆਂ ਹਨ, ਜਿਸ ਦੇ ਜਵਾਬ ਵਿੱਚ ਇਜ਼ਰਾਈਲ ਨੇ ਬੈਰੂਤ (ਲੇਬਨਾਨ) 'ਤੇ ਹਮਲੇ ਕੀਤੇ। ਖਾੜੀ ਦੇਸ਼ਾਂ ਵਿੱਚ ਵੀ ਤਣਾਅ ਵਧ ਗਿਆ ਹੈ; ਯੂ.ਏ.ਈ., ਕੁਵੈਤ ਅਤੇ ਬਹਿਰੀਨ ਵਿੱਚ ਇਰਾਨੀ ਮਿਜ਼ਾਈਲਾਂ ਡਿੱਗਣ ਕਾਰਨ ਨਾਗਰਿਕਾਂ ਦੀ ਮੌਤ ਹੋਈ ਹੈ। ਇਜ਼ਰਾਈਲ ਵਿੱਚ ਵੀ ਇੱਕ ਸਿਨਾਗੋਗ (ਇਬਾਦਤਗਾਹ) 'ਤੇ ਹੋਏ ਹਮਲੇ ਵਿੱਚ 9 ਲੋਕ ਮਾਰੇ ਗਏ ਹਨ। ਬ੍ਰਿਟੇਨ, ਫਰਾਂਸ ਅਤੇ ਜਰਮਨੀ ਵਰਗੀਆਂ ਯੂਰਪੀ ਸ਼ਕਤੀਆਂ ਨੇ ਵੀ ਅਮਰੀਕਾ ਦਾ ਸਾਥ ਦੇਣ ਦੀ ਪੇਸ਼ਕਸ਼ ਕੀਤੀ ਹੈ।

ਤੇਹਰਾਨ ਦੀਆਂ ਸੜਕਾਂ 'ਤੇ ਸਨਾਟਾ ਪਸਰਿਆ ਹੋਇਆ ਹੈ ਅਤੇ ਲੋਕ ਹਵਾਈ ਹਮਲਿਆਂ ਦੇ ਡਰੋਂ ਘਰਾਂ ਵਿੱਚ ਦੁਬਕੇ ਹੋਏ ਹਨ। ਦੂਜੇ ਪਾਸੇ, ਇਰਾਨੀ ਵਿਦੇਸ਼ ਮੰਤਰੀ ਅੱਬਾਸ ਅਰਾਗਚੀ ਨੇ ਕਿਹਾ ਹੈ ਕਿ ਅਗਲੇ ਇੱਕ-ਦੋ ਦਿਨਾਂ ਵਿੱਚ ਨਵਾਂ ਸੁਪਰੀਮ ਲੀਡਰ ਚੁਣ ਲਿਆ ਜਾਵੇਗਾ।?

ਇਰਾਨ ਨੇ ਅਮਰੀਕਾ ਅਤੇ ਇਜ਼ਰਾਈਲ ਨੂੰ 'ਲਾਲ ਲਕੀਰ' ਪਾਰ ਕਰਨ ਦੀ ਚੇਤਾਵਨੀ ਦਿੰਦਿਆਂ ਭਿਆਨਕ ਬਦਲਾ ਲੈਣ ਦੀ ਗੱਲ ਕਹੀ ਹੈ, ਜਦੋਂਕਿ ਟਰੰਪ ਨੇ ਪਲਟਵਾਰ ਕਰਦਿਆਂ ਕਿਹਾ ਹੈ ਕਿ ਜੇਕਰ ਇਰਾਨ ਨੇ ਅਜਿਹਾ ਕੀਤਾ ਤਾਂ ਉਸ 'ਤੇ ਅਜਿਹੀ ਤਾਕਤ ਨਾਲ ਹਮਲਾ ਕੀਤਾ ਜਾਵੇਗਾ ਜੋ ਦੁਨੀਆ ਨੇ ਪਹਿਲਾਂ ਕਦੇ ਨਹੀਂ ਦੇਖੀ ਹੋਵੇਗੀ।

ਉੱਧਰ ਪੱਛਮੀ ਏਸ਼ੀਆ (West Asia) ਵਿੱਚ ਵਧਦੇ ਜੰਗੀ ਤਣਾਅ ਦੇ ਵਿਚਕਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਕ ਵਾਰ ਫਿਰ ਦੁਹਰਾਇਆ ਹੈ ਕਿ ਭਾਰਤ ਹਮੇਸ਼ਾ ਵਿਸ਼ਵਵਿਆਪੀ ਵਿਵਾਦਾਂ ਨੂੰ 'ਗੱਲਬਾਤ ਅਤੇ ਕੂਟਨੀਤੀ' (Dialogue and Diplomacy) ਰਾਹੀਂ ਸੁਲਝਾਉਣ ਦਾ ਸਮਰਥਕ ਰਿਹਾ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨਾਲ ਸਾਂਝੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਮੌਜੂਦਾ ਹਾਲਾਤ ਨੂੰ ਗੰਭੀਰ ਚਿੰਤਾ ਦਾ ਵਿਸ਼ਾ ਦੱਸਿਆ। ਪ੍ਰਧਾਨ ਮੰਤਕੀ ਮੋਦੀ ਨੇ ਕਿਹਾ, " ਭਾਰਤ ਦਾ ਸਟੈਂਡ ਹਮੇਸ਼ਾ ਸਪੱਸ਼ਟ ਰਿਹਾ ਹੈ। ਅਸੀਂ ਲਗਾਤਾਰ ਸ਼ਾਂਤੀ ਅਤੇ ਸਥਿਰਤਾ ਦੀ ਵਕਾਲਤ ਕੀਤੀ ਹੈ। ਜਦੋਂ ਦੋ ਲੋਕਤੰਤਰੀ ਦੇਸ਼ ਇਕੱਠੇ ਖੜ੍ਹੇ ਹੁੰਦੇ ਹਨ, ਤਾਂ ਸ਼ਾਂਤੀ ਦੀ ਆਵਾਜ਼ ਹੋਰ ਮਜ਼ਬੂਤ ਹੋ ਜਾਂਦੀ ਹੈ।

## ਈਰਾਨ ਦੇ ਰਾਸ਼ਟਰਪਤੀ ਦਫ਼ਤਰ ਤੇ ਸੁਰੱਖਿਆ ਪ੍ਰੀਸ਼ਦ ਦੀ ਇਮਾਰਤ ਮਿਜ਼ਾਈਲ ਹਮਲਿਆਂ 'ਚ ਤਬਾਹ



ਤੇਹਰਾਨ/ਯਰੂਸ਼ਲਮ : ਪੱਛਮੀ ਏਸ਼ੀਆ ਵਿੱਚ ਜੰਗ ਹੋਰ ਭਿਆਨਕ ਰੂਪ ਅਖਤਿਆਰ ਕਰਦੀ ਜਾ ਰਹੀ ਹੈ। ਅਮਰੀਕਾ ਅਤੇ ਇਜ਼ਰਾਈਲ ਵੱਲੋਂ ਈਰਾਨ 'ਤੇ ਕੀਤੇ ਜਾ ਰਹੇ ਹਮਲੇ ਰੁਕਣ ਦਾ ਨਾਮ ਨਹੀਂ ਲੈ ਰਹੇ। ਤਾਜ਼ਾ ਕਾਰਵਾਈ ਵਿੱਚ ਇਜ਼ਰਾਈਲੀ ਹਵਾਈ ਸੈਨਾ ਨੇ ਰਾਤੋ-ਰਾਤ ਈਰਾਨ ਦੇ ਸਭ ਤੋਂ ਮਹੱਤਵਪੂਰਨ ਅਤੇ ਸੁਰੱਖਿਅਤ ਮੰਨੇ ਜਾਣ ਵਾਲੇ ਸਰਕਾਰੀ ਟਿਕਾਣਿਆਂ 'ਤੇ ਜ਼ੋਰਦਾਰ ਹਮਲੇ ਕੀਤੇ ਹਨ। ਇਨ੍ਹਾਂ ਹਮਲਿਆਂ ਵਿੱਚ ਈਰਾਨ ਦੇ ਰਾਸ਼ਟਰਪਤੀ ਦਾ ਦਫ਼ਤਰ ਅਤੇ ਸੁਰੱਖਿਆ ਪ੍ਰੀਸ਼ਦ ਦੀ ਇਮਾਰਤ ਪੂਰੀ ਤਰ੍ਹਾਂ ਤਬਾਹ ਹੋ ਗਈ ਹੈ।

ਇਜ਼ਰਾਈਲੀ ਰੱਖਿਆ ਬਲਾਂ ਨੇ ਸੋਸ਼ਲ ਮੀਡੀਆ ਰਾਹੀਂ ਪੁਸ਼ਟੀ ਕੀਤੀ ਹੈ ਕਿ ਉਨ੍ਹਾਂ ਦਾ ਮੁੱਖ ਨਿਸ਼ਾਨਾ ਈਰਾਨ ਦੀ ਲੀਡਰਸ਼ਿਪ ਸੀ। ਆਈਡੀਐਫ ਅਨੁਸਾਰ, ਇਸ ਕਾਰਵਾਈ ਵਿੱਚ ਈਰਾਨੀ ਸਰਕਾਰ ਦੇ ਦਫ਼ਤਰਾਂ, ਮੁੱਖ ਫੌਜੀ ਟਿਕਾਣਿਆਂ ਅਤੇ ਕੇਂਦਰੀ ਹੈੱਡਕੁਆਰਟਰ ਨੂੰ ਨਸ਼ਟ ਕਰ ਦਿੱਤਾ ਗਿਆ ਹੈ। ਇਹ ਹੈੱਡਕੁਆਰਟਰ ਈਰਾਨ ਦਾ ਸਭ ਤੋਂ ਉੱਚਾ ਫੈਸਲਾ ਲੈਣ ਵਾਲਾ ਕੇਂਦਰ ਸੀ ਅਤੇ ਇਸ ਨੂੰ ਦੇਸ਼ ਦੇ ਸਭ ਤੋਂ ਸਖ਼ਤ ਸੁਰੱਖਿਆ ਪ੍ਰਬੰਧਾਂ ਵਾਲੇ ਸਥਾਨਾਂ ਵਿੱਚੋਂ ਇੱਕ ਮੰਨਿਆ ਜਾਂਦਾ ਸੀ। ਇਜ਼ਰਾਈਲ ਦਾ ਦਾਅਵਾ ਹੈ ਕਿ ਇਹ ਹਮਲੇ ਸਟੀਕ ਖੁਫ਼ੀਆ ਜਾਣਕਾਰੀ ਦੇ ਆਧਾਰ 'ਤੇ ਕੀਤੇ ਗਏ ਹਨ। ਸੂਤਰਾਂ ਅਨੁਸਾਰ, ਜਿਸ ਕੰਪਲੈਕਸ ਨੂੰ ਨਿਸ਼ਾਨਾ ਬਣਾਇਆ ਗਿਆ ਹੈ, ਉਹ ਈਰਾਨ ਦੀ ਸਭ ਤੋਂ ਕੀਮਤੀ ਅਤੇ ਸੁਰੱਖਿਅਤ ਜਾਇਦਾਦਾਂ ਵਿੱਚੋਂ ਇੱਕ ਸੀ।

## ਪੈਂਟਾਗਨ ਨੇ ਜਾਰੀ ਕੀਤੀਆਂ ਈਰਾਨ ਜੰਗ 'ਚ ਮਾਰੇ ਗਏ 4 ਅਮਰੀਕੀ ਫ਼ੌਜੀਆਂ ਦੀਆਂ ਤਸਵੀਰਾਂ, 2 ਦੀ ਪਛਾਣ ਬਾਕੀ




ਨਵੀਂ ਦਿੱਲੀ : ਪੈਂਟਾਗਨ ਨੇ ਈਰਾਨੀ ਡਰੋਨ ਹਮਲੇ ਵਿੱਚ ਮਾਰੇ ਗਏ 6 ਅਮਰੀਕੀ ਫ਼ੌਜੀਆਂ ਵਿੱਚੋਂ 4 ਦੀ ਪਛਾਣ ਕਰਕੇ ਉਨ੍ਹਾਂ ਦੀਆਂ ਤਸਵੀਰਾਂ ਜਾਰੀ ਕੀਤੀਆਂ ਹਨ। ਇਹ ਫ਼ੌਜੀ ਕੈਪਟਨ ਕੋਡੀ ਖੋਰਕ (35), ਸਾਰਜੈਂਟ ਫਸਟ ਕਲਾਸ ਨੋਆਹ ਟਿਏਟਜੇਂਸ (42), ਸਾਰਜੈਂਟ ਫਸਟ ਕਲਾਸ ਨਿਕੋਲ ਅਮੋਰ (39) ਅਤੇ ਸਾਰਜੈਂਟ ਡੇਕਲਾਨ ਕੋਡੀ (20) ਹਨ। ਚਾਰੇ ਫ਼ੌਜੀਆਂ ਨੂੰ 103ਵੀਂ ਸਸਟੇਨਮੈਂਟ ਕਮਾਂਡ, ਆਇਓਵਾ ਵਿੱਚ ਇੱਕ ਆਰਮੀ ਰਿਜ਼ਰਵ ਸਸਟੇਨਮੈਂਟ ਯੂਨਿਟ ਵਿੱਚ ਨਿਯੁਕਤ ਕੀਤਾ ਗਿਆ ਸੀ, ਜੋ ਭੋਜਨ, ਬਾਲਣ, ਪਾਣੀ, ਗੋਲਾ-ਬਾਰੂਦ, ਆਵਾਜਾਈ ਉਪਕਰਣ ਅਤੇ ਸਪਲਾਈ ਪ੍ਰਦਾਨ ਕਰਦਾ ਹੈ। ਹਮਲੇ ਵਿੱਚ ਮਾਰੇ ਗਏ ਦੋ ਹੋਰ ਫ਼ੌਜੀਆਂ ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ ਹੈ। ਇਹ ਅਮਰੀਕੀ ਫ਼ੌਜੀ ਐਤਵਾਰ ਨੂੰ ਕੁਵੈਤ ਦੇ ਪੋਰਟ ਸ਼ੁਆਈਬਾ ਵਿੱਚ ਇੱਕ ਕਮਾਂਡ ਸੈਂਟਰ 'ਤੇ ਡਰੋਨ ਨਾਲ ਹਮਲਾ ਕਰਨ 'ਤੇ ਮਾਰੇ ਗਏ ਸਨ। ਏਪੀ ਦੀ ਰਿਪੋਰਟ ਅਨੁਸਾਰ, ਫੌਜ ਸਕੱਤਰ ਡੈਨੀਅਲ ਡ੍ਰਿਸਕੋਲ ਨੇ ਕਿਹਾ, 'ਇਨ੍ਹਾਂ ਸਾਰੇ ਪੁਰਸ਼ਾਂ ਅਤੇ ਔਰਤਾਂ ਨੇ ਬਹਾਦਰੀ ਨਾਲ ਸਾਡੇ ਦੇਸ਼ ਦੀ ਰੱਖਿਆ ਲਈ ਸਵੈ-ਇੱਛਾ ਨਾਲ ਕੰਮ ਕੀਤਾ ਅਤੇ ਉਨ੍ਹਾਂ ਦੀ ਕੁਰਬਾਨੀ ਨੂੰ ਕਦੇ ਨਹੀਂ ਭੁਲਾਇਆ ਜਾਵੇਗਾ।' ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੌਤਾਂ ਬਾਰੇ ਕਿਹਾ, 'ਦੁੱਖ ਦੀ ਗੱਲ ਹੈ ਕਿ ਇਸ ਦੇ ਖਤਮ ਹੋਣ ਤੋਂ ਪਹਿਲਾਂ ਹੋਰ ਵੀ ਬਹੁਤ ਕੁਝ ਹੋਵੇਗਾ। ਇਹੀ ਹੁੰਦਾ ਹੈ।'

**ਅਮਰੀਕਾ ਨੂੰ ਲੈ ਕੇ ਈਰਾਨੀ ਨੇਤਾ ਦਾ ਵੱਡਾ ਦਾਅਵਾ** : ਈਰਾਨ ਨੇ ਅਮਰੀਕਾ 'ਤੇ ਭਾਰਤ, ਚੀਨ ਅਤੇ ਰੂਸ ਵਰਗੀਆਂ ਉੱਭਰਦੀਆਂ ਸ਼ਕਤੀਆਂ ਨੂੰ ਅੱਗੇ ਵਧਣ ਤੋਂ ਰੋਕਣ ਲਈ ਜਾਣਬੁੱਝ ਕੇ ਗਲੋਬਲ ਟਕਰਾਵਾਂ ਨੂੰ ਹਵਾ ਦੇਣ ਦਾ ਦੋਸ਼ ਲਗਾਇਆ ਹੈ, ਜਦੋਂਕਿ ਤਹਿਰਾਨ ਨੇ ਸੰਕੇਤ ਦਿੱਤਾ ਹੈ ਕਿ ਉਹ ਯੁੱਧ ਨੂੰ ਖਤਮ ਕਰਨ ਲਈ ਗੱਲਬਾਤ ਕਰਨ ਲਈ ਤਿਆਰ ਹੈ, ਪਰ ਸਿਰਫ ਉਨ੍ਹਾਂ ਸ਼ਰਤਾਂ 'ਤੇ ਜੋ ਉਹ ਸਤਿਕਾਰਯੋਗ ਸਮਝਦਾ ਹੈ। ਨਿਊਜ਼ ਏਜੰਸੀ ਏਐੱਨਆਈ ਨਾਲ ਇੱਕ ਇੰਟਰਵਿਊ ਵਿੱਚ ਈਰਾਨ ਦੇ ਸੁਪਰੀਮ ਲੀਡਰ ਦੇ ਦਫਤਰ ਦੇ ਵਿਸ਼ੇਸ਼ ਪ੍ਰਤੀਨਿਧੀ ਅਬਦੁਲ ਮਜੀਦ ਹਕੀਮ ਇਲਾਹੀ ਨੇ ਕਿਹਾ ਕਿ ਵਾਸ਼ਿੰਗਟਨ ਦਾ ਵੱਡਾ ਉਦੇਸ਼ ਤਹਿਰਾਨ ਤੋਂ ਬਹੁਤ ਅੱਗੇ ਹੈ। ਉਨ੍ਹਾਂ ਕਿਹਾ, 'ਅਮਰੀਕਾ ਦਾ ਉਦੇਸ਼ ਈਰਾਨ ਨਹੀਂ ਹੈ, ਸਗੋਂ ਈਰਾਨ ਤੋਂ ਬਾਅਦ ਇਹ ਹੋਰ ਦੇਸ਼ ਹੋਣਗੇ। ਭਵਿੱਖ ਵਿੱਚ ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਦੇਸ਼ ਭਾਰਤ, ਚੀਨ, ਰੂਸ ਅਤੇ ਅਮਰੀਕਾ ਹੋਣਗੇ। ਇਸ ਲਈ ਅਮਰੀਕਾ ਕੋਈ ਵੀ ਸਾਥੀ ਨਹੀਂ ਚਾਹੁੰਦਾ। ਉਹ ਨਹੀਂ ਚਾਹੁੰਦਾ ਕਿ ਭਾਰਤ ਜਾਂ ਚੀਨ ਸ਼ਕਤੀਸ਼ਾਲੀ ਬਣ ਜਾਣ। ਇਸੇ ਲਈ ਉਹ ਭਵਿੱਖ ਵਿੱਚ ਅਜਿਹਾ ਹੋਣ ਤੋਂ ਰੋਕਣ ਲਈ ਇੰਨੀਆਂ ਜੰਗਾਂ ਲੜਦੇ ਹਨ।

ਇਲਾਹੀ ਨੇ ਕਿਹਾ ਕਿ ਅਮਰੀਕਾ ਦੁਨੀਆ ਭਰ ਵਿੱਚ ਆਪਣਾ ਦਬਦਬਾ ਬਣਾਈ ਰੱਖਣਾ ਚਾਹੁੰਦਾ ਹੈ ਅਤੇ ਬਹੁ-ਧਰੁਵੀ ਵਿਸ਼ਵ ਵਿਵਸਥਾ ਦੀ ਸੰਭਾਵਨਾ ਤੋਂ ਅਸਹਿਜ ਹੈ। ਉਨ੍ਹਾਂ ਕਿਹਾ, 'ਅਮਰੀਕਾ ਦਾ ਅੰਤਮ ਟੀਚਾ ਸਿਰਫ਼ ਈਰਾਨ ਨਹੀਂ ਹੈ। ਸਾਡੀ ਸਰਕਾਰ ਨੂੰ ਨਿਸ਼ਾਨਾ ਬਣਾਉਣ ਤੋਂ ਬਾਅਦ ਉਹ ਦੂਜੇ ਦੇਸ਼ਾਂ 'ਤੇ ਧਿਆਨ ਕੇਂਦਰਿਤ ਕਰਨਾ ਚਾਹੁੰਦੇ ਹਨ। ਜਾਂਚ ਦਰਸਾਉਂਦੀ ਹੈ ਕਿ ਵਿਸ਼ਵ ਰਾਜਨੀਤੀ ਵਿੱਚ 'ਸੱਤਾ ਵਿੱਚ ਤਬਦੀਲੀ' ਹੋਣ ਵਾਲੀ ਹੈ।'

# ਖਮੇਨੇਈ ਦੀ ਮੌਤ ਦੇ ਰੋਸ ਵਜੋਂ ਦੇਸ਼ ਭਰ 'ਚ ਮੁਜ਼ਾਹਰੇ

## ਅਮਰੀਕਾ ਅਤੇ ਇਜ਼ਰਾਈਲ ਖ਼ਿਲਾਫ਼ ਨਾਅਰੇਬਾਜ਼ੀ





ਸ੍ਰੀਨਗਰ/ਲਖਨਊ/ਨਵੀਂ ਦਿੱਲੀ : ਅਮਰੀਕਾ-ਇਜ਼ਰਾਈਲ ਦੇ ਹਮਲੇ 'ਚ ਇਰਾਨ ਦੇ ਸਰਵਉੱਚ ਆਗੂ ਆਇਤੁੱਲਾ ਅਲੀ ਖਮੇਨੇਈ ਦੀ ਮੌਤ 'ਤੇ ਦੇਸ਼ 'ਚ ਸ਼ਿਆ ਭਾਈਚਾਰੇ ਦੇ ਲੋਕਾਂ ਨੇ ਰੋਸ ਮੁਜ਼ਾਹਰੇ ਕੀਤੇ।

ਕਸ਼ਮੀਰ ਜਿੱਥੇ ਤਕਰੀਬਨ 15 ਲੱਖ ਸ਼ੀਆ ਰਹਿੰਦੇ ਹਨ, 'ਚ ਲਾਲ ਚੌਕ, ਸੈਦਾ ਕਦਲ, ਬਡਗਾਮ, ਬਾਂਦੀਪੋਰਾ, ਅਨੰਤਨਾਗ ਤੇ ਪੁਲਵਾਮਾ 'ਚ ਵੱਡੇ ਪੱਧਰ 'ਤੇ ਰੋਸ ਮੁਜ਼ਾਹਰੇ ਹੋਏ ਅਤੇ ਲੋਕਾਂ ਨੇ ਅਮਰੀਕਾ ਤੇ ਇਜ਼ਰਾਈਲ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਘਟਨਾਕ੍ਰਮ 'ਤੇ ਚਿੰਤਾ ਜ਼ਾਹਰ ਕਰਦਿਆਂ ਲੋਕਾਂ ਨੂੰ ਸ਼ਾਂਤੀ ਬਣਾਏ ਰੱਖਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਇਰਾਨ 'ਚ ਮੌਜੂਦ ਜੰਮੂ ਕਸ਼ਮੀਰ ਦੇ ਵਸਨੀਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਕੇਂਦਰੀ ਵਿਦੇਸ਼ ਮੰਤਰਾਲੇ ਨਾਲ ਮਿਲ ਕੇ ਕੰਮ ਕਰ ਰਹੀ ਹੈ। ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ, ਕਸ਼ਮੀਰ 'ਚ ਮੁੱਖ ਧਾਰਮਿਕ ਆਗੂ ਮੀਰਵਾਈਜ਼ ਉਮਰ ਫਾਰੂਕ ਅਤੇ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨੇ ਵੀ ਹਾਲਾਤ 'ਤੇ ਚਿੰਤਾ ਜ਼ਾਹਿਰ ਕੀਤੀ ਹੈ। ਲੋਕਾਂ ਦੇ ਰੋਸ ਮੁਜ਼ਾਹਰਿਆਂ ਨੂੰ ਦੇਖਦਿਆਂ ਕਸ਼ਮੀਰ 'ਚ ਸਕੂਲ ਤੇ ਕਾਲਜ ਦੋ ਦਿਨਾਂ ਲਈ ਬੰਦ ਕਰ ਦਿੱਤੇ ਗਏ ਹਨ। ਉੱਧਰ, ਉੱਤਰ ਪ੍ਰਦੇਸ਼ ਦੇ ਲਖਨਊ ਵਿੱਚ ਵੱਡੀ ਗਿਣਤੀ ਲੋਕ ਬੜਾ ਇਮਾਮਬਾੜਾ ਮਸਜਿਦ ਨੇੜੇ ਇਕੱਠੇ ਹੋਏ ਅਤੇ ਉਨ੍ਹਾਂ ਖਮੇਨੇਈ ਦੀ ਮੌਤ ਖ਼ਿਲਾਫ਼ ਰੋਸ ਮੁਜ਼ਾਹਰਾ ਕੀਤਾ। ਆਲ ਇੰਡੀਆ ਸ਼ਿਆ ਪਰਸਨਲ ਲਾਅ ਬੋਰਡ ਦੇ ਜਨਰਲ ਸਕੱਤਰ ਮੌਲਾਨਾ ਯਸੂਬ ਅੱਬਾਸ ਨੇ ਐਲਾਨ ਕੀਤਾ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਪੁਤਲੇ ਸਾੜੇ ਜਾਣਗੇ। ਪੰਜਾਬ ਦੇ ਲੁਧਿਆਣਾ ਵਿੱਚ ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣਵੀ ਦੀ ਅਗਵਾਈ ਹੇਠ ਰੋਸ ਮੁਜ਼ਾਹਰਾ ਕੀਤਾ ਗਿਆ। ਇਸੇ ਦੌਰਾਨ ਕਾਂਗਰਸ ਆਗੂ ਪ੍ਰਿਯੰਕਾ ਗਾਂਧੀ ਨੇ ਖਮੇਨੇਈ ਨੂੰ ਮਾਰ ਮੁਕਾਏ ਜਾਣ ਦੀ ਆਲੋਚਨਾ ਕੀਤੀ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਇਜ਼ਰਾਇਲੀ ਪ੍ਰਧਾਨ ਮੰਤਰੀ ਨੇਤਨਯਾਹੂ ਤੇ ਅਮਰੀਕੀ ਰਾਸ਼ਟਰਪਤੀ ਟਰੰਪ ਸਾਹਮਣੇ 'ਗੋਡੇ ਟੇਕਣ' ਮਗਰੋਂ ਪ੍ਰਧਾਨ ਮੰਤਰੀ ਪ੍ਰਭਾਵਿਤ ਦੇਸ਼ਾਂ 'ਚ ਫਸੇ ਸਾਰੇ ਭਾਰਤੀ ਨਾਗਰਿਕਾਂ ਦੀ ਸੁਰੱਖਿਅਤ ਵਾਪਸੀ ਲਈ ਹਰ ਸੰਭਵ ਕੋਸ਼ਿਸ਼ ਕਰਨਗੇ।

# ਅਮਰੀਕਾ ਨਾਲ ਕੋਈ ਵਾਰਤਾ ਨਹੀਂ ਕਰਾਂਗੇ: ਇਰਾਨ



ਤਹਿਰਾਨ : ਇਰਾਨ ਦੀ ਸਰਵਉੱਚ ਕੌਮੀ ਸੁਰੱਖਿਆ ਕੌਂਸਲ ਦੇ ਸਕੱਤਰ ਅਲੀ ਲਾਰੀਜਾਨੀ ਨੇ ਅੱਜ ਇਹ ਗੱਲ ਸਿਰੇ ਤੋਂ ਖਾਰਜ ਕਰ ਦਿੱਤੀ ਕਿ ਇਰਾਨ ਅਮਰੀਕਾ ਨਾਲ ਗੱਲਬਾਤ ਕਰੇਗਾ। ਉਨ੍ਹਾਂ ਇਹ ਟਿੱਪਣੀ ਅਲ-ਜਜ਼ੀਰਾ ਦੀ ਉਸ ਖ਼ਬਰ ਦੇ ਜਵਾਬ 'ਚ ਕੀਤੀ ਜਿਸ 'ਚ ਵਾਲ ਸਟਰੀਟ ਜਰਨਲ ਦੇ ਹਵਾਲੇ ਨਾਲ ਦੱਸਿਆ ਗਿਆ ਸੀ ਕਿ ਲਾਰੀਜਾਨੀ ਓਮਾਨ ਦੀ ਸਾਲਸੀ ਹੇਠ ਅਮਰੀਕਾ ਨਾਲ ਵਾਰਤਾ ਮੁੜ ਸ਼ੁਰੂ ਕਰਨ ਵਾਲੇ ਹਨ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਖ਼ ?ਲਾਫ਼ ਤਿੱਖੀ ਬਿਆਨਬਾਜ਼ੀ ਕਰਦਿਆਂ ਲਾਰੀਜਾਨੀ ਨੇ ਟਰੰਪ 'ਤੇ ਖ਼ਿੱਤੇ ਨੂੰ ਅਰਾਜਕਤਾ ਵੱਲ ਧੱਕਣ ਦਾ ਦੋਸ਼ ਲਾਇਆ ਅਤੇ ਮਾਰੇ ਗਏ ਅਮਰੀਕੀ ਸੈਨਿਕਾਂ ਦੀ ਗਿਣਤੀ ਵਧਣ ਦਾ ਦਾਅਵਾ ਕੀਤਾ। ਉਨ੍ਹਾਂ 'ਇਜ਼ਰਾਈਲ ਪਹਿਲਾਂ' ਦਾ ਏਜੰਡਾ ਅੱਗੇ ਵਧਾਉਣ ਲਈ ਅਮਰੀਕਾ 'ਤੇ ਹਮਲਾ ਕੀਤਾ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਰਾਨ ਨੇ ਹਮਲੇ ਦੀ ਸ਼ੁਰੂਆਤ ਨਹੀਂ ਕੀਤੀ ਸੀ।

# ਇਰਾਨ 'ਤੇ ਹਮਲੇ ਮਗਰੋਂ ਕੱਚੇ ਤੇਲ ਦੀਆਂ ਕੀਮਤਾਂ 'ਚ ਵਾਧਾ

## ਤੇਲ ਦੀ ਸਪਲਾਈ 'ਚ ਪੈ ਸਕਦਾ ਹੈ ਅੜਿੱਕਾ: ਕਤਰ ਨੇ ਐੱਲ ਐੱਨ ਜੀ ਦਾ ਉਤਪਾਦਨ ਰੋਕਿਆ




ਨਿਊਯਾਰਕ : ਇਰਾਨ ਉਤੇ ਅਮਰੀਕਾ ਅਤੇ ਇਜ਼ਰਾਈਲ ਵੱਲੋਂ ਹਮਲਿਆਂ ਅਤੇ ਇਰਾਨ ਦੀ ਜਵਾਬੀ ਕਾਰਵਾਈ ਮਗਰੋਂ ਸੋਮਵਾਰ ਨੂੰ ਕੱਚੇ ਤੇਲ ਦੀਆਂ ਕੀਮਤਾਂ ਤੇਜ਼ੀ ਨਾਲ ਵਧ ਗਈਆਂ। ਕਾਰੋਬਾਰੀਆਂ ਮੁਤਾਬਕ ਇਰਾਨ ਅਤੇ ਮੱਧ ਪੂਰਬੀ ਖ਼ਿੱਤੇ 'ਚੋਂ ਤੇਲ ਦੀ ਸਪਲਾਈ 'ਚ ਅੜਿੱਕਾ ਪੈ ਸਕਦਾ ਹੈ।

ਫ਼ਾਰਸ ਦੀ ਖਾੜੀ 'ਚ ਹੋਰਮੁਜ਼ ਜਲ ਖੇਤਰ 'ਚ ਦੋ ਤੇਲ ਟੈਂਕਰਾਂ 'ਤੇ ਹਮਲਿਆਂ ਮਗਰੋਂ ਬਾਕੀ ਦੁਨੀਆ ਨੂੰ ਤੇਲ ਦੀ ਬਰਾਮਦ 'ਤੇ ਅਸਰ ਪਿਆ ਹੈ। ਕੱਚੇ ਤੇਲ ਦਾ ਭਾਅ ਸੋਮਵਾਰ ਸਵੇਰੇ 9 ਫ਼ੀਸਦ ਚੜ੍ਹ ਕੇ 79.41 ਡਾਲਰ ਪ੍ਰਤੀ ਬੈਰਲ 'ਤੇ ਪਹੁੰਚ ਗਿਆ ਜੋ ਸੱਤ ਮਹੀਨਿਆਂ 'ਚ ਸਭ ਤੋਂ ਵਧ ਹੈ। ਉਧਰ, ਕਤਰ ਨੇ ਜੰਗ ਕਾਰਨ ਐੱਲ ਐੱਨ ਜੀ ਦਾ ਉਤਪਾਦਨ ਰੋਕਣ ਦਾ ਫ਼ੈਸਲਾ ਲਿਆ ਹੈ।

ਫ਼ਾਰਸ ਦੀ ਖਾੜੀ ਵਿਚ ਤੰਗ ਸਮੁੰਦਰੀ ਰਸਤੇ ਹਰਮੁਜ਼ ਸਟਰੇਟ, ਜਿਸ ਦੀ ਕੁਝ ਥਾਈਂ ਚੌੜਾਈ 40 ਕਿਲੋਮੀਟਰ ਤੋਂ ਵੀ ਘੱਟ ਰਹਿ ਜਾਂਦੀ ਹੈ, ਰਾਹੀਂ ਦੁਨੀਆ ਦਾ ਕਰੀਬ 20 ਫ਼ੀਸਦ ਭਾਵ ਡੇਢ ਕਰੋੜ ਬੈਰਲ ਕੱਚਾ ਤੇਲ ਰੋਜ਼ਾਨਾ ਹੋਰ ਮੁਲਕਾਂ ਨੂੰ ਭੇਜਿਆ ਜਾਂਦਾ ਹੈ। ਇਸ ਰਾਹੀਂ ਸਾਊਦੀ ਅਰਬ, ਕੁਵੈਤ, ਇਰਾਕ, ਕਤਰ, ਬਹਿਰੀਨ, ਯੂ ਏ ਈ ਅਤੇ ਇਰਾਨ ਟੈਂਕਰਾਂ 'ਚ ਤੇਲ ਤੇ ਗੈਸ ਭੇਜਦੇ ਹਨ। ਇਰਾਨ ਨੇ ਫਰਵਰੀ ਦੇ ਅੱਧ ਵਿਚਾਲੇ ਇਸ ਜਲ ਮਾਰਗ ਦਾ ਕੁਝ ਹਿੱਸਾ ਆਰਜ਼ੀ ਤੌਰ 'ਤੇ ਬੰਦ ਕਰ ਦਿੱਤਾ ਸੀ। ਇਰਾਨ ਵੱਲੋਂ ਰੋਜ਼ਾਨਾ 16 ਲੱਖ ਬੈਰਲ ਤੇਲ ਬਰਾਮਦ ਕੀਤਾ ਜਾਂਦਾ ਹੈ ਜਿਸ 'ਚੋਂ ਜ਼ਿਆਦਾਤਰ ਤੇਲ ਚੀਨ ਨੂੰ ਜਾਂਦਾ ਹੈ। ਮਾਹਿਰਾਂ ਮੁਤਾਬਕ ਸਪਲਾਈ ਬੰਦ ਹੋਣ ਨਾਲ ਚੀਨ ਨੂੰ ਝਟਕਾ ਲੱਗ ਸਕਦਾ ਹੈ ਪਰ ਉਸ ਕੋਲ ਹਾਲੇ ਤੇਲ ਦੇ ਕਾਫ਼ੀ ਭੰਡਾਰ ਹਨ ਅਤੇ ਉਹ ਰੂਸ ਤੋਂ ਤੇਲ ਦੀ ਦਰਾਮਦ ਵਧਾ ਸਕਦਾ ਹੈ।

# ਡਰੋਨ ਹਮਲੇ ਮਗਰੋਂ ਪਾਕਿਸਤਾਨ 'ਚ ਕਈ ਸਕੂਲ ਬੰਦ

## ਅਫ਼ਗਾਨਿਸਤਾਨ ਨੇ ਖ਼ੈਬਰ ਪਖ਼ਤੂਨਖ਼ਵਾ ਦੇ ਸਕੂਲ 'ਤੇ ਦਾਗ਼ਿਆ ਸੀ ਡਰੋਨ



ਇਸਲਾਮਾਬਾਦ/ਕਰਾਚੀ : ਅਫ਼ਗਾਨਿਸਤਾਨ ਦੀ ਸਰਹੱਦ ਨਾਲ ਲਗਦੇ ਜ਼ਿਲ੍ਹਿਆਂ ਦੀਆਂ 50 ਤੋਂ ਵੱਧ ਸਿੱਖਿਆ ਸੰਸਥਾਵਾਂ ਅੱਜ ਉੱਤਰ-ਪੱਛਮੀ ਪਾਕਿਸਤਾਨ ਦੇ ਗੜਬੜੀ ਵਾਲੇ ਖ਼ੈਬਰ ਪਖ਼ਤੂਨਖ਼ਵਾ ਸੂਬੇ 'ਚ ਸਕੂਲ 'ਤੇ ਡਰੋਨ ਹਮਲੇ ਤੋਂ ਬਾਅਦ ਬੰਦ ਰਹੀਆਂ।

ਇਹ ਘਟਨਾ ਮੁਹੰਮਦ ਜ਼ਿਲ੍ਹੇ ਦੀ ਗ਼ਲਾਨਾਈ ਤਹਿਸੀਲ 'ਚ ਵਾਪਰੀ ਜਿੱਥੇ ਮਨੁੱਖ ਰਹਿਤ ਹਵਾਈ ਵਾਹਨ (ਯੂ ਏ ਵੀ) ਗਵਰਨਰ ਮਾਡਲ ਹਾਈ ਸਕੂਲ ਦੀ ਇਮਾਰਤ ਨਾਲ ਟਕਰਾ ਗਿਆ। ਮੁਹੰਮਦ ਦੇ ਡਿਪਟੀ ਕਮਿਸ਼ਨਰ ਯਾਸਿਰ ਹਸਨ ਨੇ ਘਟਨਾ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਸਕੂਲ ਦੇ ਵਿਹੜੇ 'ਚੋਂ ਯੂ ਏ ਵੀ ਦਾ ਮਲਬਾ ਮਿਲਿਆ ਹੈ; ਕਿਸੇ ਜਾਨੀ ਨੁਕਸਾਨ ਦੀ ਕੋਈ ਖ਼ਬਰ ਨਹੀਂ ਹੈ। ਕੈਂਪਸ ਅੰਦਰ ਤੇ ਨੇੜੇ-ਤੇੜੇ ਸੁਰੱਖਿਆ ਸਖ਼ਤ ਕਰ ਦਿੱਤੀ ਗਈ ਹੈ। ਘਟਨਾ ਮਗਰੋਂ ਮੁਹੰਮਦ ਜ਼ਿਲ੍ਹੇ ਦੇ ਘੱਟੋ ਘੱਟ 54 ਸਰਕਾਰੀ ਸਕੂਲ ਬੰਦ ਕਰ ਦਿੱਤੇ ਗਏ ਹਨ। ਇਸੇ ਤਰ੍ਹਾਂ ਮੀਡੀਆ ਰਿਪੋਰਟਾਂ ਅਨੁਸਾਰ ਇਰਾਨੀ ਆਗੂ ਆਇਤੁੱਲਾ ਖਮੇਨੇਈ ਦੀ ਹੱਤਿਆ ਦੇ ਰੋਸ ਵਜੋਂ ਦੇਸ਼ ਪੱਧਰੀ ਮੁਜ਼ਾਹਰਿਆਂ ਦੇ ਚਲਦਿਆਂ ਅੱਜ ਕਰਾਚੀ ਦੇ ਪੱਛਮੀ ਤੇ ਦੱਖਣੀ ਜ਼ਿਲ੍ਹਿਆਂ 'ਚ ਕਈ ਸੜਕਾਂ ਬੰਦ ਕਰ ਦਿੱਤੀਆਂ ਗਈਆਂ। ਇਸ ਦੇ ਨਾਲ ਹੀ ਸਿੰਧ ਸੂਬੇ 'ਚ ਦਫ਼ਾ 144 ਲਾਗੂ ਕਰ ਦਿੱਤੀ ਗਈ ਹੈ। ਸਵੇਰੇ ਕਈ ਸੜਕਾਂ ਬੰਦ ਕਰਨ ਦੀ ਚਿਤਾਵਨੀ ਜਾਰੀ ਕੀਤੀ ਗਈ ਹੈ; ਇਨ੍ਹਾਂ ਚਿਤਾਵਨੀਆਂ ਦਾ ਕਾਰਨ 'ਸੁਰੱਖਿਆ' ਦੱਸਿਆ ਗਿਆ ਹੈ।

# ਈਰਾਨ ’ਚ ਮੌਤਾਂ ਦਾ ਤਾਂਡਵ ਜਾਰੀ: ਮਰਨ ਵਾਲਿਆਂ ਦੀ ਗਿਣਤੀ 1,200 ਤੋਂ ਪਾਰ





ਤੇਹਰਾਨ/ਵਾਸ਼ਿੰਗਟਨ : ਮੱਧ ਪੂਰਬ ਵਿੱਚ ਜਾਰੀ ਜੰਗ ਹੁਣ ਮਨੁੱਖੀ ਕਤਲੇਆਮ ਵਿੱਚ ਤਬਦੀਲ ਹੁੰਦੀ ਜਾ ਰਹੀ ਹੈ। ਈਰਾਨ ਦੀ ਇੱਕ ਸਰਕਾਰੀ ਏਜੰਸੀ ਵੱਲੋਂ ਜਾਰੀ ਕੀਤੇ ਗਏ ਤਾਜ਼ਾ ਅੰਕੜਿਆਂ ਨੇ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਹੈ। ਏਜੰਸੀ ਮੁਤਾਬਕ ਜੰਗ ਵਿੱਚ ਹੁਣ ਤੱਕ ਘੱਟੋ-ਘੱਟ 1,230 ਲੋਕਾਂ ਦੀ ਜਾਨ ਜਾ ਚੁੱਕੀ ਹੈ।

ਲਗਾਤਾਰ ਵਧ ਰਿਹਾ ਹੈ ਮੌਤਾਂ ਦਾ ਅੰਕੜਾ

ਪਿਛਲੇ ਕੁਝ ਘੰਟਿਆਂ ਵਿੱਚ ਇਹ ਅੰਕੜਾ 1,045 ਤੋਂ ਵਧ ਕੇ 1,230 ਤੱਕ ਪਹੁੰਚ ਗਿਆ ਹੈ, ਜੋ ਹਮਲਿਆਂ ਦੀ ਭਿਆਨਕਤਾ ਨੂੰ ਬਿਆਨ ਕਰਦਾ ਹੈ। ਅਮਰੀਕਾ ਅਤੇ ਇਜ਼ਰਾਈਲ ਵੱਲੋਂ ਚਲਾਏ ਜਾ ਰਹੇ ‘ਆਪ੍ਰੇਸ਼ਨ ਐਪਿਕ ਫਿਊਰੀ’ ਤਹਿਤ ਈਰਾਨ ਦੇ ਕਈ ਇਲਾਕਿਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। 2-2 ਬੰਬਰਾਂ ਅਤੇ ਏਆਈ (19) ਤਕਨੀਕ ਨਾਲ ਲੈਸ ਆਤਮਘਾਤੀ ਡਰੋਨਾਂ ਨੇ ਈਰਾਨੀ ਟਿਕਾਣਿਆਂ ’ਤੇ ਤਬਾਹੀ ਮਚਾਈ ਹੋਈ ਹੈ।

ਇਹ ਅੰਕੜਾ ਪਹਿਲਾਂ ਦੱਸੇ ਗਏ 555 ਮੌਤਾਂ ਦੇ ਅੰਕੜੇ ਤੋਂ ਲਗਭਗ ਦੁੱਗਣਾ ਹੈ, ਜੋ ਹਮਲਿਆਂ ਦੀ ਭਿਆਨਕਤਾ ਨੂੰ ਬਿਆਨ ਕਰਦਾ ਹੈ। ਈਰਾਨ ਦੇ ਸ਼ਹੀਦਾਂ ਅਤੇ ਵੈਟਰਨਜ਼ ਅਫੇਅਰਜ਼ ਫਾਊਂਡੇਸ਼ਨ ਨੇ ਇਹ ਗਿਣਤੀ ਪੇਸ਼ ਕਰਦੇ ਹੋਏ ਕਿਹਾ ਕਿ ਇਹ ਹੁਣ ਤੱਕ ਪਛਾਣੀਆਂ ਗਈਆਂ ਅਤੇ ਦਫ਼ਨਾਉਣ ਲਈ ਤਿਆਰ ਕੀਤੀਆਂ ਗਈਆਂ ਲਾਸ਼ਾਂ ਦੀ ਗਿਣਤੀ ਨੂੰ ਦਰਸਾਉਂਦਾ ਹੈ।

**ਲਗਾਤਾਰ ਬੰਬਾਰੀ ਅਤੇ ਤਬਾਹੀ** : ਅਮਰੀਕਾ ਅਤੇ ਇਜ਼ਰਾਈਲ ਵੱਲੋਂ ਚਲਾਏ ਜਾ ਰਹੇ ’ਆਪ੍ਰੇਸ਼ਨ ਐਪਿਕ ਫਿਊਰੀ’ ਦੇ ਤਹਿਤ ਈਰਾਨ ਦੇ ਕਈ ਹਿੱਸਿਆਂ ’ਤੇ ਲਗਾਤਾਰ ਬੰਬਾਰੀ ਕੀਤੀ ਜਾ ਰਹੀ ਹੈ। ਅਮਰੀਕਾ ਵੱਲੋਂ 2-2 ਬੰਬਰਾਂ, ਆਤਮਘਾਤੀ ਡਰੋਨਾਂ ਅਤੇ 19 ਤਕਨੀਕ ਦੀ ਵਰਤੋਂ ਨੇ ਈਰਾਨੀ ਟਿਕਾਣਿਆਂ ਨੂੰ ਬੁਰੀ ਤਰ੍ਹਾਂ ਤਬਾਹ ਕਰ ਦਿੱਤਾ ਹੈ। ਈਰਾਨੀ ਸੁਪਰੀਮ ਲੀਡਰ ਖ਼ਮੇਨੀ ਦੀ ਕਥਿਤ ਮੌਤ ਤੋਂ ਬਾਅਦ ਇਹ ਜੰਗ ਹੋਰ ਵੀ ਘਾਤਕ ਹੋ ਗਈ ਹੈ, ਜਿਸ ਵਿੱਚ ਹੁਣ ਤੱਕ 1,045 ਲੋਕ ਆਪਣੀ ਜਾਨ ਗੁਆ ਚੁੱਕੇ ਹਨ।

**ਕਈ ਦੇਸ਼ਾਂ ਤੱਕ ਫੈਲੀ ਜੰਗ ਦੀ ਅੱਗ** : ਇਹ ਟਕਰਾਅ ਹੁਣ ਸਿਰਫ਼ ਇਜ਼ਰਾਈਲ ਅਤੇ ਈਰਾਨ ਤੱਕ ਸੀਮਤ ਨਹੀਂ ਰਿਹਾ। ਬ੍ਰਿਟੇਨ, ਫਰਾਂਸ ਅਤੇ ਜਰਮਨੀ ਦੇ ਮੈਦਾਨ ਵਿੱਚ ਉਤਰਨ ਅਤੇ ਈਰਾਨ ਵੱਲੋਂ ਦੁਬਈ, ਰਿਆਦ ਅਤੇ ਤੇਲ ਅਵੀਵ ਵਰਗੇ ਸ਼ਹਿਰਾਂ ’ਤੇ ਕੀਤੇ ਗਏ ਪਲਟਵਾਰ ਨੇ ਪੂਰੇ ਖੇਤਰ ਨੂੰ ਜੰਗ ਦੇ ਮੈਦਾਨ ਵਿੱਚ ਬਦਲ ਦਿੱਤਾ ਹੈ। ਯੂ.ਏ.ਈ ਵਿੱਚ ਸੁਰੱਖਿਆ ਦੇ ਮੱਦੇਨਜ਼ਰ ਸਕੂਲ-ਕਾਲਜ ਪਹਿਲਾਂ ਹੀ ਬੰਦ ਕੀਤੇ ਜਾ ਚੁੱਕੇ ਹਨ।

**ਇਜ਼ਰਾਈਲ ਦੀ ਸਖ਼ਤ ਰਣਨੀਤੀ** : ਦੂਜੇ ਪਾਸੇ, ਇਜ਼ਰਾਈਲ ਨੇ ਸਾਫ਼ ਕਰ ਦਿੱਤਾ ਹੈ ਕਿ ਉਹ ਆਪਣੀ ਕਾਰਵਾਈ ਨਹੀਂ ਰੋਕੇਗਾ। ਇਜ਼ਰਾਈਲੀ ਰੱਖਿਆ ਮੰਤਰੀ ਦੀ ਚੇਤਾਵਨੀ ਕਿ ਅਗਲਾ ਸੁਪਰੀਮ ਲੀਡਰ ਵੀ ਉਨ੍ਹਾਂ ਦਾ ਨਿਸ਼ਾਨਾ ਹੋਵੇਗਾ, ਇਹ ਦਰਸਾਉਂਦੀ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਮੌਤਾਂ ਦਾ ਇਹ ਅੰਕੜਾ ਹੋਰ ਵੀ ਭਿਆਨਕ ਰੂਪ ਧਾਰ ਸਕਦਾ ਹੈ। ਫਿਲਹਾਲ ਈਰਾਨੀ ਸਰਕਾਰੀ ਏਜੰਸੀ ਦੇ ਇਸ ਖੁਲਾਸੇ ਨੇ ਦੁਨੀਆ ਭਰ ਵਿੱਚ ਦਹਿਸ਼ਤ ਪੈਦਾ ਕਰ ਦਿੱਤੀ ਹੈ।

## ਇਰਾਨ ਨੇ ਕੀਤੀ ਪਰਮਾਣੂ ਟੈਸਟਿੰਗ ? ਜੰਗ ਵਿਚਾਲੇ ਭੂਚਾਲ ਨਾਲ ਕੰਬ ਗਿਆ ਪੂਰਾ ਦੇਸ਼



ਇਕ ਪਾਸੇ ਜਦੋਂ ਦੁਨੀਆ ਅਮਰੀਕਾ ਅਤੇ ਇਰਾਨ ਵਿਚਾਲੇ ਸਿੱਧੀ ਜੰਗ ਨੂੰ ਤੀਜੇ ਵਿਸ਼ਵ ਯੁੱਧ ਦੇ ਖ਼ਤਰੇ ਵਜੋਂ ਦੇਖ ਰਹੀ ਹੈ, ਉੱਥੇ ਹੀ ਇਰਾਨ ਤੋਂ ਇਕ ਵੱਡੀ ਖ਼ਬਰ ਸਾਹਮਣੇ ਆਈ ਹੈ, ਜਿੱਥੋਂ ਦੇ ਗੇਰਾਸ਼ ਇਲਾਕੇ ’ਚ 4.3 ਦੀ ਤੀਬਰਤਾ ਨਾਲ ਧਰਤੀ ਕੰਬ ਗਈ ਹੈ ਤੇ ਇਲਾਕੇ ’ਚ ਜੰਗ ਦੇ ਨਾਲ-ਨਾਲ ਇਕ ਹੋਰ ਨਵੀਂ ਚਰਚਾ ਛੇੜ ਦਿੱਤੀ ਹੈ।

ਇਰਾਨ ’ਚ ਆਏ ਰਹੱਸਮਈ ਭੂਚਾਲਾਂ ਨੇ ਇੱਕ ਨਵਾਂ ਵਿਵਾਦ ਪੈਦਾ ਕਰ ਦਿੱਤਾ ਹੈ। ਰਿਪੋਰਟਾਂ ਮੁਤਾਬਕ ਇਰਾਨ ਦੇ ਬੁਸ਼ਹਿਰ ਅਤੇ ਇਸਫਾਹਨ ਇਲਾਕਿਆਂ ਵਿੱਚ ਰਹੱਸਮਈ ਭੂਚਾਲ ਆਏ ਹਨ। ਸੋਸ਼ਲ ਮੀਡੀਆ ’ਤੇ ਚਰਚਾ ਹੈ ਕਿ ਇਰਾਨ ਨੇ ਇਜ਼ਰਾਈਲੀ ਹਮਲਿਆਂ ਦੇ ਜਵਾਬ ਵਿੱਚ ਆਪਣਾ ਪਹਿਲਾ ਗੁਪਤ ਪ੍ਰਮਾਣੂ ਪ੍ਰੀਖਣ ਕਰ ਲਿਆ ਹੈ।

ਹਾਲਾਂਕਿ, ਭੂ-ਵਿਗਿਆਨੀਆਂ ਦਾ ਕਹਿਣਾ ਹੈ ਕਿ ਇਹ ਕੁਦਰਤੀ ਭੂਚਾਲ ਹੋ ਸਕਦਾ ਹੈ, ਪਰ ਸੈਟੇਲਾਈਟ ਤਸਵੀਰਾਂ ਇਨ੍ਹਾਂ ਖੇਤਰਾਂ ਵਿੱਚ ਅਸਧਾਰਨ ਫੌਜੀ ਹਰਕਤਾਂ ਦਿਖਾ ਰਹੀਆਂ ਹਨ। ਇਹੀ ਨਹੀਂ, ਅਮਰੀਕਾ ਦੇ ਨੇਵਾਡਾ ਸਥਿਤ ਗੁਪਤ ਫੌਜੀ ਸਾਈਟ, ਜਿਸ ਨੂੰ ’ਏਰੀਆ 52’ ਵਜੋਂ ਵੀ ਜਾਣਿਆ ਜਾਂਦਾ ਹੈ, ਦੇ ਨੇੜੇ ਪਿਛਲੇ 24 ਘੰਟਿਆਂ ਵਿੱਚ 16 ਤੋਂ ਵੱਧ ਭੂਚਾਲ ਮਹਿਸੂਸ ਕੀਤੇ ਗਏ ਹਨ, ਜਿਨ੍ਹਾਂ ਦੀ ਤੀਬਰਤਾ 2.5 ਤੋਂ ਵੱਧ ਸੀ। ਪਿਛਲੇ ਇੱਕ ਹਫ਼ਤੇ ਵਿੱਚ ਇੱਥੇ 100 ਤੋਂ ਵੱਧ ਝਟਕੇ ਲੱਗ ਚੁੱਕੇ ਹਨ।

ਇਹ ਇਲਾਕਾ ਪਹਿਲਾਂ ਵੀ ਅਮਰੀਕਾ ਦੇ ਪ੍ਰਮਾਣੂ ਪ੍ਰੀਖਣਾਂ ਲਈ ਵਰਤਿਆ ਜਾਂਦਾ ਰਿਹਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਰਾਨ ਨਾਲ ਜੰਗ ਦੀਆਂ ਤਿਆਰੀਆਂ ਦੇ ਹਿੱਸੇ ਵਜੋਂ ਅਮਰੀਕਾ ਸ਼ਾਇਦ ਆਪਣੇ ਪ੍ਰਮਾਣੂ ਹਥਿਆਰਾਂ ਦੀ ਸ਼ਕਤੀ ਦੀ ਜਾਂਚ ਕਰ ਰਿਹਾ ਹੈ।

## ਇਰਾਨੀ ਵਿਦੇਸ਼ ਮੰਤਰੀ ਨੇ ਸਾਂਝੀ ਕੀਤੀ ਦਰਦਨਾਕ ਤਸਵੀਰ

### ਤਸਵੀਰਾਂ ’ਚ ਦਿਖਾਈਆਂ 160 ਮਾਸੂਮਾਂ ਦੀਆਂ ਕਬਰਾਂ



ਇਰਾਨ/ਸ਼ਾਹ : ਜੰਗ ਦੀ ਭਿਆਨਕਤਾ ਕੀ ਹੁੰਦੀ ਐ, ਇਹ ਅੰਦਾਜ਼ਾ ਇਰਾਨ ਦੀ ਵਾਇਰਲ ਹੋ ਰਹੀ ਤਸਵੀਰ ਤੋਂ ਲਗਾਇਆ ਜਾ ਸਕਦੈ,, ਜਿਸ ਵਿਚ 160 ਮਾਸੂਮ ਬੱਚੀਆਂ ਦੀਆਂ ਕਬਰਾਂ ਖੋਦੀਆਂ ਜਾ ਰਹੀਆਂ ਨੇ,,, ਜੰਗ ਤੋਂ ਬੇਖ਼ਬਰ ਇਹ ਮਾਸੂਮ ਬੱਚੀਆਂ ਅਪਣੇ ਸਕੂਲ ’ਚ ਮੌਜ ਮਸਤੀ ਨਾਲ ਪੜ੍ਹਾਈ ਕਰ ਰਹੀਆਂ ਸੀ,, ਪਰ ਇਕ ਹਮਲੇ ਨੇ ਇਨ੍ਹਾਂ ਤੋਤਲੀਆਂ ਜ਼ੁਬਾਨਾਂ ਨੂੰ ਸਦਾ ਲਈ ਮੌਤ ਦੀ ਨੀਂਦ ਸੁਲਾ ਦਿੱਤਾ,,,ਇਹ ਦਰਦਨਾਕ ਤਸਵੀਰ ਇਹ ਦਿਖਾਉਂਦੀ ਐ ਕਿ ਜੰਗ ਸਾਡੇ ਭਵਿੱਖ ਦੇ ਲਈ ਕਿੰਨੀ ਖ਼ਤਰਨਾਕ ਐ।

ਇਰਾਨ ਦੀ ਇਕ ਤਸਵੀਰ ਸੋਸ਼ਲ ਮੀਡੀਆ ’ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਐ ਜੋ ਇਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਵੱਲੋਂ ਸਾਂਝੀ ਕੀਤੀ ਗਈ ਐ। ਇਸ ਦਰਦਨਾਕ ਤਸਵੀਰ ਨੂੰ ਦੇਖ ਕੇ ਹਰ ਕੋਈ ਮਾਯੂਸ ਹੋ ਰਿਹਾ ਏ ਅਤੇ ਜੰਗ ਦੀ ਭਿਆਨਕਤਾ ਦਾ ਅੰਦਾਜ਼ਾ ਲਗਾ ਰਿਹੈ। ਦਰਅਸਲ ਇਹ ਤਸਵੀਰ ਇਰਾਨ ਦੇ ਮਿਨਾਬ ਸ਼ਹਿਰ ਦੀ ਐ,, ਜਿੱਥੇ ਕਥਿਤ ਤੌਰ ’ਤੇ ਅਮਰੀਕਾ-ਇਜ਼ਰਾਈਲ ਦੇ ਹਵਾਈ ਹਮਲਿਆਂ ’ਚ ਮਾਰੀਆਂ ਗਈਆਂ 160 ਸਕੂਲੀ ਕੁੜੀਆਂ ਦੀਆਂ ਕਬਰਾਂ ਦਿਖਾਈਆਂ ਗਈਆਂ ਨੇ। ਇਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਨੇ ਆਪਣੇ ਸੋਸ਼ਲ ਮੀਡੀਆ ’ਤੇ ਇਹ ਤਸਵੀਰ ਸਾਂਝੀ ਕਰਦਿਆਂ ਲਿਖਿਆ :

ਇਰਾਨੀ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਨੇ ਕੀ ਲਿਖਿਆ? : “ਇਹ ਕਬਰਾਂ ਉਨ੍ਹਾਂ 160 ਤੋਂ ਜ਼ਿਆਦਾ ਮਾਸੂਮ ਬੱਚੀਆਂ ਦੇ ਲਈ ਖੋਦੀਆਂ ਜਾ ਰਹੀਆਂ ਹਨ, ਜੋ ਅਮਰੀਕਾ ਅਤੇ ਇਜ਼ਰਾਈਲ ਦੁਆਰਾ ਇਕ ਪ੍ਰਾਇਮਰੀ ਸਕੂਲ ’ਤੇ ਕੀਤੇ ਗਏ ਬੰਬ ਹਮਲੇ ਵਿਚ ਮਾਰੀਆਂ ਗਈਆਂ। ਉਨ੍ਹਾਂ ਦੇ ਸਰੀਰ ਬੁਰੀ ਤਰ੍ਹਾਂ ਨੁਕਸਾਨੇ ਗਏ। ਮਿਸਟਰ ਟਰੰਪ ਨੇ ਜਿਸ ‘ਬਚਾਅ’ ਦਾ ਦਾਅਵਾ ਕੀਤਾ ਸੀ, ਹਕੀਕਤ ਵਿਚ ਇਹ ਉਹ ਅਜਿਹਾ ਹੀ ਦਿਸਦਾ ਹੈ। ਗਾਜ਼ਾ ਤੋਂ ਲੈ ਕੇ ਮਿਨਾਬ ਤੱਕ, ਮਾਸੂਮਾਂ ਦੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਗਈ।”

ਇਸ ਹਮਲੇ ਵਿਚ ਮਾਰੀਆਂ ਗਈਆਂ 168 ਸਕੂਲੀ ਕੁੜੀਆਂ ਦੇ ਜਨਾਜ਼ੇ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਸ਼ਾਮਲ ਹੋਏ ਅਤੇ ਪੂਰੇ ਇਲਾਕੇ ਵਿਚ ਸੋਗ ਦਾ ਮਾਹੌਲ ਐ। ਆਸਟ੍ਰੇਲੀਆ ਵਿਚ ਇਰਾਨੀ ਸਫਾਰਤਖ਼ਾਨੇ ਦੇ ਅੰਬੈਸਡਰ ਨੇ ਇਸ ਮੰਦਭਾਗੀ ਘਟਨਾ ਦੇ ਰੋਸ ਵਿਚ ਆਪਣੇ ਸੋਸ਼ਲ ਮੀਡੀਆ ਅਕਾਊਂਟ ’ਤੇ ਲਿਖਿਆ:

ਆਸਟ੍ਰੇਲੀਆ ’ਚ ਇਰਾਨ ਦੇ ਅੰਬੈਸਡਰ ਕੀ ਲਿਖਿਆ? : “ਉਹ ਛੋਟੀਆਂ ਬੱਚੀਆਂ, ਜਿਨ੍ਹਾਂ ਨੂੰ ਸੌਣ ਤੋਂ ਪਹਿਲਾਂ ਬਸ ਇਕ ਕਹਾਣੀ ਸੁਣਨੀ ਚਾਹੀਦੀ ਸੀ, ਹੁਣ ਕਬਰ ਦੀ ਠੰਡੀ, ਘੁਟਨ ਭਰੀ ਖ਼ਾਮੋਸ਼ੀ ਵਿਚ ਸੌਂ ਗਈਆਂ ਨੇ। ਉਨ੍ਹਾਂ ਦੀ ਹਾਸੀ ਜੋ ਗਲਿਆਰਿਆਂ ਵਿਚ ਗੂੰਜਣੀ ਚਾਹੀਦੀ ਸੀ, ਹਮੇਸ਼ਾਂ ਲਈ ਚਲੀ ਗਈ ਐ। ਸ਼ਰਮ, ਉਨ੍ਹਾਂ ਲੋਕਾਂ ’ਤੇ ਬਹੁਤ ਸ਼ਰਮ ਜੋ ਇਸ ਭਿਆਨਕ ਘਟਨਾ ਨੂੰ ਦੇਖਦੇ ਨੇ ਅਤੇ ਚੀਕਦੇ ਨਹੀਂ। ਉਨ੍ਹਾਂ ’ਤੇ ਸ਼ਰਮ, ਜੋ ਅਪਰਾਧੀਆਂ ਦੇ ਹੱਥੀਂ ਬੱਚਿਆਂ ਦਾ ਖ਼ੂਨ ਦੇਖਦੇ ਨੇ ਅਤੇ ਆਪਣੀ ਚੁੱਪੀ ਨਾਲ ਉਸ ਨੂੰ ਧੋ ਦਿੰਦੇ ਨੇ। ਇਤਿਹਾਸ ਯਾਦ ਰੱਖੇਗਾ ਕਿ ਤੁਸੀਂ ਕਿਸਦਾ ਸਾਥ ਦਿੱਤਾ।”

ਸੋਸ਼ਲ ਮੀਡੀਆ ’ਤੇ ਲੋਕਾਂ ਵੱਲੋਂ ਇਸ ਹਮਲੇ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਜਾ ਰਹੀ ਐ ਅਤੇ ਇਸ ਹਮਲੇ ਦੇ ਲਈ ਜ਼ਿੰਮੇਵਾਰ ਦੇਸ਼ਾਂ ਨੂੰ ਜਮ ਕੇ ਲਾਹਣਤਾਂ ਪਾਈਆਂ ਜਾ ਰਹੀਆਂ ਨੇ। ਉਧਰ ਇਨ੍ਹਾਂ ਇਲਜ਼ਾਮਾਂ ਤੋਂ ਬਾਅਦ ਅਮਰੀਕੀ ਫ਼ੌਜ ਦੇ ਸੈਂਟਰਲ ਕਮਾਂਡ ਅਤੇ ਇਜ਼ਰਾਈਲੀ ਫ਼ੌਜ ਨੇ ਆਖਿਆ :

ਅਮਰੀਕਾ-ਇਜ਼ਰਾਈਲ ਦੀ ਪ੍ਰਤੀਕਿਰਿਆ : “ਉਹ ਇਸ ਘਟਨਾ ਦੀਆਂ ਖ਼ਬਰਾਂ ਦੀ ਜਾਂਚ ਕਰ ਰਿਹਾ ਹੈ। ਸਾਨੂੰ ਉਸ ਇਲਾਕੇ ਵਿਚ ਕਿਸੇ ਫ਼ੌਜੀ ਕਾਰਵਾਈ ਦੀ ਜਾਣਕਾਰੀ ਨਹੀਂ ਹੈ।” ਦੱਸ ਦਈਏ ਕਿ ਜਿਸ ਸਕੂਲ ’ਤੇ ਇਹ ਹਮਲਾ ਹੋਇਆ, ਉਹ ਮਿਨਾਬ ਵਿਚ ਆਈਆਰਜੀਸੀ ਦੇ ਇਕ ਟਿਕਾਣੇ ਕੋਲ ਸਥਿਤ ਸੀ ਜੋ ਪਹਿਲਾਂ ਵੀ ਨਿਸ਼ਾਨੇ ’ਤੇ ਰਿਹਾ ਏ। ਇਰਾਨ ਰੈੱਡ ਕ੍ਰਿਸੈਂਟ ਦੇ ਅਨੁਸਾਰ ਅਮਰੀਕਾ-ਇਜ਼ਰਾਈਲ ਦੇ ਹਮਲਿਆਂ ਵਿਚ ਹੁਣ ਤੱਕ ਕੁੱਲ 787 ਲੋਕਾਂ ਦੀ ਮੌਤ ਹੋ ਚੁੱਕੀ ਐ।

# ਅਸੀਂ ਹਮਲਾ ਕੀਤਾ ਕਿਉਂਕਿ ਈਰਾਨ ਮਹੀਨਿਆਂ ਦੇ ਅੰਦਰ ਪ੍ਰਮਾਣੂ ਛੋਟ ਪ੍ਰਾਪਤ ਕਰ ਲੈਂਦਾ: ਨੇਤਨਯਾਹੂ

ਯਰੂਸ਼ਲਮ: ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਮੰਗਲਵਾਰ ਨੂੰ ਕਿਹਾ ਕਿ ਇਜ਼ਰਾਈਲ ਅਤੇ ਅਮਰੀਕਾ ਨੇ ਈਰਾਨ 'ਤੇ ਹਮਲਾ ਕੀਤਾ ਕਿਉਂਕਿ ਤਹਿਰਾਨ ਨੇ ਆਪਣਾ ਪ੍ਰਮਾਣੂ ਪ੍ਰੋਗਰਾਮ ਦੁਬਾਰਾ ਸ਼ੁਰੂ ਕਰ ਦਿੱਤਾ ਸੀ ਅਤੇ 'ਕੁਝ ਮਹੀਨਿਆਂ ਵਿੱਚ' ਪ੍ਰਮਾਣੂ ਰੋਕਥਾਮ ਪ੍ਰਾਪਤ ਕਰ ਲਈ ਹੋਵੇਗੀ।



ਨੇਤਨਯਾਹੂ ਨੇ ਫੌਕਸ ਨਿਊਜ਼ ਨੂੰ ਦੱਸਿਆ ਕਿ ਈਰਾਨ 'ਤੇ ਹਮਲਾ ਕਰਨਾ ਜ਼ਰੂਰੀ ਸੀ ਕਿਉਂਕਿ ਤਹਿਰਾਨ ਆਪਣੇ ਮਿਜ਼ਾਈਲ ਅਤੇ ਪ੍ਰਮਾਣੂ ਪ੍ਰੋਗਰਾਮਾਂ ਨੂੰ ਹਮਲਿਆਂ ਤੋਂ ਬਚਾਉਣ ਲਈ ਨਵੀਆਂ ਭੂਮੀਗਤ ਸਹੂਲਤਾਂ ਬਣਾ ਰਿਹਾ ਸੀ।

ਉਨ੍ਹਾਂ ਕਿਹਾ, 'ਈਰਾਨ ਨੇ ਨਵੀਆਂ ਸਹੂਲਤਾਂ, ਨਵੀਆਂ ਥਾਵਾਂ, ਭੂਮੀਗਤ ਬੰਕਰ ਬਣਾਉਣੇ ਸ਼ੁਰੂ ਕਰ ਦਿੱਤੇ ਹਨ ਜੋ ਕੁਝ ਮਹੀਨਿਆਂ ਵਿੱਚ ਇਸਦੇ ਬੈਲਿਸਟਿਕ ਮਿਜ਼ਾਈਲ ਪ੍ਰੋਗਰਾਮ ਅਤੇ ਪ੍ਰਮਾਣੂ ਬੰਬ ਪ੍ਰੋਗਰਾਮ ਨੂੰ ਸੁਰੱਖਿਅਤ ਰੱਖ ਸਕਦੇ ਸਨ। ਜੇਕਰ ਹੁਣ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ, ਤਾਂ ਭਵਿੱਖ ਵਿੱਚ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ।'

ਇਜ਼ਰਾਈਲੀ ਪ੍ਰਧਾਨ ਮੰਤਰੀ ਨੇ ਟੀਵੀ ਚੈਨਲ ਨੂੰ ਕਿਹਾ, 'ਸਾਨੂੰ ਹੁਣ ਕਾਰਵਾਈ ਕਰਨ ਦਾ ਕਾਰਨ ਇਹ ਹੈ ਕਿ ਪਿਛਲੇ ਸਾਲ ਜੂਨ ਵਿੱਚ 12 ਦਿਨਾਂ ਦੀ ਜੰਗ ਵਿੱਚ ਉਨ੍ਹਾਂ ਦੇ ਪ੍ਰਮਾਣੂ ਸਹੂਲਤਾਂ ਅਤੇ ਬੈਲਿਸਟਿਕ ਮਿਜ਼ਾਈਲ ਪ੍ਰੋਗਰਾਮ 'ਤੇ ਹਮਲਾ ਕਰਨ ਤੋਂ ਬਾਅਦ... ਉਨ੍ਹਾਂ ਨੇ ਨਵੀਆਂ ਸਹੂਲਤਾਂ ਅਤੇ ਭੂਮੀਗਤ ਬੰਕਰ ਬਣਾਉਣੇ ਸ਼ੁਰੂ ਕਰ ਦਿੱਤੇ ਜੋ ਕੁਝ ਮਹੀਨਿਆਂ ਦੇ ਅੰਦਰ ਉਨ੍ਹਾਂ ਦੇ ਬੈਲਿਸਟਿਕ ਮਿਜ਼ਾਈਲ ਪ੍ਰੋਗਰਾਮ ਅਤੇ ਪ੍ਰਮਾਣੂ ਬੰਬ ਪ੍ਰੋਗਰਾਮ ਨੂੰ ਸੁਰੱਖਿਅਤ ਕਰ ਦਿੰਦੇ।'

ਉਨ੍ਹਾਂ ਅੱਗੇ ਕਿਹਾ, 'ਜੇਕਰ ਹੁਣ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ, ਤਾਂ ਭਵਿੱਖ ਵਿੱਚ ਕੋਈ ਕਾਰਵਾਈ ਸੰਭਵ ਨਹੀਂ ਹੋਵੇਗੀ।' ਇਹ ਨੇਤਨਯਾਹੂ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਪਿਛਲੇ ਸਾਲ ਕੀਤੇ ਗਏ ਦਾਅਵਿਆਂ ਦੇ ਉਲਟ ਹੈ। ਇਜ਼ਰਾਈਲੀ ਨੇਤਾ ਨੇ ਕਿਹਾ ਸੀ ਕਿ ਇਜ਼ਰਾਈਲ ਨੇ ਈਰਾਨ ਉੱਤੇ ਇੱਕ 'ਇਤਿਹਾਸਕ ਜਿੱਤ' ਪ੍ਰਾਪਤ ਕੀਤੀ ਹੈ ਜੋ 'ਪੀੜ੍ਹੀਆਂ ਤੱਕ ਚੱਲੇਗੀ'। ਇਸ ਦੌਰਾਨ, ਟਰੰਪ ਨੇ ਦਾਅਵਾ ਕੀਤਾ ਸੀ ਕਿ ਈਰਾਨੀ ਪ੍ਰਮਾਣੂ ਪ੍ਰੋਗਰਾਮ ਪੂਰੀ ਤਰ੍ਹਾਂ 'ਨਸ਼ਟ' ਹੋ ਗਿਆ ਹੈ।

ਇੰਟਰਵਿਊ ਵਿੱਚ, ਨੇਤਨਯਾਹੂ ਨੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਅਮਰੀਕਾ ਅਤੇ ਇਜ਼ਰਾਈਲ ਈਰਾਨ ਵਿਰੁੱਧ 'ਅੰਤਹੀਣ ਯੁੱਧ' ਵਿੱਚ ਲੱਗੇ ਹੋਏ ਹਨ। ਉਸਨੇ ਜ਼ੋਰ ਦੇ ਕੇ ਕਿਹਾ ਕਿ ਇਹ ਮੁਹਿੰਮ ਜਲਦੀ ਹੀ ਖਤਮ ਹੋ ਜਾਵੇਗੀ। ਇਜ਼ਰਾਈਲੀ ਪ੍ਰਧਾਨ ਮੰਤਰੀ ਨੇ ਕਿਹਾ, 'ਮੈਂ ਲੋਕਾਂ ਨੂੰ ਇਹ ਕਹਿੰਦੇ ਸੁਣਿਆ ਹੈ ਕਿ ਇੱਥੇ ਇੱਕ ਬੇਅੰਤ ਯੁੱਧ ਹੋਣ ਵਾਲਾ ਹੈ - ਪਰ ਅਜਿਹਾ ਨਹੀਂ ਹੈ ਕਿਉਂਕਿ... ਈਰਾਨ ਵਿੱਚ ਇਹ ਅੱਤਵਾਦੀ ਸ਼ਾਸਨ ਆਪਣੀ ਸ਼ੁਰੂਆਤ ਤੋਂ ਹੀ ਆਪਣੇ ਸਭ ਤੋਂ ਕਮਜ਼ੋਰ ਬਿੰਦੂ 'ਤੇ ਹੈ।'

ਨੇਤਨਯਾਹੂ ਨੇ ਇਹ ਵੀ ਕਿਹਾ ਕਿ ਅਮਰੀਕਾ ਅਤੇ ਇਜ਼ਰਾਈਲੀ ਸਾਂਝੇ ਹਮਲੇ ਈਰਾਨ ਵਿੱਚ ਸ਼ਾਸਨ ਤਬਦੀਲੀ ਲਈ ਹਾਲਾਤ ਪੈਦਾ ਕਰਨਗੇ।

ਉਸਨੇ ਇਹ ਵੀ ਕਿਹਾ ਕਿ ਪੱਛਮੀ ਏਸ਼ੀਆ ਦੀਆਂ '95 ਪ੍ਰਤੀਸ਼ਤ' ਸਮੱਸਿਆਵਾਂ ਈਰਾਨ ਤੋਂ ਪੈਦਾ ਹੁੰਦੀਆਂ ਹਨ, ਅਤੇ ਸ਼ਾਸਨ ਦੇ ਪਤਨ ਨਾਲ ਇਜ਼ਰਾਈਲ ਅਤੇ ਇਸਦੇ ਅਰਬ ਅਤੇ ਮੁਸਲਿਮ ਗੁਆਂਢੀਆਂ ਵਿਚਕਾਰ ਸ਼ਾਂਤੀ ਸਮਝੌਤਿਆਂ ਦਾ ਹੜ੍ਹ ਆ ਜਾਵੇਗਾ।

ਨੇਤਨਯਾਹੂ ਨੇ ਇਹ ਵੀ ਕਿਹਾ ਕਿ ਅਮਰੀਕਾ-ਇਜ਼ਰਾਈਲੀ ਕਾਰਵਾਈ 'ਸ਼ਾਂਤੀ ਦੇ ਇੱਕ ਅਜਿਹੇ ਯੁੱਗ ਦੀ ਸ਼ੁਰੂਆਤ ਕਰੇਗੀ ਜਿਸਦੀ ਅਸੀਂ ਕਦੇ ਕਲਪਨਾ ਵੀ ਨਹੀਂ ਕੀਤੀ ਸੀ।' ਇਜ਼ਰਾਈਲੀ ਨੇਤਾ ਨੇ ਉਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਕਿ ਇਜ਼ਰਾਈਲ ਨੇ ਅਮਰੀਕਾ ਨੂੰ ਯੁੱਧ ਵਿੱਚ ਘਸੀਟਿਆ ਸੀ।

ਉਨ੍ਹਾਂ ਕਿਹਾ, 'ਇਹ ਹਾਸੋਹੀਣਾ ਹੈ। ਡੋਨਾਲਡ ਟਰੰਪ ਦੁਨੀਆ ਦਾ ਸਭ ਤੋਂ ਸ਼ਕਤੀਸ਼ਾਲੀ ਨੇਤਾ ਹੈ। ਉਹ ਉਹੀ ਕਰਦਾ ਹੈ ਜੋ ਉਹ ਅਮਰੀਕਾ ਲਈ ਸਹੀ ਸਮਝਦਾ ਹੈ।' ਉਹ ਉਹੀ ਕਰਦਾ ਹੈ ਜੋ ਉਹ ਭਵਿੱਖ ਦੀਆਂ ਪੀੜ੍ਹੀਆਂ ਲਈ ਸਹੀ ਮੰਨਦਾ ਹੈ। ਨੇਤਨਯਾਹੂ ਨੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਇਸਲਾਮੀ ਗਣਰਾਜ ਦੁਆਰਾ ਪੈਦਾ ਕੀਤੇ ਗਏ ਖਤਰਿਆਂ ਨੂੰ ਸਮਝਦੇ ਹਨ।

# ਅਫ਼ਗਾਨਿਸਤਾਨ ਵਲੋਂ ਪਾਕਿ ਦੇ ਨੂਰ ਖ਼ਾਨ ਏਅਰਬੇਸ 'ਤੇ ਹਮਲਾ

## ਪਾਕਿ ਸੈਨੇਟ ਵਲੋਂ ਅਫ਼ਗਾਨਿਸਤਾਨ ਵਿਰੁੱਧ ਨਿੰਦਾ ਮਤਾ ਪਾਸ

ਅੰਮ੍ਰਿਤਸਰ : ਪਿਛਲੇ ਦਿਨਾਂ ਤੋਂ ਅਫ਼ਗਾਨਿਸਤਾਨ ਅਤੇ ਪਾਕਿਸਤਾਨ ਦੀ ਸਰਹੱਦ 'ਤੇ ਹਵਾਈ ਹਮਲੇ ਤੇ ਗੋਲੀਬਾਰੀ ਜਾਰੀ ਹੈ। ਤਾਲਿਬਾਨ ਸਰਕਾਰ ਦਾ ਦਾਅਵਾ ਹੈ ਕਿ ਉਨ੍ਹਾਂ ਨੇ ਰਾਵਲਪਿੰਡੀ ਸਥਿਤ ਪਾਕਿਸਤਾਨ ਦੇ ਸੰਵੇਦਨਸ਼ੀਲ ਨੂਰ ਖ਼ਾਨ ਏਅਰਬੇਸ 'ਤੇ ਹਮਲਾ ਕੀਤਾ ਹੈ। ਇਸ ਤੋਂ ਪਹਿਲਾਂ 'ਆਪ੍ਰੇਸ਼ਨ ਸੰਧੂਰ' ਦੌਰਾਨ ਭਾਰਤੀ ਫ਼ੌਜ ਨੇ ਵੀ ਨੂਰ ਖਾਨ ਏਅਰਬੇਸ ਸਮੇਤ ਪਾਕਿ ਦੇ ਕਈ ਹੋਰ ਫ਼ੌਜੀ ਠਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਸੀ। ਤਾਲਿਬਾਨ ਰੱਖਿਆ ਮੰਤਰਾਲੇ ਦੇ ਉਪ ਬੁਲਾਰੇ ਸਿਦੀਕੁੱਲਾ ਨਸਰਤ ਨੇ ਇਹ ਵੀ ਕਿਹਾ ਕਿ ਉਨ੍ਹਾਂ ਦੇ ਲੜਾਕੇ ਡੂਰੰਡ ਲਾਈਨ ਪਾਰ ਕਰਕੇ ਪਾਕਿਸਤਾਨੀ ਖੇਤਰ 'ਚ ਦਾਖ਼ਲ ਹੋਏ ਅਤੇ ਬਲੋਚਿਸਤਾਨ ਦੀ ਰਾਜਧਾਨੀ ਕੋਇਟਾ ਅਤੇ ਸੂਬਾ ਖ਼ੈਬਰ ਪਖਤੂਨਖਵਾ ਦੇ ਕੁਝ ਫ਼ੌਜੀ ਠਿਕਾਣਿਆਂ 'ਤੇ ਵੀ ਹਮਲਾ ਕੀਤਾ। ਨਸਰਤ ਨੇ ਕਿਹਾ ਕਿ ਇਹ ਕਾਰਵਾਈ ਕਾਬੁਲ, ਬਗਰਾਮ ਅਤੇ ਹੋਰ ਅਫ਼ਗਾਨ ਖੇਤਰਾਂ 'ਚ ਪਾਕਿ ਹਵਾਈ ਹਮਲਿਆਂ ਦੇ ਜਵਾਬ 'ਚ ਕੀਤੀ ਗਈ। ਤਾਲਿਬਾਨ ਅਨੁਸਾਰ ਨੂਰ ਖ਼ਾਨ ਏਅਰਬੇਸ, ਕੋਇਟਾ 'ਚ 12ਵੀਂ ਕੋਰ ਦੇ ਮੁੱਖ ਦਫ਼ਤਰ ਅਤੇ ਖ਼ੈਬਰ ਪਖਤੂਨਖਵਾ ਦੇ ਮੋਹਮੰਦ ਏਜੰਸੀ ਖੇਤਰ ਵਿਚ ਖਵਾਜ਼ਈ ਫ਼ੌਜੀ ਕੈਂਪ ਨੂੰ ਨਿਸ਼ਾਨਾ ਬਣਾਉਣ ਦੇ ਨਾਲ-ਨਾਲ ਕਈ ਹੋਰ ਮਹੱਤਵਪੂਰਨ ਪਾਕਿ ਫ਼ੌਜੀ ਕਮਾਂਡ ਸੈਂਟਰਾਂ ਨੂੰ ਵੀ ਭਾਰੀ ਨੁਕਸਾਨ ਪਹੁੰਚਾਇਆ ਗਿਆ। ਦੂਜੇ ਪਾਸੇ ਪਾਕਿਸਤਾਨੀ ਸਰਕਾਰ ਦਾ ਦਾਅਵਾ ਹੈ ਕਿ ਹੁਣ ਤੱਕ ਆਪ੍ਰੇਸ਼ਨ ਗ਼ਜ਼ਬ ਲਿਲ-ਹੱਕ (ਆਪਣੇ ਹੱਕਾਂ ਲਈ ਖੜ੍ਹੇ ਹੋਣਾ) ਤਹਿਤ 415 ਤਾਲਿਬਾਨ ਲੜਾਕੇ ਮਾਰੇ ਗਏ ਹਨ ਅਤੇ 580 ਤੋਂ ਵੱਧ ਜ਼ਖਮੀ ਹੋਏ ਹਨ। ਪਾਕਿ ਦੇ ਸੂਚਨਾ ਮੰਤਰੀ ਅੱਤਾ ਉੱਲਾ ਤਰਾਰ ਦੇ ਅਨੁਸਾਰ ਹੁਣ ਤੱਕ ਅਫ਼ਗਾਨਿਸਤਾਨ ਦੀਆਂ 182 ਚੌਕੀਆਂ ਤਬਾਹ ਕੀਤੀਆਂ ਜਾ ਚੁੱਕੀਆਂ ਹਨ, 31 ਚੌਕੀਆਂ ਕਬਜ਼ੇ 'ਚ ਲਈਆਂ ਗਈਆਂ ਅਤੇ 185 ਟੈਂਕ ਤੇ ਫ਼ੌਜੀ ਵਾਹਨ ਤਬਾਹ ਕੀਤੇ ਗਏ। ਪਾਕਿਸਤਾਨ ਦੀ ਸੈਨੇਟ ਨੇ ਅਫ਼ਗਾਨਿਸਤਾਨ ਵਿਰੁੱਧ ਨਿੰਦਾ ਮਤਾ ਪਾਸ ਕੀਤਾ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਕਿਸੇ ਵੀ ਹੋਰ ਭੜਕਾਹਟ ਦਾ ਸਖ਼ਤ ਜਵਾਬ ਦਿੱਤਾ ਜਾਵੇਗਾ।

# ਖਾੜੀ ਦੇਸ਼ਾਂ 'ਚ ਫਸੇ ਹਨ ਲੱਖਾਂ ਭਾਰਤੀ, ਦਹਿਸ਼ਤ ਦੇ ਪਰਛਾਵੇਂ ਹੇਠ ਜਿਉਂ ਰਹੇ

ਦੁਬਈ: ਈਰਾਨ ਖ਼ਿਲਾਫ਼ ਅਮਰੀਕਾ ਤੇ ਇਜ਼ਰਾਈਲ ਦੀ ਜੰਗ ਦਾ ਅੱਜ ਪੰਜਵਾਂ ਦਿਨ ਹੈ। ਅਮਰੀਕੀ ਰੱਖਿਆ ਵਿਭਾਗ ਭਾਵ 'ਪੈਂਟਾਗਨ' ਨੇ ਕੁਵੈਤ 'ਚ ਕਈ ਅਮਰੀਕੀ ਫ਼ੌਜੀਆਂ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਹੈ। ਕਦੋਂ ਕਿਹੜੇ ਪਾਸਿਓਂ ਕੋਈ ਮਿਜ਼ਾਇਲ ਜਾਂ ਬੰਬ ਆ ਡਿੱਗੇ, ਕਿਸੇ ਨੂੰ ਕੁਝ ਪਤਾ ਨਹੀਂ ਹੈ। ਬੱਸ ਸਭ ਕੁਝ ਰੱਬ ਸਹਾਰੇ ਹੀ ਚੱਲ ਰਿਹਾ ਹੈ। ਚੁਪਾਸੇ ਧੂੰਆਂ ਹੀ ਧੂੰਆਂ ਫੈਲ ਰਿਹਾ ਹੈ। ਲੋਕ ਜ਼ਿਆਦਾਤਰ ਸੂਚਨਾਵਾਂ ਆਪਣੇ ਮੋਬਾਇਲ ਫ਼ੋਨਾਂ 'ਤੇ ਲੈ ਰਹੇ ਹਨ। ਸਭਨਾਂ ਦੇ ਘਰਾਂ ਤੋਂ ਚਿੰਤਾ ਭਰਪੂਰ ਮੈਸੇਜ ਲਗਾਤਾਰ ਆ ਰਹੇ ਹਨ।



ਅਣਗਿਣਤ ਲੋਕ ਇਸ ਵੇਲੇ ਖਾੜੀ ਦੇਸ਼ਾਂ ਦੇ ਵੱਖੋ-ਵੱਖਰੇ ਹਵਾਈ ਅੱਡਿਆਂ ਉਤੇ ਫਸੇ ਹੋਏ ਹਨ। ਸਭ ਨੂੰ ਇਹੋ ਆਸ ਹੁੰਦੀ ਹੈ ਕਿ ਅੱਜ ਸ਼ਾਮ ਤੱਕ ਜੰਗ ਜ਼ਰੂਰ ਖ਼ਤਮ ਹੋ ਜਾਵੇਗੀ ਪਰ ਉਸੇ ਵੇਲੇ ਕਿਤੇ ਬੰਬਾਰੀ ਨਾਲ਼ ਵੱਡਾ ਨੁਕਸਾਨ ਹੋਣ ਦੀ ਖ਼ਬਰ ਆ ਜਾਂਦੀ ਹੈ। ਸਭ ਦੀਆਂ ਨਜ਼ਰਾਂ ਇਸ ਵੇਲੇ ਟੈਲੀਵਿਜ਼ਨ ਤੇ ਮੋਬਾਇਲ ਫ਼ੋਨ ਦੀਆਂ ਸਕ੍ਰੀਨਾਂ ਉਤੇ ਹੀ ਲੱਗੀਆਂ ਹੋਈਆਂ ਹਨ।

ਈਰਾਨ ਨੇ ਕਿਉਂਕਿ ਕਈ ਖਾੜੀ ਦੇਸ਼ਾਂ ਦੇ ਹੋਟਲਾਂ ਅਤੇ ਹਵਾਈ ਅੱਡਿਆਂ ਨੂੰ ਨਿਸ਼ਾਨਾ ਬਣਾ ਕੇ ਡਰੋਨ ਅਤੇ ਮਿਜ਼ਾਇਲ ਹਮਲੇ ਕੀਤੇ ਹਨ। ਇਸੇ ਲਈ ਦੁਬਈ, ਅਬੂ ਧਾਬੀ ਅਤੇ ਦੋਹਾ ਜਿਹੇ ਪ੍ਰਮੁੱਖ ਹਵਾਈ ਅੱਡਿਆਂ ਨੂੰ ਬੰਦ ਕਰਨਾ ਪਿਆ ਹੈ। ਹਜ਼ਾਰਾਂ ਉਡਾਣਾਂ ਰੋਜ਼ਾਨਾ ਰੱਦ ਕਰਨੀਆਂ ਪਈਆਂ ਹਨ। ਉਹ ਮਾਪੇ ਡਾਢੇ ਪਰੇਸ਼ਾਨ ਹਨ, ਜਿਨ੍ਹਾਂ ਦੇ ਬੱਚੇ ਈਰਾਨ ਜਾਂ ਅਬੂ ਧਾਬੀ ਤੇ ਬਹਿਰੀਨ ਜਿਹੇ ਖਾੜੀ ਦੇਸ਼ਾਂ ਵਿੱਚ ਰਹਿ ਰਹੇ ਹਨ। ਭਾਰਤੀ, ਖ਼ਾਸ ਕਰ ਕੇ ਪੰਜਾਬੀ ਤੁਹਾਨੂੰ ਦੁਨੀਆ ਦੇ ਲਗਭਗ ਹਰੇਕ ਦੇਸ਼ ਵਿੱਚ ਮਿਲ਼ ਜਾਣਗੇ। ਇਸ ਵੇਲੇ ਦੁਬਈ 'ਚ ਮੌਜੂਦ ਬਹੁ-ਚਰਚਿਤ ਪੰਜਾਬੀ ਕਾਰੋਬਾਰੀ ਤੇ ਸਮਾਜ-ਸੇਵਕ ਐਸਪੀ ਸਿੰਘ ਓਬਰਾਏ ਨੇ ਫ਼ੋਨ 'ਤੇ ਦੱਸਿਆ ਕਿ ਹਮਲਾ ਬਹੁਤ ਭਿਆਨਕ ਹੈ। ਦੁਬਈ ਤੋਂ ਆਸਮਾਨ ਵਿੱਚ ਡਰੋਨ ਤੇ ਮਿਜ਼ਾਇਲਾਂ ਸਾਫ਼ ਵੇਖੀਆਂ ਜਾ ਸਕਦੀਆਂ ਹਨ। ਮਲਬਾ ਵੀ ਕਾਫ਼ੀ ਡਿੱਗ ਰਿਹਾ ਹੈ, ਜਿਸ ਨਾਲ਼ ਦੁਬਈ 'ਚ ਵੀ ਕੁਝ ਨੁਕਸਾਨ ਹੋਇਆ ਹੈ।

ਓਬਰਾਏ ਹੁਰਾਂ ਇਹ ਵੀ ਦੱਸਿਆ ਕਿ UAE ਭਾਵ ਸੰਯੁਕਤ ਅਰਬ ਅਮੀਰਾਤ ਸਰਕਾਰ ਨੇ ਆਮ ਲੋਕਾਂ ਨੂੰ ਬਹੁਤ ਜ਼ਰੂਰੀ ਹੋਣ ਉਤੇ ਹੀ ਘਰੋਂ ਬਾਹਰ ਨਿੱਕਲਣ ਦੀ ਸਲਾਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਉਡਾਣਾਂ 'ਚ ਬਹੁਤ ਜ਼ਿਆਦਾ ਵਿਘਨ ਪਿਆ ਹੋਇਆ ਹੈ। ਇਸੇ ਲਈ ਭਾਰਤ ਤੇ ਹੋਰਨਾਂ ਦੇਸ਼ਾਂ ਦੇ ਹਜ਼ਾਰਾਂ ਯਾਤਰੀ ਅਬੂ ਧਾਬੀ, ਦੁਬਈ ਤੇ ਸ਼ਾਰਜਾਹ ਦੇ ਹਵਾਈ ਅੱਡਿਆਂ ਉਤੇ ਫਸੇ ਹੋਏ ਹਨ।

ਜਿਵੇਂ ਹੀ ਕਿਸੇ ਦੇਸ਼ 'ਚ ਕਿਤੇ ਚੇਤਾਵਨੀ ਵਾਲ਼ੇ ਸਾਇਰਨ ਵੱਜਣ ਲਗਦੇ ਹਨ, ਤਿਵੇਂ ਹੀ ਉਥੋਂ ਦੇ ਨਾਗਰਿਕਾਂ ਦੇ ਦਿਲਾਂ ਦੀ ਧੜਕਣ ਬਹੁਤ ਤੇਜ਼ ਹੋ ਜਾਂਦੀ ਹੈ। ਜ਼ੋਰਦਾਰ ਧਮਾਕਿਆਂ ਦੀਆਂ ਆਵਾਜ਼ਾਂ ਲਗਾਤਾਰ ਆਉਣ ਕਾਰਣ ਰਾਤਾਂ ਕੱਟਣੀਆਂ ਡਾਢੀਆਂ ਔਖੀਆਂ ਹੋ ਰਹੀਆਂ ਹਨ। ਖਾੜੀ ਦੇਸ਼ਾਂ 'ਚ ਪ੍ਰਵਾਸੀ ਭਾਰਤੀਆਂ ਦੀ ਆਬਾਦੀ ਸਭ ਤੋਂ ਵੱਧ ਹੈ। ਸਰਕਾਰੀ ਅੰਕੜਿਆਂ ਮੁਤਾਬਕ ਸਭ ਤੋਂ ਵੱਧ ਭਾਰਤੀ ਸੰਯੁਕਤ ਅਰਬ ਅਮੀਰਾਤ ਤੇ ਸਊਦੀ ਅਰਬ ਵਿੱਚ ਰਹਿ ਰਹੇ ਹਨ। ਇਜ਼ਰਾਇਲ 'ਚ ਇੱਕ ਲੱਖ ਤੋਂ ਵੱਧ ਭਾਰਤੀ ਅਤੇ ਈਰਾਨ 'ਚ ਇੱਕ ਲੱਖ ਤੋਂ ਵੱਧ ਭਾਰਤੀ ਹਨ। ਸੰਯੁਕਤ ਅਰਬ ਅਮੀਰਾਤ 'ਚ ਭਾਰਤੀ ਸਭ ਤੋਂ ਵੱਧ ਰਹਿੰਦੇ ਹਨ, ਜੋ ਉਥੋਂ ਦੀ ਗਿਣਤੀ ਦਾ ਲਗਭਗ 35 ਫ਼ੀ ਸਦੀ ਹਨ। ਇਨ੍ਹਾਂ ਸਾਰੇ ਦੇਸ਼ਾਂ ਵਿੱਚ ਪੰਜਾਬੀਆਂ ਦੀ ਗਿਣਤੀ ਵੀ ਕਾਫ਼ੀ ਜ਼ਿਆਦਾ ਹੈ। ਖਾੜੀ ਦੇਸ਼ਾਂ 'ਚ ਆਉਣ ਵਾਲ਼ੇ ਸੈਲਾਨੀਆਂ ਵਿਚੋਂ ਵੀ ਸਭ ਤੋਂ ਵੱਧ ਗਿਣਤੀ ਭਾਰਤੀਆਂ ਦੀ ਹੀ ਹੈ। ਪਿਛਲੇ ਵਰ੍ਹੇ ਸੰਯੁਕਤ ਅਰਬ ਅਮੀਰਾਤ 'ਚ ਲਗਭਗ 86 ਲੱਖ, ਸਊਦੀ ਅਰਬ 'ਚ 34 ਲੱਖ ਤੇ ਕਤਰ 'ਚ 11 ਲੱਖ ਭਾਰਤੀ ਸੈਲਾਨੀ ਆਏ ਸਨ।

# ਮੱਧ-ਪੂਰਬ 'ਚ ਜੰਗ ਹੋਰ ਭੜਕੀ, ਇਰਾਨ ਦਾ ਅਮਰੀਕੀ ਸਫ਼ਾਰਤਖ਼ਾਨੇ 'ਤੇ ਹਮਲਾ

ਦੁਬਈ: ਰਿਆਦ ਵਿਚ ਅਮਰੀਕੀ ਸਫ਼ਾਰਤਖ਼ਾਨੇ 'ਤੇ ਇਰਾਨੀ ਹਮਲੇ ਤੋਂ ਬਾਅਦ ਮੱਧ-ਪੂਰਬ ਵਿਚ ਜੰਗ ਹੋਰ ਤੀਬਰ ਹੋ ਗਈ ਹੈ। ਅਮਰੀਕਾ ਨੇ ਕਈ ਦੇਸ਼ਾਂ 'ਚੋਂ ਅਪਣੇ ਕਰਮਚਾਰੀਆਂ ਨੂੰ ਤੁਰਤ ਬਾਹਰ ਕੱਢਣ ਦੇ ਹੁਕਮ ਜਾਰੀ ਕੀਤੇ ਹਨ। ਇਸੇ ਦੌਰਾਨ, ਅਮਰੀਕਾ ਅਤੇ ਇਸਰਾਈਲ ਨੇ ਇਰਾਨ 'ਤੇ ਭਾਰੀ ਹਵਾਈ ਹਮਲੇ ਕੀਤੇ ਹਨ।



ਉਧਰ ਸੰਯੁਕਤ ਰਾਸ਼ਟਰ ਦੀ ਪ੍ਰਮਾਣੂ ਨਿਗਰਾਨੀ ਸੰਸਥਾ ਨੇ ਮੰਗਲਵਾਰ ਨੂੰ ਕਿਹਾ ਕਿ ਅਮਰੀਕਾ ਅਤੇ ਇਜ਼ਰਾਇਲ ਦੇ ਹਵਾਈ ਹਮਲਿਆਂ ਦੇ ਦਰਮਿਆਨ ਇਰਾਨ ਦੇ ਨਤਾਂਜ਼ ਪਰਮਾਣੂ ਸਥਾਨ ਨੂੰ 'ਹਾਲ ਹੀ ਵਿਚ ਕੁੱਝ ਨੁਕਸਾਨ' ਹੋਇਆ ਹੈ, ਪਰ ਇਸ ਨਾਲ 'ਕਿਸੇ ਵੀ ਵਿਕਿਰਣ ਦਾ ਸ਼ੱਕ ਨਹੀਂ ਹੈ।' ਕੌਮਾਂਤਰੀ ਪਰਮਾਣੂ ਊਰਜਾ ਏਜੰਸੀ ਨੇ ਦਸਿਆ ਕਿ ਨੁਕਸਾਨ ਮੁੱਖ ਤੌਰ ਉਤੇ ਪਰਮਾਣੂ ਸਥਾਨ ਦੇ ਭੂਗਰਭੀ ਹਿੱਸੇ ਦੇ 'ਪ੍ਰਵੇਸ਼ ਭਵਨਾਂ' ਤਕ ਸੀਮਿਤ ਹੈ।

ਸਾਉਦੀ ਰੱਖਿਆ ਮੰਤਰਾਲੇ ਨੇ ਦਸਿਆ ਕਿ 'ਦੋ ਡਰੋਨ ਹਮਲਿਆਂ ਨਾਲ ਦੂਤਾਵਾਸ ਵਿਚ ਸੀਮਿਤ ਅੱਗ ਲੱਗੀ।' ਅਮਰੀਕੀ ਸਫ਼ਾਰਤਖ਼ਾਨੇ ਨੇ ਅਪਣੇ ਨਾਗਰਿਕਾਂ ਨੂੰ ਚੇਤਾਵਨੀ ਦਿਤੀ ਕਿ ਉਹ ਕੰਪਾਊਂਡ ਤੋਂ ਦੂਰ ਰਹਿਣ। ਕੁਵੈਤ ਵਿਚ ਅਮਰੀਕੀ ਸਫ਼ਾਰਤਖ਼ਾਨਾ ਪਹਿਲਾਂ ਹੀ ਬੰਦ ਕੀਤਾ ਜਾ ਚੁੱਕਾ ਹੈ। ਅਮਰੀਕੀ ਵਿਦੇਸ਼ ਮੰਤਰਾਲੇ ਨੇ ਕੁਵੈਤ, ਬਹਿਰੀਨ, ਇਰਾਕ, ਕਤਰ, ਜੌਰਡਨ ਅਤੇ ਯੂ.ਏ.ਈ. 'ਚੋਂ ਗੈਰ-ਜ਼ਰੂਰੀ ਕਰਮਚਾਰੀਆਂ ਅਤੇ ਪਰਵਾਰਾਂ ਨੂੰ ਤੁਰਤ ਨਿਕਾਲਣ ਦੇ ਹੁਕਮ ਦਿਤੇ ਹਨ। ਹਵਾਈ ਅੱਡਿਆਂ ਦੇ ਬੰਦ ਹੋਣ ਕਾਰਨ ਹਜ਼ਾਰਾਂ ਲੋਕ ਫਸੇ ਹੋਏ ਹਨ।

ਇਰਾਨੀ ਰੈੱਡ ਕ੍ਰੈਸੈਂਟ ਸੋਸਾਇਟੀ ਮੁਤਾਬਕ, ਹੁਣ ਤਕ 787 ਲੋਕਾਂ ਦੀ ਮੌਤ ਹੋ ਚੁਕੀ ਹੈ, ਜਿਨ੍ਹਾਂ 'ਚੋਂ ਵੱਡੀ ਗਿਣਤੀ ਇਰਾਨ ਵਿਚ ਹੈ। ਇਸਰਾਈਲ ਵਿਚ ਇਰਾਨੀ ਮਿਸਾਈਲ ਹਮਲਿਆਂ ਨਾਲ 11 ਲੋਕ ਮਾਰੇ ਗਏ ਹਨ। ਹਿਜਬੁੱਲਾਹ ਨੇ ਵੀ ਇਸਰਾਈਲ 'ਤੇ ਹਮਲੇ ਕੀਤੇ ਹਨ, ਜਿਸ ਦੇ ਜਵਾਬ ਵਿਚ ਇਸਰਾਈਲ ਨੇ ਲੈਬਨਾਨ ਵਿਚ 52 ਲੋਕਾਂ ਨੂੰ ਮਾਰ ਦਿਤਾ। ਇਰਾਨੀ ਬ੍ਰਿਗੇਡੀਅਰ ਜਨਰਲ ਇਬਰਾਹੀਮ ਜੱਬਾਰੀ ਨੇ ਚੇਤਾਵਨੀ ਦਿਤੀ , "ਹੋਰਮੁਜ਼ ਦੀ ਖਾੜੀ ਬੰਦ ਹੈ। ਕੋਈ ਵੀ ਜਹਾਜ਼ ਜੋ ਇੱਥੋਂ ਲੰਘਣ ਦੀ ਕੋਸ਼ਿਸ਼ ਕਰੇਗਾ, ਉਸ ਨੂੰ ਅੱਗ ਲਗਾ ਦਿਤੀ ਜਾਵੇਗੀ।"

ਲੈਬਨਾਨ ਵਿਚ ਇਜ਼ਰਾਈਲ ਨੇ ਨਵੇਂ ਜ਼ਮੀਨੀ ਦਸਤਿਆਂ ਨੂੰ ਤਾਇਨਾਤ ਕੀਤਾ ਹੈ। ਬੇਰੂਤ ਵਿਚ ਧਮਾਕਿਆਂ ਦੀਆਂ ਆਵਾਜ਼ਾਂ ਸੁਣੀਆਂ ਗਈਆਂ ਹਨ। ਹਿਜਬੁੱਲਾਹ ਦੇ ਸੀਨੀਅਰ ਅਧਿਕਾਰੀ ਮਹਮੂਦ ਕੋਮਾਤੀ ਨੇ ਕਿਹਾ, "ਹੁਣ ਸਾਡੇ ਕੋਲ ਲੜਨ ਤੋਂ ਇਲਾਵਾ ਕੋਈ ਵਿਕਲਪ ਨਹੀਂ।" ਇਹ ਜੰਗ ਨਾ ਸਿਰਫ਼ ਮੱਧ-ਪੂਰਬ ਦੀ ਸਿਆਸਤ ਨੂੰ ਹਿਲਾ ਰਹੀ ਹੈ, ਸਗੋਂ ਦੁਨੀਆਂ ਭਰ ਦੇ ਤੇਲ ਅਤੇ ਗੈਸ ਸਪਲਾਈ, ਕੌਮਾਂਤਰੀ ਜਹਾਜ਼ਰਾਨੀ ਅਤੇ ਹਵਾਈ ਯਾਤਰਾ ਨੂੰ ਵੀ ਗੰਭੀਰ ਤੌਰ 'ਤੇ ਪ੍ਰਭਾਵਤ ਕਰ ਰਹੀ ਹੈ।

# ਇਰਾਨ ਨੇ ਕੀਤੀ ਪਰਮਾਣੂ ਟੈਸਟਿੰਗ ? ਜੰਗ ਵਿਚਾਲੇ ਭੂਚਾਲ ਨਾਲ ਕੰਬ ਗਿਆ ਪੂਰਾ ਦੇਸ਼

ਇਕ ਪਾਸੇ ਜਦੋਂ ਦੁਨੀਆ ਅਮਰੀਕਾ ਅਤੇ ਇਰਾਨ ਵਿਚਾਲੇ ਸਿੱਧੀ ਜੰਗ ਨੂੰ ਤੀਜੇ ਵਿਸ਼ਵ ਯੁੱਧ ਦੇ ਖ਼ਤਰੇ ਵਜੋਂ ਦੇਖ ਰਹੀ ਹੈ, ਉੱਥੇ ਹੀ ਇਰਾਨ ਤੋਂ ਇਕ ਵੱਡੀ ਖ਼ਬਰ ਸਾਹਮਣੇ ਆਈ ਹੈ, ਜਿੱਥੋਂ ਦੇ ਗੇਰਾਸ਼ ਇਲਾਕੇ 'ਚ 4.3 ਦੀ ਤੀਬਰਤਾ ਨਾਲ ਧਰਤੀ ਕੰਬ ਗਈ ਹੈ ਤੇ ਇਲਾਕੇ 'ਚ ਜੰਗ ਦੇ ਨਾਲ-ਨਾਲ ਇਕ ਹੋਰ ਨਵੀਂ ਚਰਚਾ ਛੇੜ ਦਿੱਤੀ ਹੈ। ਇਰਾਨ 'ਚ ਆਏ ਰਹੱਸਮਈ ਭੂਚਾਲਾਂ ਨੇ ਇੱਕ ਨਵਾਂ ਵਿਵਾਦ ਪੈਦਾ ਕਰ ਦਿੱਤਾ ਹੈ। ਰਿਪੋਰਟਾਂ ਮੁਤਾਬਕ ਇਰਾਨ ਦੇ ਬੁਸ਼ਹਿਰ ਅਤੇ ਇਸਫਾਹਨ ਇਲਾਕਿਆਂ ਵਿੱਚ ਰਹੱਸਮਈ ਭੂਚਾਲ ਆਏ ਹਨ। ਸੋਸ਼ਲ ਮੀਡੀਆ 'ਤੇ ਚਰਚਾ ਹੈ ਕਿ ਇਰਾਨ ਨੇ ਇਜ਼ਰਾਈਲੀ ਹਮਲਿਆਂ ਦੇ ਜਵਾਬ ਵਿੱਚ ਆਪਣਾ ਪਹਿਲਾ ਗੁਪਤ ਪ੍ਰਮਾਣੂ ਪ੍ਰੀਖਣ ਕਰ ਲਿਆ ਹੈ। ਹਾਲਾਂਕਿ, ਭੂ-ਵਿਗਿਆਨੀਆਂ ਦਾ ਕਹਿਣਾ ਹੈ ਕਿ ਇਹ ਕੁਦਰਤੀ ਭੂਚਾਲ ਹੋ ਸਕਦਾ ਹੈ, ਪਰ ਸੈਟੇਲਾਈਟ ਤਸਵੀਰਾਂ ਇਨ੍ਹਾਂ ਖੇਤਰਾਂ ਵਿੱਚ ਅਸਧਾਰਨ ਫੌਜੀ ਹਰਕਤਾਂ ਦਿਖਾ ਰਹੀਆਂ ਹਨ। ਇਹੀ ਨਹੀਂ, ਅਮਰੀਕਾ ਦੇ ਨੇਵਾਡਾ ਸਥਿਤ ਗੁਪਤ ਫੌਜੀ ਸਾਈਟ, ਜਿਸ ਨੂੰ 'ਏਰੀਆ 52' ਵਜੋਂ ਵੀ ਜਾਣਿਆ ਜਾਂਦਾ ਹੈ, ਦੇ ਨੇੜੇ ਪਿਛਲੇ 24 ਘੰਟਿਆਂ ਵਿੱਚ 16 ਤੋਂ ਵੱਧ ਭੂਚਾਲ ਮਹਿਸੂਸ ਕੀਤੇ ਗਏ ਹਨ, ਜਿਨ੍ਹਾਂ ਦੀ ਤੀਬਰਤਾ 2.5 ਤੋਂ ਵੱਧ ਸੀ। ਪਿਛਲੇ ਇੱਕ ਹਫ਼ਤੇ ਵਿੱਚ ਇੱਥੇ 100 ਤੋਂ ਵੱਧ ਝਟਕੇ ਲੱਗ ਚੁੱਕੇ ਹਨ। ਇਹ ਇਲਾਕਾ ਪਹਿਲਾਂ ਵੀ ਅਮਰੀਕਾ ਦੇ ਪ੍ਰਮਾਣੂ ਪ੍ਰੀਖਣਾਂ ਲਈ ਵਰਤਿਆ ਜਾਂਦਾ ਰਿਹਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਰਾਨ ਨਾਲ ਜੰਗ ਦੀਆਂ ਤਿਆਰੀਆਂ ਦੇ ਹਿੱਸੇ ਵਜੋਂ ਅਮਰੀਕਾ ਸ਼ਾਇਦ ਆਪਣੇ ਪ੍ਰਮਾਣੂ ਹਥਿਆਰਾਂ ਦੀ ਸ਼ਕਤੀ ਦੀ ਜਾਂਚ ਕਰ ਰਿਹਾ ਹੈ।

‘ਕੀ ਤੁਸੀਂ ਆਪਣੇ ਘਰ ਜਾਂ ਕਾਰੋਬਾਰ ਲਈ ਬਿਜਲੀ ਦੇ ਖਰਚੇ ਘਟਾਉਣਾ ਚਾਹੁੰਦੇ ਹੋ ?’

SINGH SOLAR
EST. 2025

# High-performance Bifacial Smart Panels

ਜੋ ਤੁਹਾਡੀ ਊਰਜਾ ਦੀਆਂ ਲੋੜਾਂ ਨੂੰ ਪੂਰਾ ਕਰਨ ਵਿੱਚ ਮਦਦਗਾਰ ਹਨ।

## Residential/Business



- ਉੱਚ ਗੁਣਵੱਤਾ ਵਾਲੇ ਸੋਲਰ ਪੈਨਲ
- ਪੇਸ਼ੇਵਰ ਇੰਸਟਾਲੇਸ਼ਨ
- ਭਾਰੀ ਬੱਚਤ ਦਾ ਮੌਕਾ

510-706-1300 | singhsolarusa@gmail.com

**ਜੇਹਾ ਚੀਰੀ ਲਿਖਿਆ ਤੇਹਾ ਹੁਕਮ ਕਮਾਹਿ ॥**
**ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥**

# ਗਿੱਲ ਪਰਿਵਾਰ ਨੂੰ ਭਾਰੀ ਸਦਮਾ

# ਸਤਿਕਾਰਯੋਗ ਸ. ਗੁਰਮੁੱਖ ਸਿੰਘ ਗਿੱਲ ਨਹੀਂ ਰਹੇ



ਸਵ. ਸ. ਗੁਰਮੁੱਖ ਸਿੰਘ ਗਿੱਲ

ਯੂਨੀਅਨ ਸਿਟੀ/ਕੈਲੀਫੋਰਨੀਆ, (ਸਾਡੇ ਲੋਕ) : ਗਿੱਲ ਪਰਿਵਾਰ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਸਤਿਕਾਰਯੋਗ ਸ. ਗੁਰਮੁੱਖ ਸਿੰਘ ਗਿੱਲ ਜੋ ਕਿ ਮਿਤੀ 26 ਫਰਵਰੀ ਦਿਨ ਵੀਰਵਾਰ ਨੂੰ ਅਕਾਲ ਚਲਾਣਾ ਕਰ ਗਏ। ਸਾਰੀ ਜ਼ਿੰਦਗੀ ਵਾਹਿਗੁਰੂ ਦਾ ਜਾਪ ਕਰਨ ਵਾਲੇ ਹਰ ਇੱਕ ਨੂੰ ਪਿਆਰ ਮੁਹੱਬਤ ਨਾਲ ਬਲਾਉਣ ਵਾਲੇ ਸ. ਗੁਰਮੁੱਖ ਸਿੰਘ ਗਿੱਲ ਜੀ ਇੱਕ ਸੱਚੇ ਸੁੱਚੇ ਅਤੇ ਨੇਕ ਸੁਭਾਅ ਦੇ ਮਾਲਕ ਸਨ। ਉਹ ਯੂਨੀਅਨ ਸਿਟੀ ਅਮਰੀਕਾ ਵਿਖੇ ਪਿਛਲੇ 35 ਸਾਲ ਤੋਂ ਰਹਿ ਰਹੇ ਸਨ। ਸ. ਗਿੱਲ ਆਪਣੇ ਪਿਛੇ ਆਪਣੀ ਧਰਮ ਪਤਨੀ, ਦੋ ਬੇਟੇ ਅਤੇ ਇਕ ਬੇਟੀ ਛੱਡ ਗਏ। ਉਨ੍ਹਾਂ ਟਰੱਕਿੰਗ ਇੰਡਸਟਰੀ ਵਿਚ ਕੰਮ ਕਰਦੇ ਸਨ। ਉਨ੍ਹਾਂ ਦਾ ਇਕ ਭਰਾ ਪੰਜਾਬ ਰਹਿ ਰਿਹਾ ਹੈ। ਭਾਵੇਂ ਅੱਜ ਸ. ਗੁਰਮੁੱਖ ਸਿੰਘ ਗਿੱਲ ਸਾਡੇ ਵਿੱਚ ਨਹੀਂ ਹਨ ਪ੍ਰੰਤੂ ਉਨ੍ਹਾਂ ਦੀਆਂ ਯਾਦਾਂ ਹਮੇਸ਼ਾ ਹੀ ਸਾਡੇ ਨਾਲ ਰਹਿਣਗੀਆਂ। ਵਾਹਿਗੁਰੂ ਜੀ ਦੇ ਚਰਨਾ 'ਚ ਅਰਦਾਸ ਕਰਦੇ ਹਾਂ ਕਿ ਇਸ ਮਹਾਨ ਪਵਿੱਤਰ ਆਤਮਾ ਨੂੰ ਆਪਣੇ ਚਰਨਾ 'ਚ ਨਿਵਾਸ ਬਖਸ਼ੇ ਅਤੇ ਪ੍ਰਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ।

**ਉਨ੍ਹਾਂ ਦਾ ਅੰਤਿਮ ਸਸਕਾਰ 9 ਮਾਰਚ ਦਿਨ ਸੋਮਵਾਰ ਨੂੰ 12.00 ਹੋਵੇਗਾ।**

## ਅੰਤਿਮ ਸੰਸਕਾਰ

CHAPEL OF THE CHIMES HAYWARD
32992 FREMONT, CALIFORNIA
9TH MARCH, 2026 AT 12 PM

**ਪ ਮਾਰਚ 2026 ਦੁਪਹਿਰ 12.00 ਵਜੇ ਹੋਵੇਗਾ**
**ਉਪਰੰਤ ਸਹਿਜ ਪਾਠ ਦੇ ਭੋਗ ਤੇ ਅੰਤਿਮ ਅਰਦਾਸ**
**ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ 2.30 ਵਜੇ ਹੋਵੇਗਾ।**

**ਪ੍ਰਵਾਰ ਨਾਲ ਦੁੱਖ ਸਾਂਝਾ ਕਰਨ ਲਈ**
**510-303-5629**

# ਤਾਮਿਲਨਾਡੂ ਦੀ ਸਿਆਸਤ 'ਚ ਵੱਡਾ ਧਮਾਕਾ

## BSP ਦੇ ਕਈ ਦਿੱਗਜ ਆਗੂ ਬਹੁਜਨ ਦ੍ਰਾਵਿੜ ਪਾਰਟੀ 'ਚ ਸ਼ਾਮਲ; ਸ. ਜੀਵਨ ਸਿੰਘ ਦੀ ਅਗਵਾਈ ਹੇਠ ਫੜਿਆ ਪੱਲਾ







ਚੇਨਈ: ਤਾਮਿਲਨਾਡੂ ਦੀ ਸਿਆਸਤ ਵਿੱਚ ਅੱਜ ਉਸ ਵੇਲੇ ਇੱਕ ਵੱਡਾ ਫੇਰਬਦਲ ਦੇਖਣ ਨੂੰ ਮਿਲਿਆ ਜਦੋਂ ਉੱਤਰੀ ਤਾਮਿਲਨਾਡੂ ਦੇ ਬਹੁਜਨ ਸਮਾਜ ਪਾਰਟੀ (BSP) ਦੇ ਕਈ ਜ਼ਿਲ੍ਹਾ ਪੱਧਰੀ ਸੀਨੀਅਰ ਆਗੂਆਂ ਨੇ ਰਸਮੀ ਤੌਰ 'ਤੇ ਬਹੁਜਨ ਦ੍ਰਾਵਿੜ ਪਾਰਟੀ (BDP) ਦਾ ਪੱਲਾ ਫੜ ਲਿਆ। ਇਹ ਅਹਿਮ ਘਟਨਾਕ੍ਰਮ ਪਾਰਟੀ ਦੇ ਕੌਮੀ ਪ੍ਰਧਾਨ ਸਰਦਾਰ ਜੀਵਨ ਸਿੰਘ ਦੀ ਯੋਗ ਅਗਵਾਈ ਹੇਠ ਹੋਇਆ।

ਸਰਦਾਰ ਜੀਵਨ ਸਿੰਘ ਦੀ ਮੌਜੂਦਗੀ ਵਿੱਚ ਹੋਈ ਸ਼ਮੂਲੀਅਤ

ਅੱਜ ਹੋਏ ਇੱਕ ਵਿਸ਼ੇਸ਼ ਸਮਾਗਮ ਦੌਰਾਨ ਸਰਦਾਰ ਜੀਵਨ ਸਿੰਘ ਨੇ ਨਵੇਂ ਸ਼ਾਮਲ ਹੋਏ ਆਗੂਆਂ ਦਾ ਸਵਾਗਤ ਕੀਤਾ। ਇਸ ਮੌਕੇ ਬੋਲਦਿਆਂ ਨਵੇਂ ਆਗੂਆਂ ਨੇ ਐਲਾਨ ਕੀਤਾ ਕਿ ਉਹ ਆਉਣ ਵਾਲੀਆਂ ਚੋਣਾਂ ਬਹੁਜਨ ਦ੍ਰਾਵਿੜ ਪਾਰਟੀ ਦੇ ਚੋਣ ਨਿਸ਼ਾਨ ਹੇਠ ਹੀ ਲੜਨਗੇ। ਇਸ ਫੈਸਲੇ ਨਾਲ ਪਾਰਟੀ ਦੀ ਸਥਿਤੀ ਉੱਤਰੀ ਤਾਮਿਲਨਾਡੂ ਦੇ ਖੇਤਰ ਵਿੱਚ ਕਾਫ਼ੀ ਮਜ਼ਬੂਤ ਹੋਣ ਦੀ ਉਮੀਦ ਹੈ।


ਇਸ ਪ੍ਰੋਗਰਾਮ ਵਿੱਚ ਪਾਰਟੀ ਦੇ ਹੋਰਨਾਂ ਸੀਨੀਅਰ ਅਹੁਦੇਦਾਰਾਂ ਨੇ ਵੀ ਸ਼ਿਰਕਤ ਕੀਤੀ:

ਸ੍ਰੀ ਸ਼ਨਮੁਗਾ ਸਿੰਘ (ਜਨਰਲ ਸਕੱਤਰ, ਤਾਮਿਲਨਾਡੂ): ਉਨ੍ਹਾਂ ਨੇ ਪਾਰਟੀ ਦੇ ਵਧਦੇ ਕਾਫ਼ਲੇ ਬਾਰੇ ਚਾਨਣਾ ਪਾਇਆ ਅਤੇ ਆਗੂਆਂ ਨੂੰ ਇਕਜੁੱਟ ਹੋਣ ਦਾ ਸੱਦਾ ਦਿੱਤਾ।

ਸੇਲਵਾ ਸਿੰਘ (ਸੂਬਾ ਬੁਲਾਰਾ, ਤਾਮਿਲਨਾਡੂ): ਉਨ੍ਹਾਂ ਨੇ ਆਪਣੇ ਵਿਸ਼ੇਸ਼ ਸੰਬੋਧਨ ਵਿੱਚ ਵਿਰੋਧੀ ਪਾਰਟੀਆਂ ਦੀਆਂ ਨੀਤੀਆਂ 'ਤੇ ਨਿਸ਼ਾਨਾ ਸਾਧਦੇ ਹੋਏ ਬਹੁਜਨ ਦ੍ਰਾਵਿੜ ਪਾਰਟੀ ਦੇ ਉਦੇਸ਼ਾਂ ਨੂੰ ਲੋਕਾਂ ਸਾਹਮਣੇ ਰੱਖਿਆ।

ਸਿਆਸੀ ਅਹਿਮੀਅਤ

ਬਸਪਾ ਦੇ ਪੁਰਾਣੇ ਅਤੇ ਤਜਰਬੇਕਾਰ ਆਗੂਆਂ ਦਾ ਬਹੁਜਨ ਦ੍ਰਾਵਿੜ ਪਾਰਟੀ ਵਿੱਚ ਜਾਣਾ ਇਹ ਸੰਕੇਤ ਦਿੰਦਾ ਹੈ ਕਿ ਦਲਿਤ ਅਤੇ ਪਿਛੜੇ ਵਰਗਾਂ ਦੀ ਸਿਆਸਤ ਵਿੱਚ ਹੁਣ ਨਵੇਂ ਸਮੀਕਰਨ ਬਣ ਰਹੇ ਹਨ। ਪਾਰਟੀ ਹੁਣ ਆਉਣ ਵਾਲੀਆਂ ਚੋਣਾਂ ਲਈ ਪੂਰੀ ਤਰ੍ਹਾਂ ਸਰਗਰਮ ਮੋਡ ਵਿੱਚ ਨਜ਼ਰ ਆ ਰਹੀ ਹੈ।



ਦੱਖਣ ਭਾਰਤ ਵਿੱਚ ਸਿੱਖੀ ਦੀ ਅਲਖ ਜਗਾਉਣ ਵਾਲੇ ਜਰਨੈਲ, ਭਾਰਤ ਦੇ ਅਣਗਿਣਤ ਦੱਬੇ-ਕੁਚਲੇ ਲੋਕਾਂ ਨੂੰ ਸਿੱਖੀ ਨਾਲ ਜੋੜਨ ਵਾਲੇ, ਗੁਰੂ ਨਾਨਕ ਸਾਹਿਬ ਦੇ 'ਸਾਂਝੀਵਾਲਤਾ' ਅਤੇ 'ਸਰਬੱਤ ਦੇ ਭਲੇ' ਦੇ ਮਿਸ਼ਨ ਦਾ ਪ੍ਰਚਾਰ-ਪ੍ਰਸਾਰ ਕਰਨ ਵਾਲੇ, ਭਾਈ ਜੀਵਨ ਸਿੰਘ ਜੀ ਤਾਮਿਲਨਾਡੂ ਨੂੰ ਕਿਸੇ ਇੱਕ ਤਖ਼ਤ ਦਾ ਜਥੇਦਾਰ ਨਿਯੁਕਤ ਕਰਨਾ ਕੌਮ ਲਈ ਮਾਣ ਵਾਲੀ ਹੋਵੇਗੀ।

# ਪੰਜਾਬ ਤੋਂ ਬਾਹਰ ਜਾਤੀਵਾਦੀ ਆਤੰਕਵਾਦ ਜਾਰੀ

ਛੱਤੀਸਗੜ੍ਹ ਦੇ ਰਾਏਪੁਰ ਤੋਂ ਇੱਕ ਪ੍ਰੇਸ਼ਾਨ ਕਰਨ ਵਾਲੀ ਵੀਡੀਓ ਵਿੱਚ ਇੱਕ ਆਦਮੀ ਨੇ ਇੱਕ ਦਲਿਤ ਨੌਜਵਾਨ ਨੂੰ ਹਮਲਾਵਰ ਢੰਗ ਨਾਲ ਪੁੱਛ ਕੇ ਵਾਰ-ਵਾਰ ਬੇਇੱਜ਼ਤ ਕਰਦੇ ਹੋਏ ਦਿਖਾਇਆ ਗਿਆ ਹੈ, 'ਤੁਹਾਡੀ ਜਾਤ ਕੀ ਹੈ?' - ਜਿਵੇਂਕਿ ਇੱਕ ਮਨੁੱਖ ਦੀ ਇੱਜ਼ਤ ਤੋਂ ਪਹਿਲਾਂ ਜਾਤ ਦੀ ਪ੍ਰੀਖਿਆ ਪਾਸ ਕਰਨੀ ਪੈਂਦੀ ਹੈ।

ਇਹ ਉਹ ਬੇਰਹਿਮ ਸਮਾਜਿਕ ਹਕੀਕਤ ਹੈ ਜੋ ਅਜੇ ਵੀ ਭਾਰਤ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਮੌਜੂਦ ਹੈ। ਲੱਖਾਂ ਬਹੁਜਨ ਦ੍ਰਾਵਿੜਾਂ ਲਈ.... ਜਾਤ ਅਤੀਤ ਦਾ ਅਵਸ਼ੇਸ਼ ਨਹੀਂ ਹੈ ਬਲਕਿ ਅਪਮਾਨ ਅਤੇ ਹਿੰਸਾ ਦਾ ਇੱਕ ਰੋਜ਼ਾਨਾ ਸਾਧਨ ਹੈ।

ਇਸਦੇ ਉਲਟ, ਪੰਜਾਬ ਦੀ ਧਰਤੀ - ਸਿੱਖ ਗੁਰੂਆਂ ਦੀਆਂ ਇਨਕਲਾਬੀ ਸਿੱਖਿਆਵਾਂ ਦੁਆਰਾ ਬਣਾਈ ਗਈ - ਨੇ ਜਾਤਪਾਤੀ ਦਰਜਾਬੰਦੀ ਨੂੰ ਰੱਦ ਕਰ ਦਿੱਤਾ ਅਤੇ ਸਾਰੇ ਮਨੁੱਖਾਂ ਦੀ ਬਰਾਬਰੀ ਦਾ ਐਲਾਨ ਕੀਤਾ।



ਗੁਰੂ ਨਾਨਕ ਸਾਹਿਬ ਪਾਤਸ਼ਾਹ ਜੀ ਨੇ ਐਲਾਨ ਕੀਤਾ ਕਿ ਕੋਈ ਵੀ ਉੱਚਾ ਜਾਂ ਨੀਵਾਂ ਨਹੀਂ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਇੱਕ ਖਾਲਸਾ ਬਣਾਇਆ ਜਿੱਥੇ ਜਾਤੀਗਤ ਪਛਾਣ ਅਲੋਪ ਹੋਣੀ ਸੀ।

ਪਰ ਪੰਜਾਬ ਤੋਂ ਬਾਹਰ, ਜਾਤੀ ਸਰਵਉੱਚਤਾ ਦੀ ਜ਼ਹਿਰੀਲੀ ਮਾਨਸਿਕਤਾ ਅਜੇ ਵੀ ਜਿਉਂਦੀ ਹੈ, ਮਨੁੱਖੀ ਮਾਣ ਨੂੰ ਘਟਾਉਂਦੀ ਹੈ ਅਤੇ ਸੰਵਿਧਾਨ ਦੀ ਭਾਵਨਾ ਦੀ ਉਲੰਘਣਾ ਕਰਦੀ ਹੈ।

ਇਸ ਵੀਡੀਓ ਵਿੱਚ ਨੌਜਵਾਨਾਂ ਨੂੰ ਪ੍ਰੇਸ਼ਾਨ ਕਰਨ ਵਾਲੇ ਵਿਅਕਤੀ ਦੀ ਪਛਾਣ ਅਜੇ ਤੱਕ ਨਹੀਂ ਪਛਾਣੀ ਗਈ ਹੈ। ਜ਼ਿੰਮੇਵਾਰ ਲੋਕਾਂ ਨੂੰ ਜਵਾਬਦੇਹ ਠਹਿਰਾਇਆ ਜਾਣਾ ਚਾਹੀਦਾ ਹੈ। ਜੇਕਰ ਇਹ ਪਛਾਣ ਉਜਾਗਰ ਹੋ ਵੀ ਜਾਵੇ ਤਾਂ ਵੀ ਇਸ ਦਾ ਮੁੱਖ ਜ਼ਿੰਮੇਵਾਰ ਵਿਪਰਵਾਦੀ ਸਿਸਟਮ ਨੂੰ ਹੀ ਮੰਨਿਆ ਜਾਣਾ ਚਾਹੀਦਾ ਹੈ, ਨਾ ਕਿ ਕਿਸੇ ਵਿਅਕਤੀ ਵਿਸ਼ੇਸ਼ ਨੂੰ।

ਭਾਰਤ ਲੋਕਤੰਤਰ ਦਾ ਦਾਅਵਾ ਨਹੀਂ ਕਰ ਸਕਦਾ ਜਦੋਂ ਕਿ ਇਸਦੀਆਂ ਗਲੀਆਂ ਵਿੱਚ ਜਾਤੀਗਤ ਅਪਮਾਨ ਜਾਰੀ ਹੈ।

ਜਾਤ-ਪਾਤ ਸੱਭਿਆਚਾਰ ਨਹੀਂ ਹੈ। ਇਹ ਸਮਾਜਿਕ ਹਿੰਸਾ ਹੈ। ਇਸਦਾ ਅੰਤ ਹੋਣਾ ਚਾਹੀਦਾ ਹੈ।

**ਗੁਰੂ ਦੇ ਮਿਸ਼ਨ ਵਿੱਚ**
**ਸਰਦਾਰ ਜੀਵਨ ਸਿੰਘ**
**ਰਾਸ਼ਟਰੀ ਪ੍ਰਧਾਨ**
**ਬਹੁਜਨ ਦ੍ਰਾਵਿੜ ਪਾਰਟੀ**
**ਨਵੀਂ ਦਿੱਲੀ**
+919442608416

# ਬਸਪਾ ਰੈਲੀ ਸਿਆਸਤ 'ਚ ਤਬਦੀਲੀ ਦਾ ਮੁੱਢ ਬੰਨ੍ਹੇਗੀ: ਕਰੀਮਪੁਰੀ

## ਬਹੁਜਨ ਸਮਾਜ ਪਾਰਟੀ ਦੀ ਮੀਟਿੰਗ ਵਿੱਚ ਸ਼ਾਮਿਲ ਹੋਏ ਸੂਬਾ ਪ੍ਰਧਾਨ




ਹੁਸ਼ਿਆਰਪੁਰ : ਬਹੁਜਨ ਸਮਾਜ ਪਾਰਟੀ ਹਲਕਾ ਸ਼ਾਮਚੌਰਾਸੀ ਅਤੇ ਹੁਸ਼ਿਆਰਪੁਰ ਦੀ ਮੀਟਿੰਗ ਪਿੰਡ ਹਰਦੋਖਾਨਪੁਰ ਵਿੱਚ ਜ਼ਿਲ੍ਹਾ ਪ੍ਰਧਾਨ ਦਲਜੀਤ ਰਾਏ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਬਸਪਾ ਪੰਜਾਬ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ, ਪੰਜਾਬ ਇੰਚਾਰਜ ਗੁਰਨਾਮ ਚੌਧਰੀ ਅਤੇ ਜਨਰਲ ਸਕੱਤਰ ਠੇਕੇਦਾਰ ਭਗਵਾਨ ਦਾਸ ਸਿੱਧੂ ਸ਼ਾਮਿਲ ਹੋਏ। ਇਸ ਮੌਕੇ ਸ੍ਰੀ ਕਰੀਮਪੁਰੀ ਨੇ 15 ਮਾਰਚ ਨੂੰ ਦਾਣਾ ਮੰਡੀ ਬਹਿਰਾਮ ਵਿੱਚ ਹੋ ਰਹੀ 'ਸੱਤਾ ਪ੍ਰਾਪਤ ਕਰੋ' ਰੈਲੀ ਵਿੱਚ ਸਾਰਿਆਂ ਨੂੰ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੰਦਿਆਂ ਕਿਹਾ ਕਿ ਇਹ ਰੈਲੀ ਇਤਿਹਾਸਕ ਹੋਵੇਗੀ ਅਤੇ ਪੰਜਾਬ ਦੇ ਵਿਗੜੇ ਤਰਸਯੋਗ ਹਾਲਾਤ ਤੋਂ ਮੁੱਖ ਮੋੜ ਕੇ ਸੁੱਤੀ ਆਮ ਆਦਮੀ ਪਾਰਟੀ ਦੀਆਂ ਜੜ੍ਹਾਂ ਹਿਲਾ ਦੇਵੇਗੀ। ਸ੍ਰੀ ਕਰੀਮਪੁਰੀ ਨੇ ਕਿਹਾ ਕਿ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਸਿਰਫ਼ ਇਸ਼ਤਿਹਾਰਬਾਜ਼ੀ ਬਣ ਕੇ ਰਹਿ ਗਈ ਹੈ ਕਿਉਂਕਿ ਪੰਜਾਬ ਵਿੱਚ ਨਸ਼ਿਆਂ ਦੇ ਖੁੱਲ੍ਹੇ ਵਪਾਰ ਚੱਲ ਰਹੇ ਹਨ। ਉਨ੍ਹਾਂ ਕਿਹਾ ਕਿ 15 ਮਾਰਚ ਦੀ ਰੈਲੀ ਸਿਰਫ਼ ਇਕੱਠ ਨਹੀਂ, ਸਗੋਂ ਪੰਜਾਬ ਦੀਆਂ ਰਵਾਇਤੀ ਪਾਰਟੀਆਂ ਦੇ ਤਖ਼ਤ ਹਿਲਾਉਣ ਵਾਲੀ ਗਰਜ਼ ਹੋਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੀ ਬਰਬਾਦੀ ਨੂੰ ਰੋਕਣ ਲਈ ਅਤੇ ਹੱਕਾਂ ਦੀ ਰਾਖੀ ਲਈ ਹੁਣ ਸੱਤਾ ਦੀ ਚਾਬੀ ਆਪਣੇ ਹੱਥ ਲੈਣ ਦਾ ਸਮਾਂ ਆ ਗਿਆ ਹੈ।

ਉਨ੍ਹਾਂ ਬਸਪਾ ਆਗੂਆਂ ਨੂੰ ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਲਾਮਬੰਦ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪਾਰਟੀ ਆਗੂ ਮਨਿੰਦਰ ਸ਼ੇਰਪੁਰੀ, ਸੁਖਦੇਵ ਬਿੱਟਾ, ਦਲਜੀਤ ਰਾਏ, ਨਿਸ਼ਾਨ ਚੌਧਰੀ, ਸੁਰਜੀਤ ਮਹਿਮੀ, ਮੋਹਣ ਲਾਲ ਭਟੋਆ ਆਦਿ ਹਾਜ਼ਿਰ ਸਨ।

# ਬਹੁਜਨ ਦ੍ਰਾਵਿੜ ਪਾਰਟੀ ਨੇ 'ਐਨਕਾਊਂਟਰ' ਮੌਤਾਂ ਬਾਰੇ ਜਤਾਈ ਚਿੰਤਾ

ਲੁਧਿਆਣਾ : ਬਹੁਜਨ ਦ੍ਰਾਵਿੜ ਪਾਰਟੀ ਪਿਛਲੇ 3 ਮਹੀਨਿਆਂ ਵਿਚ ਦਰਜ ਕੀਤੀਆਂ ਗਈਆਂ ਕਥਿਤ 'ਐਨਕਾਊਂਟਰ' ਮੌਤਾਂ ਬਾਰੇ ਗੰਭੀਰ ਚਿੰਤਾ ਪ੍ਰਗਟ ਕਰਦੀ ਹੈ। ਸਰਕਾਰ ਦੀ ਕਾਰਗੁਜ਼ਾਰੀ ਨੂੰ ਜਾਨਾਂ ਦੇ ਨੁਕਸਾਨ ਨਾਲ ਨਹੀਂ ਤੋਲਾ ਜਾ ਸਕਦਾ। ਮੁੜ ਮੁੜ ਹੋ ਰਹੀਆਂ ਇਹ ਮੌਤਾਂ ਕਾਨੂੰਨੀ, ਸੰਵਿਧਾਨਕ ਸੁਰੱਖਿਆ ਅਤੇ ਮਨੁੱਖੀ ਅਧਿਕਾਰਾਂ ਬਾਰੇ ਗੰਭੀਰ ਸਵਾਲ ਖੜ੍ਹੇ ਕਰਦੀਆਂ ਹਨ। ਕਾਨੂੰਨ ਦੀ ਹਕੂਮਤ ਦਾ ਮਤਲਬ ਹੈ ਠੀਕ ਜਾਂਚ, ਨਿਆਂਇਕ ਨਿਗਰਾਨੀ ਅਤੇ ਪਾਰਦਰਸ਼ਤਾ ਨੂੰ ਯਕੀਨੀ ਬਣਾਉਣਾ। ਜਦੋਂ ਮੌਤਾਂ ਵਧਦੀਆਂ ਹਨ, ਤਾਂ ਇਸ ਦੀ ਰਾਜਨੀਤਕ ਅਤੇ ਪ੍ਰਸ਼ਾਸਕੀ ਜ਼ਿੰਮੇਵਾਰੀ ਗ੍ਰਹਿ ਵਿਭਾਗ ਅਤੇ ਸਰਕਾਰ 'ਤੇ ਆਉਂਦੀ ਹੈ। ਹਰ ਇਕ ਘਟਨਾ ਲਈ ਸੱਚਮੁੱਚ ਦੀ ਸੁਤੰਤਰ ਅਤੇ ਸਮੇਂ-ਬੱਧ ਨਿਆਂਇਕ ਜਾਂਚ ਕਰਵਾਈ ਜਾਵੇ, ਇਸਜਾਂਚ ਦੀ ਪੂਰੀ ਨਿਰਪੱਖਤਾ ਨੂੰ ਯਕੀਨੀ ਬਣਾਉਣ ਲਈ ਗ੍ਰਹਿ ਮੰਤਰੀ ਤੁਰੰਤ ਅਸਤੀਫਾ ਦੇਣ। ਜਾਂਚ ਦੇ ਨਤੀਜੇ ਪੂਰੀ ਪਾਰਦਰਸ਼ਤਾ ਨਾਲ ਲੋਕਾਂ ਸਾਹਮਣੇ ਰੱਖੇ ਜਾਣ। ਮ੍ਰਿਤਕਾਂ ਦੇ ਪਰਿਵਾਰਾਂ ਨੂੰ ਸੱਚ ਜਾਣ ਦਾ ਹੱਕ ਹੈ। ਨਾਗਰਿਕਾਂ ਨੂੰ ਸੰਵਿਧਾਨਕ ਹੱਦਾਂ ਅੰਦਰ ਕੰਮ ਕਰਨ ਵਾਲੀ ਪੁਲਿਸ ਪ੍ਰਣਾਲੀ ਮਿਲਣੀ ਚਾਹੀਦੀ ਹੈ। ਲੋਕਤੰਤਰ ਜ਼ਿੰਮੇਵਾਰੀ ਦੀ ਮੰਗ ਕਰਦਾ ਹੈ। ਬਹੁਜਨ ਦ੍ਰਾਵਿੜ ਪਾਰਟੀ ਨਿਆਂ, ਪਾਰਦਰਸ਼ਤਾ ਅਤੇ ਮੂਲ ਅਧਿਕਾਰਾਂ ਦੀ ਰੱਖਿਆ ਲਈ ਦ੍ਰਿੜ੍ਹਤਾ ਨਾਲ ਖੜ੍ਹੀ ਹੈ।




# ਸਰਪੰਚ 'ਤੇ ਹਮਲਾ ਕਰਨ ਵਾਲਾ ਮੁੱਖ ਮੁਲਜ਼ਮ ਪੁਲੀਸ ਮੁਕਾਬਲੇ ਤੋਂ ਬਾਅਦ ਗ੍ਰਿਫਤਾਰ

ਸ਼ਾਹਕੋਟ : ਪਿੰਡ ਬੂਟੇ ਦੀਆਂ ਛੰਨਾਂ ਦੇ ਸਰਪੰਚ ਮਹਿੰਦਰ ਸਿੰਘ ਅਤੇ ਉਸ ਦੀ ਪਤਨੀ ਅਮਰੋ ਬਾਈ 'ਤੇ ਹਮਲਾ ਕਰਨ ਵਾਲਾ ਮੁੱਖ ਮੁਲਜ਼ਮ ਮਹਿਤਪੁਰ ਨੇੜੇ ਪੁਲੀਸ ਨਾਲ ਹੋਏ ਮੁਕਾਬਲੇ ਤੋਂ ਬਾਅਦ ਗ੍ਰਿਫਤਾਰ ਕਰ ਲਿਆ ਗਿਆ ਹੈ। ਡੀ.ਐਸ.ਪੀ ਸ਼ਾਹਕੋਟ ਸੁਖਪਾਲ ਸਿੰਘ ਨੇ ਦੱਸਿਆ ਕਿ 28 ਫਰਵਰੀ ਨੂੰ ਸਰਪੰਚ 'ਤੇ ਹਮਲਾ ਕਰਨ ਵਾਲੇ 5 ਮੁਲਜ਼ਮਾਂ ਖਿਲਾਫ ਮੁਕੱਦਮਾ ਦਰਜ ਕਰਕੇ ਆਧੁਨਿਕ ਤਕਨੀਕ ਨਾਲ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਨ ਲਈ ਕਾਰਵਾਈ ਕੀਤੀ ਜਾ ਰਹੀ ਸੀ। ਇਸੇ ਕਾਰਵਾਈ ਤਹਿਤ ਅੱਜ ਹਮਲਾ ਕਰਨ ਦੇ ਮੁੱਖ ਮੁਲਜ਼ਮ ਸੁਖਜੀਤ ਸਿੰਘ ਉਰਫ ਸ਼ਿੱਲੂ ਵਾਸੀ



ਬਿਲਗਾ ਨੇ ਮਹਿਤਪੁਰ ਦੇ ਨਜ਼ਦੀਕ ਪੁਲੀਸ ਉੱਪਰ ਗੋਲੀਆਂ ਚਲਾ ਦਿੱਤੀਆਂ। ਪੁਲੀਸ ਵੱਲੋਂ ਕੀਤੀ ਜਵਾਬੀ ਕਾਰਵਾਈ 'ਚ ਮੁਲਜ਼ਮ ਜ਼ਖਮੀ ਹੋ ਗਿਆ ਜੋ ਇਸ ਸਮੇ ਪੁਲੀਸ ਨਿਗਰਾਨੀ ਹੇਠ ਇਲਾਜ ਅਧੀਨ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮ ਕੋਲੋ ਗੈਰ ਕਾਨੂੰਨੀ ਪਿਸਤੌਲ ਅਤੇ ਕਾਰਤੂਸ ਬਰਾਮਦ ਹੋਏ ਹਨ। ਉਨ੍ਹਾਂ ਕਿਹਾ ਕਿ ਮਾਮਲੇ ਦੀ ਤਫਤੀਸ਼ ਜਾਰੀ ਹੈ ਅਤੇ ਹਮਲਾ ਕਰਨ ਵਾਲੇ ਹੋਰਨਾਂ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

# ਹੋਲਾ ਮਹੱਲਾ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਵੱਡੀ ਗਿਣਤੀ 'ਚ ਸੰਗਤ ਹੋਈ ਨਤਮਸਤਕ

## ਪੰਥ ਪ੍ਰਸਿੱਧ ਸ਼ਖ਼ਸੀਅਤਾਂ ਨੇ ਸੰਗਤਾਂ ਨੂੰ ਸ਼ਬਦ ਕੀਰਤਨ, ਗੁਰ ਇਤਿਹਾਸ ਤੇ ਕਥਾ ਵਿਚਾਰਾਂ ਰਾਹੀਂ ਜੋੜਿਆ















ਸ੍ਰੀ ਅਨੰਦਪੁਰ ਸਾਹਿਬ : ਖਾਲਸਾ ਪੰਥ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਏ ਗਏ ਤਿੰਨ ਰੋਜ਼ਾ ਸਾਲਾਨਾ ਕੌਮੀ ਤਿਉਹਾਰ ਹੋਲਾ-ਮਹੱਲਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਪੰਜ ਪਿਆਰੇ ਸਾਹਿਬਾਨ ਜੀ ਦੀ ਯੋਗ ਅਗਵਾਈ ਹੇਠ ਕੱਢੇ ਮਹੱਲੇ ਉਪਰੰਤ ਹੋਲਾ ਮਹੱਲਾ ਦਾ ਤਿਉਹਾਰ ਸ਼ਾਂਤੀ ਪੂਰਵਕ ਢੰਗ ਨਾਲ ਸੰਪੰਨ ਹੋਇਆ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸਵੇਰੇ ਸਭ ਤੋਂ ਪਹਿਲਾਂ ਬੀਤੇ ਦਿਨਾਂ ਤੋਂ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਉਪਰੰਤ ਸਜੇ ਧਾਰਮਿਕ ਸਮਾਗਮ ਹੈ ਦੌਰਾਨ ਸਿੱਖ ਕੌਮ ਦੇ ਪੰਥ ਪ੍ਰਸਿੱਧ ਰਾਗੀ ਜਥਿਆਂ, ਢਾਡੀ ਜੱਥਿਆਂ, ਕਵੀਸ਼ਰੀ ਜਥਿਆਂ ਅਤੇ ਕਥਾਵਾਚਕਾਂ ਵੱਲੋਂ ਗੁਰਬਾਣੀ ਕੀਰਤਨ ਅਤੇ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਕੱਠ ਨੂੰ ਸੰਬੋਧਨ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਖ਼ਾਲਸਈ ਤਿਉਹਾਰ ਦੀ ਵਧਾਈ ਦਿੰਦਿਆਂ ਕਿਹਾ ਕਿ ਹੋਲਾ-ਮਹੱਲਾ ਕੌਮ ਦੀ ਵਿਲੱਖਣਤਾ, ਨਿਆਰੀ ਆਭਾ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੈ।

ਉਨ੍ਹਾਂ ਕਿਹਾ ਕਿ ਗੁਰੂ ਸਿੱਖਿਆ ਅਨੁਸਾਰ ਸਿੱਖ ਨੇ ਇਕ ਦੂਜੇ ਨੂੰ ਗੁਰਬਾਣੀ ਦਾ ਰੰਗ ਲਾਉਣਾ ਹੈ ਨਾ ਕਿ ਆਪਣੀ ਰਵਾਇਤ ਦੇ ਉਲਟ ਕਾਰਜ ਕਰਨੇ ਹਨ। ਇਕ ਦੂਜੇ ਉੱਤੇ ਰੰਗ ਸੁੱਟਣੇ, ਮੂੰਹ ਸਿਰ ਨੂੰ ਰੰਗਣਾ ਸਿੱਖਾਂ ਦੀ ਰਵਾਇਤ ਬਿਲਕੁਲ ਵੀ ਨਹੀਂ। ਗੁਰੂ ਪਾਤਸ਼ਾਹ ਨੇ ਸਿੱਖਾਂ ਨੂੰ ਵਿਲੱਖਣਾ ਬਖ਼ਸ਼ੀ ਹੈ, ਜਿਸ ਦੇ ਸਦਕਾ ਕੌਮ ਨੇ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜਦਿਆਂ ਦਰਾ ਖ਼ੈਬਰ ਤੱਕ ਨੂੰ ਬੰਦ ਕੀਤਾ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਿੱਖਾਂ ਨੇ ਇਸ ਮੁਲਕ ਨੂੰ ਬਚਾਇਆ ਹੈ। ਉਨ੍ਹਾਂ ਕਿਹਾ ਕਿ ਜੇ ਕੋਈ ਹਿੰਦੁਸਤਾਨ ਦੀ ਤਾਕਤ ਸਿੱਖਾਂ ਨੂੰ ਕਮਜ਼ੋਰ ਕਰਨ ਲਈ ਵਿਉਂਤ ਬਣਾਏਗਾ ਅਤੇ ਸਾਜ਼ਿਸ਼ਾਂ ਰਚੇਗਾ ਅਤੇ ਜੇਕਰ ਸਿੱਖ ਕਮਜ਼ੋਰ ਹੋਣਗੇ ਤਾਂ ਇਹ ਮੁਲਕ ਵੀ ਕਮਜ਼ੋਰ ਹੋਵੇਗਾ।

ਲੰਮੇ ਸਮੇਂ ਤੋਂ ਨਜ਼ਰਬੰਦ ਸਿੰਘਾਂ ਦੀ ਗੱਲ ਕਰਦਿਆਂ ਜਥੇਦਾਰ ਗੜਗੱਜ ਨੇ ਕਿਹਾ ਕਿ ਇਨ੍ਹਾਂ ਸਿੰਘਾਂ ਨੂੰ ਰਿਹਾਅ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਭਾਈ ਜਗਤਾਰ ਸਿੰਘ ਹਵਾਰਾ ਆਪਣੀ ਬਿਰਧ ਮਾਤਾ ਨੂੰ ਮਿਲਣਾ ਚਾਹੁੰਦੇ ਹਨ ਪਰ ਉਨ੍ਹਾਂ ਨੂੰ ਮਿਲਣ ਨਹੀਂ ਦਿੱਤਾ ਜਾ ਰਿਹਾ ਜਦਕਿ ਵੱਡੇ-ਵੱਡੇ ਅਪਰਾਧ ਕਰਨ ਵਾਲੇ ਅਖੌਤੀ ਸਾਧਾਂ ਨੂੰ ਕੁਝ ਸਮੇਂ ਬਾਅਦ ਹੀ ਛੁੱਟੀਆਂ ਦਿੱਤੀਆਂ ਜਾਂਦੀਆਂ ਹਨ। ਸਰਕਾਰਾਂ ਜ਼ਿੰਦਾ ਸ਼ਹੀਦ ਭਾਈ ਬਲਵੰਤ ਸਿੰਘ ਰਾਜੋਆਣਾ, ਭਾਈ ਜਗਤਾਰ ਸਿੰਘ ਤਾਰਾ, ਭਾਈ ਪਰਮਜੀਤ ਸਿੰਘ ਭਿਓਰਾ, ਪ੍ਰੋ ਦੇਵਿੰਦਰਪਾਲ ਸਿੰਘ ਭੁੱਲਰ ਨੂੰ ਰਿਹਾਅ ਕਰਨ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਰਕਾਰਾਂ ਲੋਕਾਂ ਦੇ ਲਈ ਹੁੰਦੀਆਂ ਹਨ, ਦੇਸ਼ ਅੰਦਰ ਕਾਨੂੰਨ ਦਾ ਰਾਜ ਹੈ ਅਤੇ ਇੱਥੇ ਇਨਸਾਫ਼ ਕਰਨ ਲਈ ਅਦਾਲਤਾਂ ਸਥਾਪਤ ਹਨ। ਪਿਛਲੇ ਤਿੰਨ ਮਹੀਨਿਆਂ ਵਿਚ ਪੰਜਾਬ ਅੰਦਰ 34 ਨੌਜਵਾਨਾਂ ਨੂੰ ਪੰਜਾਬ ਪੁਲਸ ਨੇ ਮੁਕਾਬਲਾ ਬਣਾ ਕੇ ਮਾਰਿਆ ਹੈ।

ਉਨ੍ਹਾਂ ਕਿਹਾ ਕਿ ਕਤਲੋਗਾਰਤ ਕਿਸੇ ਵੀ ਪਾਸਿਓਂ ਨਹੀਂ ਹੋਣੀ ਚਾਹੀਦੀ, ਜੇਕਰ ਕੋਈ ਪੁਲਸ ਵਾਲਾ ਮਾਰਿਆ ਗਿਆ ਹੈ, ਉਹ ਵੀ ਸਾਡਾ ਹੈ, ਇਹ ਨਹੀਂ ਹੋਣਾ ਚਾਹੀਦਾ। ਕਤਲੋਗਾਰਤ ਪੰਜਾਬ ਦੇ ਪੱਖ ਵਿੱਚ ਨਹੀਂ। ਉਨ੍ਹਾਂ ਕਿਹਾ ਜਿਹੜੇ ਸਾਡੇ ਕੁਝ ਨੌਜਵਾਨ ਭਟਕ ਗਏ ਹਨ ਉਨ੍ਹਾਂ ਨੂੰ ਬੇਨਤੀ ਹੈ ਕਿ ਪੰਜਾਬ ਸਰਬੱਤ ਦਾ ਭਲਾ ਮੰਗਣ ਵਾਲਾ ਖਿੱਤਾ ਹੈ, ਨਾਜਾਇਜ਼ ਕਿਸੇ ਨੂੰ ਵੀ ਨਾ ਮਾਰਿਆ ਜਾਵੇ। ਉਨ੍ਹਾਂ ਸਮੁੱਚੀ ਕੌਮ ਨੂੰ ਅਪੀਲ ਕੀਤੀ ਕਿ ਇਹ ਗੱਲ ਲਈ ਆਵਾਜ਼ ਬੁਲੰਦ ਕੀਤੀ ਜਾਵੇ ਕਿ ਸਾਨੂੰ ਸੂਬੇ ਅੰਦਰ ਪੁਲਸ ਰਾਜ ਨਹੀਂ ਚਾਹੀਦਾ। ਇਥੇ ਲੋਕਤੰਤਰ ਹੈ, ਇਸ ਲਈ ਕਾਨੂੰਨ ਦਾ ਰਾਜ ਹੋਣਾ ਚਾਹੀਦਾ ਹੈ ਨਾ ਕਿ ਡੰਡੇ ਦਾ। ਉਨ੍ਹਾਂ ਕਿਹਾ ਕਿ ਸਿੱਖ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ ਅਤੇ ਧੀਆਂ ਹਨ, ਵਿਲੱਖਣ ਅਤੇ ਨਿਆਰੀ ਪਛਾਣ ਵਾਲੇ ਹਨ। ਉਨ੍ਹਾਂ ਕਿਹਾ ਕਿ ਖ਼ਾਲਸਾ ਪੰਥ ਇਸ ਦੇਸ਼ ਅੰਦਰ ਬਹੁ-ਗਿਣਤੀ ਦਾ ਹਿੱਸਾ ਨਹੀਂ ਹੈ ਅਤੇ ਇਹ ਵਿਲੱਖਣ ਕੌਮ ਹੈ ਅਤੇ ਹਮੇਸ਼ਾ ਰਹੇਗੀ। ਉਨ੍ਹਾਂ ਕਿਹਾ ਕਿ ਸਿੱਖਾਂ ਦਾ ਆਪਣੀ ਪਛਾਣ ਦੇ ਮਸਲੇ ਉੱਤੇ ਕਿਸੇ ਨਾਲ ਕੋਈ ਸਮਝੌਤਾ ਨਹੀਂ ਹੈ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸ਼ਹੀਦ ਭਾਈ ਤਾਰਾ ਸਿੰਘ ਦਾ 300 ਸਾਲਾ ਸ਼ਹੀਦੀ ਦਿਹਾੜਾ ਇਸੇ ਮਹੀਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਵੱਡੇ ਪੱਧਰ ਉੱਤੇ ਮਨਾਇਆ ਜਾ ਰਿਹਾ ਹੈ। ਇਸ ਸ਼ਤਾਬਦੀ ਨੂੰ ਮੁੱਖ ਰੱਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ ਛਾਇਆ ਹੇਠ 8 ਮਾਰਚ ਤੋਂ 12 ਮਾਰਚ ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿਚ 'ਗੁਰਸਿਖਾ ਇਕੋ ਪਿਆਰ ਗੁਰਮਿਤਾ ਪੁਤਾ ਭਾਈਆ' ਖ਼ਾਲਸਈ ਮਾਰਚ ਸਜਾਇਆ ਜਾਵੇਗਾ। ਇਹ ਮਾਰਚ ਤਰਨਤਾਰਨ ਦੇ ਵੱਖ-ਵੱਖ ਪਿੰਡਾਂ ਦੇ ਵਿਚੋਂ ਹੁੰਦਾ ਹੋਇਆ ਗੁਰਦੁਆਰਾ ਭਾਈ ਤਾਰਾ ਸਿੰਘ ਜੀ ਸ਼ਹੀਦ ਪਿੰਡ ਵਾਂ ਵਿਖੇ ਸੰਪੂਰਨ ਹੋਵੇਗਾ।

ਇਹ ਲਹਿਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ ਛਾਇਆ ਹੇਠ ਹੋਵੇਗੀ, ਜਿਸ ਤਹਿਤ ਪੰਜਾਬ ਅੰਦਰ ਸਥਿਤ ਤਿੰਨੋਂ ਤਖ਼ਤ ਸਾਹਿਬਾਨ ਤੋਂ ਹਰ ਪਿੰਡ ਹਰ ਸ਼ਹਿਰ ਤੱਕ ਪਹੁੰਚ ਕਰਨ ਲਈ ਇਹ ਉਪਰਾਲੇ ਕੀਤੇ ਜਾਣਗੇ। ਉਪਰੰਤ ਪੰਜ ਪਿਆਰੇ ਸਾਹਿਬਾਨ ਜੀ ਦੀ ਅਗਵਾਈ ਹੇਠ ਅਰਦਾਸ ਕਰਨ ਉਪਰੰਤ ਤਖਤ ਸ਼੍ਰੀ ਕੇਸਗੜ੍ਹ ਸਾਹਿਬ ਤੋਂ ਹਰ ਸਾਲ ਦੀ ਤਰ੍ਹਾਂ ਮਹੱਲਾ ਸਜਾਇਆ ਗਿਆ। ਜੋ ਗੁ.ਕਿਲਾ ਅਨੰਦਗੜ੍ਹ ਸਾਹਿਬ, ਗੁ. ਸ਼ਹੀਦੀ ਬਾਗ ਨਵੀਂ ਆਬਾਦੀ, ਚੰਡੀਗੜ੍ਹ-ਨੰਗਲ ਮੁੱਖ ਸੜਕ ਤੋਂ ਹੁੰਦਾ ਹੋਇਆ ਗੁਰਦੁਆਰਾ ਮਾਤਾ ਜੀਤ ਕੌਰ ਅਗੰਮਪਰ ਵਿਖੇ ਪਹੁੰਚਿਆ, ਜਿੱਥੇ ਮੱਥਾ ਟੇਕਣ ਉਪਰੰਤ ਵਾਪਸੀ ਤੇ ਗੁ.ਕਿਲਾ ਫਤਿਹਗੜ੍ਹ ਸਾਹਿਬ, ਗੁ. ਸੀਸ ਗੰਜ ਸਾਹਿਬ ਗੁ.ਭੋਰਾ ਸਾਹਿਬ ਵਿਖੇ ਨਤਮਸਤਕ ਹੋਣ ਤੋਂ ਬਾਅਦ ਵਾਪਸ ਤਖਤ ਸ਼੍ਰੀ ਕੇਸਗੜ੍ਹ ਸਾਹਿਬ ਵਿਖੇ ਪਹੁੰਚ ਕੇ ਸੰਪੰਨ ਹੋਇਆ। ਇਸ ਮੌਕੇ ਸ਼੍ਰੋਮਣੀ ਕਮੇਟੀ ਦੀ ਐਗਜੈਕਟਿਵ ਕਮੇਟੀ ਦੇ ਮੈਂਬਰ ਜਥੇਦਾਰ ਦਲਜੀਤ ਸਿੰਘ ਭਿੰਡਰ ਸ਼੍ਰੋਮਣੀ ਕਮੇਟੀ ਮੈਂਬਰ ਅਤੇ ਬੁਲਾਰਾ ਭਾਈ ਅਮਰਜੀਤ ਸਿੰਘ ਚਾਵਲਾ, ਤਖਤ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ, ਮੈਨੇਜਰ ਮਲਕੀਤ ਸਿੰਘ, ਅਡੀਸ਼ਨਲ ਮੈਨੇਜਰ ਐਡਵੋਕੇਟ ਹਰਦੇਵ ਸਿੰਘ, ਸੰਦੀਪ ਸਿੰਘ ਕਲੋਤਾ, ਦਵਿੰਦਰ ਸਿੰਘ ਢਿੱਲੋਂ, ਸੁਰਜੀਤ ਸਿੰਘ ਚੈਹੜਮਜ਼ਾਰਾ, ਜਥੇਦਾਰ ਰਾਮ ਸਿੰਘ ਸਮੇਤ ਬਹੁਤ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

# ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ

# ਸਿੱਖ ਕੌਮ ਦੇ ਮੌਜੂਦਾ ਦੌਰ 'ਚ ਆਪਣੀਆਂ ਕੀਮਤੀ ਜਾਨਾਂ ਵਾਰ ਗਏ ਮਹਾਨ ਸ਼ਹੀਦਾਂ ਦੀ ਯਾਦ 'ਚ ਸ਼ਹੀਦੀ ਸਮਾਗਮ

## • ਸਿੱਖ ਪੰਥ ਦੀ ਉਘੀਆਂ ਸ਼ਖ਼ਸੀਅਤਾਂ ਨੇ ਭਰੀ ਹਾਜ਼ਰੀ • ਸ਼ਹੀਦਾਂ ਦੇ ਪਰਿਵਾਰਾਂ ਦਾ ਕੀਤਾ ਗਿਆ ਸਨਮਾਨ











ਸ਼ਹੀਦਾਂ ਦੇ ਪਰਿਵਾਰਾਂ ਅਤੇ ਸਿੱਖ ਆਗੂਆਂ ਨੂੰ ਸਨਮਾਨਿਤ ਕਰਦੇ ਹੋਏ ਭਾਈ ਰਵਿੰਦਰ ਸਿੰਘ ਧਾਲੀਵਾਲ ਸਾਬਕਾ ਪ੍ਰਧਾਨ ਗੁਰਦੁਆਰਾ ਸਾਹਿਬ ਸਟਾਕਟਨ ਅਤੇ ਹੋਰ ਗੁਰੂ ਘਰ ਦੇ ਪ੍ਰਬੰਧਕ



ਡਾ. ਪ੍ਰਿਤਪਾਲ ਸਿੰਘ



ਸ੍ਰ. ਗੁਰਵਿੰਦਰ ਸਿੰਘ ਮਾਨਾ



ਭਾਈ ਕੁਲਜੀਤ ਸਿੰਘ ਝਿੱਜਰ



ਭਾਈ ਜਸਵਿੰਦਰ ਸਿੰਘ ਜੰਡੀ



ਭਾਈ ਗੁਰਸੇਵਕ ਸਿੰਘ







ਸਟਾਕਟਨ/ਕੈਲੀਫੋਰਨੀਆਂ, (ਸਾਡੇ ਲੋਕ) : ਅੱਜ ਦੇ ਸ਼ਹੀਦੀ ਸਮਾਗਮ ਆਜ਼ਾਦ ਖਾਲਿਸਤਾਨ ਦੇਸ਼ ਦੀ ਪ੍ਰਾਪਤੀ ਲਈ ਫਰਵਰੀ ਮਹੀਨੇ ਵਿਚ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਗੁਰਦਵਾਰਾ ਸਾਹਿਬ ਸਟਾਕਟਨ ਕੈਲੀਫੋਰਨੀਆ ਵਿਖੇ ਹੋਏ। ਜਿਸ ਵਿੱਚ ਵੱਖ ਵੱਖ ਸ਼ਹਿਰਾਂ ਤੋਂ ਜਥੇਬੰਦੀਆਂ ਅਤੇ ਗੁਰਦਵਾਰਾ ਸਾਹਿਬ ਤੋਂ ਸੰਗਤਾਂ ਨੇ ਪਹੁੰਚ ਕੇ ਸ਼ਹੀਦਾਂ ਨੂੰ ਯਾਦ ਕੀਤਾ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਭਾਈ ਬਲਵਿੰਦਰ ਸਿੰਘ ਲੋਪੋਕੇ ਨੇ ਕੀਰਤਨ ਅਤੇ ਭਾਈ ਗੁਰਸੇਵਕ ਸਿੰਘ ਨੇ ਕਥਾ ਨਾਲ ਖ਼ਾਲਸਾ ਰਾਜ ਅਤੇ ਸ਼ਹੀਦ ਹੋਏ ਸੂਰਮਿਆਂ ਦੀਆਂ ਗਾਥਾ ਸਾਂਝੀਆਂ ਕੀਤੀਆਂ। ਸਿੱਖ ਫੈਡਰੇਸ਼ਨ ਦੇ ਬੁਲਾਰੇ ਭਾਈ ਗੁਰਿੰਦਰਜੀਤ ਸਿੰਘ ਮਾਨਾ ਵਿਸ਼ੇਸ਼ ਤੌਰ 'ਤੇ ਨਿਊਜਰਸੀ ਤੋਂ ਪਹੁੰਚ ਕੇ ਆਪਣਾ ਇਹਨਾਂ ਯੋਧਿਆਂ ਨਾਲ ਬਿਤਾਏ ਪਲਾਂ ਦਾ ਬਹੁਤ ਹੀ ਭਾਵਕਤਾ ਨਾਲ ਜ਼ਿਕਰ ਕੀਤਾ। ਜਿੱਥੇ ਉਹਨਾਂ ਨੇ ਵਿਦੇਸ਼ਾਂ ਵਿੱਚ ਸਿੱਖ ਸੰਘਰਸ਼ ਦੇ ਯਤਨਸ਼ੀਲ ਜਥੇਬੰਦੀਆਂ ਦੇ ਕਾਰਕੁਨਾਂ 'ਤੇ ਹੋ ਰਹੇ ਹਮਲਿਆਂ ਦਾ ਜ਼ਿਕਰ ਕੀਤਾ, ਉਥੇ ਹੀ ਆਪਣੇ ਦੇਸ਼ ਆਜ਼ਾਦ ਖਾਲਿਸਤਾਨ ਦੇ ਸੰਘਰਸ਼ ਲਈ ਲੜਾਈ ਜਾਰੀ ਰੱਖਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ।

ਸ਼ਹੀਦ ਭਾਈ ਨਵਨੀਤ ਸਿੰਘ ਕਾਦੀਆਂ ਦੇ ਭੈਣ ਜੀ ਨੇ ਆਪਣੇ ਵੀਰ ਦੇ ਰੂਪੋਸ਼ ਸਮੇਂ ਪਰਿਵਾਰ ਨਾਲ ਬੀਤੇ ਪਲਾਂ ਦੀ ਸਾਂਝ ਪਾਈ। ਡਾ. ਪ੍ਰਿਤਪਾਲ ਸਿੰਘ ਨੇ ਸੰਗਤਾਂ ਨਾਲ ਆਪਣੇ ਰਾਜ ਦੀ ਪ੍ਰਾਪਤੀ ਅਤੇ ਪਾਏ ਯੋਗਦਾਨ ਬਾਰੇ ਵਿਚਾਰ ਸਾਂਝੇ ਕੀਤੇ। ਸ਼ਹੀਦ ਭਾਈ ਨਵਨੀਤ ਸਿੰਘ ਕਾਦੀਆਂ, ਸ਼ਹੀਦ ਭਾਈ ਸੁਖਵਿੰਦਰ ਸਿੰਘ ਛਿੰਦੂ, ਸ਼ਹੀਦ ਭਾਈ ਸੁਖਦੇਵ ਸਿੰਘ ਚੱਬਾ, ਸ਼ਹੀਦ ਭਾਈ ਜਸਵਿੰਦਰ ਸਿੰਘ ਜੱਜ ਜੌਹਲ ਅਤੇ ਸ਼ਹੀਦ ਭਾਈ ਜਸਵਿੰਦਰ ਸਿੰਘ ਟਿੰਕੂ, ਭਾਈ ਬਲਵਿੰਦਰਪਾਲ ਸਿੰਘ ਖਾਲਸਾ ਦੇ ਪਰਿਵਾਰਾਂ ਨੂੰ ਸਨਮਾਨਤ ਕੀਤਾ ਗਿਆ। ਇਸ ਸਮਾਗਮ ਵਿੱਚ ਅਮਰੀਕਾ ਭਰ ਤੋਂ ਭਾਰੀ ਗਿਣਤੀ ਵਿੱਚ ਸੰਗਤਾਂ ਨੇ ਸ਼ਮੂਲੀਅਤ ਕਰਕੇ ਕੌਮੀ ਸ਼ਹੀਦਾਂ ਨੂੰ ਆਪਣੇ ਸ਼ਰਧਾ ਦੇ ਫੁੱਲ ਭੇਂਟ ਕੀਤੇ।

### ਸ਼ਹੀਦਾਂ ਦੀ ਅਦੁੱਤੀ ਕੁਰਬਾਨੀ ਨੂੰ ਨਮਨ

ਗੁਰਦੁਆਰਾ ਸਾਹਿਬ ਸਟਾਕਟਨ ਵਿਖੇ ਫਰਵਰੀ ਮਹੀਨੇ ਦੇ ਸ਼ਹੀਦਾਂ ਨੂੰ ਸਮਰਪਿਤ ਸਮਾਗਮ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ। ਇਸ ਮੌਕੇ ਉਨ੍ਹਾਂ ਸੂਰਬੀਰਾਂ ਨੂੰ ਯਾਦ ਕੀਤਾ ਗਿਆ ਜਿਨ੍ਹਾਂ ਨੇ ਭਾਰਤੀ ਨਿਜ਼ਾਮ ਦੇ ਜ਼ੁਲਮ ਵਿਰੁੱਧ ਲੜਦਿਆਂ ਖਾਲਿਸਤਾਨ ਦੇ ਸੰਘਰਸ਼ ਲਈ ਆਪਣੀਆਂ ਜਾਨਾਂ ਨਿਛਾਵਰ ਕੀਤੀਆਂ ਸਨ।

ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਅਮਰੀਕਾ ਦੇ ਉਘੇ ਸਿੱਖ ਆਗੂ ਸਿੱਖ ਕਾਕਸ ਕਮੇਟੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਕਿਹਾ ਕਿ ਅਸੀਂ ਅਮਰੀਕਾ ਦੇ ਕਈ ਰਾਜਾਂ ਵਿਚ ਸਿੱਖਾਂ ਦੀ ਹੋਈ ਨਸਲਕੁਸ਼ੀ ਬਾਰੇ ਸੰਗਤਾਂ ਦੇ ਸਹਿਯੋਗ ਨਾਲ ਮਤੇ ਪਵਾਏ ਹਨ ਤੇ ਕਈ ਰਾਜਾਂ ਨੇ ਇਹ ਪਾਸ ਕਰ ਦਿੱਤੇ ਹਨ ਤੇ ਕਈ ਰਾਜਾਂ 'ਚ ਚੱਲ ਰਹੇ ਹਨ। ਅਸੀਂ ਅਮਰੀਕਨ ਕਾਂਗਰਸ ਦੇ ਵਿਚ ਵੀ ਇਸ ਨੂੰ ਉਠਾਉਣ ਦੀ ਕੋਸ਼ਿਸ਼ ਕੀਤੀ ਹੈ ਜਿਸ ਪ੍ਰਤੀ ਡੈਮੋਕ੍ਰੇਟਿਕ ਪਾਰਟੀ ਅਤੇ ਰਿਪਬਲਿਕਨ ਪਾਰਟੀ ਦੇ ਸੰਸਦਾਂ ਨੇ ਸਾਡਾ ਭਰਪੂਰ ਸਾਥ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅਕਾਲ ਪੁਰਖ ਵਾਹਿਗੁਰੂ ਦੀ ਕ੍ਰਿਪਾ ਨਾਲ ਅਤੇ ਸੰਗਤਾਂ ਦੇ ਸਹਿਯੋਗ ਨਾਲ ਸਾਨੂੰ ਆਸ ਹੈ ਕਿ ਇਹ ਮਤੇ ਜ਼ਰੂਰ ਪਾਸ ਹੋਣਗੇ। ਉਨ੍ਹਾਂ ਕਿਹਾ ਕਿ ਜਿਥੇ ਭਾਰਤ ਵਿਚ ਸਾਡੀ ਰੱਜ ਕੇ ਨਸਲਕੁਸ਼ੀ ਕੀਤੀ ਗਈ, ਉਥੇ ਹੁਣ ਵਿਦੇਸ਼ਾਂ ਵਿਚ ਸਿੱਖ ਇਨਸਾਫ਼ ਲਈ ਲੜ ਰਹੇ ਹਨ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਜਿਸ ਵਿਚ ਸਾਡੇ ਸਿੱਖ ਯੂ.ਕੇ., ਕੈਨੇਡਾ, ਭਾਰਤ, ਪਾਕਿਸਤਾਨ ਵਿਚ ਸਰਕਾਰ ਨੇ ਗੋਲੀਆਂ ਦਾ ਨਿਸ਼ਾਨਾ ਬਣਾਇਆ ਅਤੇ ਸਿੱਖਾਂ ਦੀ ਆਵਾਜ਼ ਬੰਦ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਦੁਨੀਆ ਭਰ ਦੇ ਸਮੂਹ ਸਿੱਖਾਂ ਨੂੰ ਇਕ ਝੰਡੇ ਥੱਲੇ ਇਕੱਠੇ ਹੋਣ ਦੀ ਬੇਨਤੀ ਕੀਤੀ। ਉਪਰੰਤ ਅਮਰੀਕਾ ਦੇ ਨੌਜਵਾਨ ਸਿੱਖ ਆਗੂ ਅਤੇ ਗੁਰਦੁਆਰਾ ਸਾਹਿਬ ਸਟਾਕਟਨ ਦੇ ਸਾਬਕਾ ਜਨਰਲ ਸੈਕਟਰੀ ਸ੍ਰ. ਕੁਲਜੀਤ ਸਿੰਘ ਨਿੱਝਰ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਸੀਂ ਅੱਜ ਉਨ੍ਹਾਂ ਸ਼ਹੀਦਾਂ ਨੂੰ ਯਾਦ ਕਰ ਰਹੇ ਹਾਂ ਜਿਨ੍ਹਾਂ ਨੇ ਕੌਮ ਦੀ ਅਣਖ ਆਬਰੂ ਅਤੇ ਆਜ਼ਾਦੀ ਲਈ ਆਪਣੀਆਂ ਕੀਮਤੀ ਜਾਨਾਂ ਕੁਰਬਾਨ ਕਰ ਦਿੱਤੀਆਂ। ਉਨ੍ਹਾਂ ਕਿਹਾ ਕਿ ਭਾਰਤ ਦੀਆਂ ਵੱਖ-ਵੱਖ ਸਰਕਾਰਾਂ ਪਿਛਲੇ 40 ਸਾਲ 'ਚ ਉਹ ਜ਼ੁਲਮ ਕੀਤੇ ਹਨ ਜਿਨ੍ਹਾਂ ਨੇ ਮੁਗਲਾਂ ਅਤੇ ਫਰੰਗੀਆਂ ਦੇ ਜ਼ੁਲਮਾਂ ਨੂੰ ਵੀ ਮਾਤ ਪਾ ਦਿੱਤੀ। ਜੋ ਜੋ ਸਿੱਖ ਪਰਿਵਾਰਾਂ ਨਾਲ ਭਾਰਤ ਦੀਆਂ ਫੋਰਸਾਂ ਨੇ ਘਿਣਾਉਣੇ ਜ਼ੁਲਮ ਕੀਤੇ, ਅਸਹਿ ਤੇ ਅਕਹਿ ਤਸੀਹੇ ਦਿੱਤੇ ਉਨ੍ਹਾਂ ਨੂੰ ਸਿੱਖ ਸਦੀਆਂ ਤੱਕ ਨਹੀਂ ਭੁੱਲ ਸਕਦੇ। ਉਨ੍ਹਾਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਨ੍ਹਾਂ ਜ਼ੁਲਮਾਂ ਦੀ ਦਾਸਤਾਨ ਨੂੰ ਤੁਸੀਂ ਆਪਣੇ ਬੱਚਿਆਂ ਨੂੰ ਆਪਣੀਆਂ ਅਗਲੀਆਂ ਪੀੜ੍ਹੀਆਂ ਨੂੰ ਦੇ ਕੇ ਜਾਣਾ। ਚਾਹੇ ਸਾਨੂੰ ਸਦੀਆਂ ਲੱਗ ਜਾਣ ਪਰ ਅਸੀਂ ਇਕ ਇਕ ਜ਼ੁਲਮ ਦਾ ਹਿਸਾਬ ਅਤੇ ਕੌਮ ਲਈ ਅਜ਼ਾਦੀ ਲੈ ਕੇ ਹਟਾਂਗੇ। ਉਨ੍ਹਾਂ ਨੇ ਵੀ ਦੁਨੀਆਂ ਭਰ ਦੇ ਸਿੱਖਾਂ ਨੂੰ ਇਕ ਝੰਡੇ ਹੇਠ ਇਕੱਠੇ ਹੋਣ ਦੀ ਬੇਨਤੀ ਕੀਤੀ। ਉਪਰੰਤ 'ਸਾਡੇ ਲੋਕ' ਅਖ਼ਬਾਰ ਨਾਲ ਗੱਲਬਾਤ ਕਰਦਿਆਂ ਅਮਰੀਕਾ ਦੇ ਉਘੇ

# ਗ਼ਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ

# ਸਿੱਖ ਕੌਮ ਦੇ ਮੌਜੂਦਾ ਦੌਰ 'ਚ ਆਪਣੀਆਂ ਕੀਮਤੀ ਜਾਨਾਂ ਵਾਰ ਗਏ ਮਹਾਨ ਸ਼ਹੀਦਾਂ ਦੀ ਯਾਦ 'ਚ ਸ਼ਹੀਦੀ ਸਮਾਗਮ

## • ਸਿੱਖ ਪੰਥ ਦੀ ਉਘੀਆਂ ਸ਼ਖ਼ਸੀਅਤਾਂ ਨੇ ਭਰੀ ਹਾਜ਼ਰੀ • ਸ਼ਹੀਦਾਂ ਦੇ ਪਰਿਵਾਰਾਂ ਦਾ ਕੀਤਾ ਗਿਆ ਸਨਮਾਨ




ਸਟਾਕਟਨ/ਕੈਲੀਫੋਰਨੀਆਂ, (ਸਾਡੇ ਲੋਕ) : ਨਿਊਯਾਰਕ ਅਮਰੀਕਾ ਤੋਂ ਸਿੱਖਾਂ ਦੀ ਅਵਾਜ਼ ਅਤੇ ਸਿੱਖ ਫੈਡਰੇਸ਼ਨ ਅਮਰੀਕਾ ਦੇ ਫਾਊਂਡਰ ਭਾਈ ਗੁਰਿੰਦਰ ਸਿੰਘ ਮਾਨਾ ਨੇ ਅੱਜ ਸ਼ਹੀਦਾਂ ਨੂੰ ਸ਼ਰਧਾਜਲੀ ਭੇਟ ਕਰਦਿਆਂ ਵਿਸਥਾਰ ਨਾਲ ਚਾਨਣਾ ਪਾਇਆ ਅਤੇ ਸਿੱਖਾਂ ਦੇ ਕਾਤਲਾਂ ਦੀ ਤੁਲਨਾ ਚੰਦੂ-ਗੰਗੂ ਨਾਲ ਕਰਦਿਆਂ ਉਸ ਵੇਲੇ ਪੰਜਾਬ ਦੀ ਸਥਿਤੀ ਇਹ ਸੀ ਕਿ ਬਹੁਤ ਵੱਡੇ ਪੱਧਰ 'ਤੇ ਕਮਿਊਨਿਸਟ ਮੂਵਮੈਂਟ ਦਾ ਜ਼ੋਰ ਸੀ, ਖਾਸ ਕਰਕੇ ਸਕੂਲਾਂ-ਕਾਲਜਾਂ ਵਿੱਚ। ਪਟਿਆਲੇ ਵਿੱਚ ਵੀ ਪ੍ਰੋਫੈਸਰਾਂ ਅਤੇ ਵਿਦਿਆਰਥੀਆਂ ਦੀ ਬਹੁਗਿਣਤੀ ਖੱਬੇਪੱਖੀ ਵਿਚਾਰਧਾਰਾ ਨਾਲ ਜੁੜੀ ਹੋਈ ਸੀ। ਪਰ ਜਦੋਂ ਦਰਬਾਰ ਸਾਹਿਬ 'ਤੇ ਹਮਲਾ ਹੋਇਆ ਤਾਂ ਉਸ ਨੇ ਸਭ ਕੁਝ ਬਦਲ ਦਿੱਤਾ। ਭਾਵੇਂ ਕੋਈ ਵਿਰੋਧੀ ਸੀ, ਸਮਰਥਕ ਸੀ ਜਾਂ ਆਮ ਸਿੱਖ, ਹਰ ਕਿਸੇ 'ਤੇ ਇਸ ਦਾ ਡੂੰਘਾ ਅਸਰ ਪਿਆ। ਜਿਵੇਂ ਅਮਰੀਕਾ ਵਿੱਚ 9/11 ਦੀ ਘਟਨਾ ਨੇ ਉੱਥੋਂ ਦੇ ਹਾਲਾਤ ਬਦਲ ਦਿੱਤੇ ਸਨ, ਉਵੇਂ ਹੀ ਦਰਬਾਰ ਸਾਹਿਬ 'ਤੇ ਹੋਏ ਹਮਲੇ ਨੇ ਪੰਜਾਬ ਦਾ ਨਕਸ਼ਾ ਬਦਲ ਦਿੱਤਾ।


ਭਾਈ ਗੁਰਿੰਦਰ ਸਿੰਘ ਮਾਨਾ
ਫਾਊਂਡਰ ਸਿੱਖ ਫੈਡਰੇਸ਼ਨ
ਅਮਰੀਕਾ

**ਸ਼ਹਾਦਤਾਂ ਅਤੇ ਸੰਘਰਸ਼ :** ਜਿਸ ਬਹਾਦਰੀ ਨਾਲ ਭਾਈ ਅਮਰੀਕ ਸਿੰਘ, ਜਨਰਲ ਸ਼ੁਬੇਗ ਸਿੰਘ ਅਤੇ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਮੁਕਾਬਲਾ ਕੀਤਾ, ਉਸ ਨੇ ਦੁਨੀਆ ਭਰ ਦੇ ਸਿੱਖਾਂ ਦੀ ਸੋਚ ਬਦਲ ਦਿੱਤੀ। ਪਿਛਲੇ 40 ਸਾਲਾਂ ਵਿੱਚ ਅਨੇਕਾਂ ਸਿੰਘਾਂ-ਸਿੰਘਣੀਆਂ, ਮਾਤਾਵਾਂ ਅਤੇ ਬਜ਼ੁਰਗਾਂ ਨੇ ਆਪਣੀਆਂ ਜਾਨਾਂ ਦੀ ਅਹੂਤੀ ਦਿੱਤੀ ਹੈ। ਉਹਨਾਂ ਨੇ ਜੇਲ੍ਹਾਂ ਵਿੱਚ ਅਸਹਿ ਕਸ਼ਟ ਸਹੇ ਅਤੇ ਬਹੁਤ ਜ਼ੁਲਮ ਝੱਲੇ। ਜਦੋਂ ਅਸੀਂ ਕਿਸੇ ਖਾੜਕੂ ਜਾਂ ਜੁਝਾਰੂ ਸਿੰਘ ਦਾ ਨਾਂ ਲੈਂਦੇ ਹਾਂ, ਜਿਵੇਂ ਭਾਈ ਗੁਰਜੰਟ ਸਿੰਘ ਬੁੱਧਸਿੰਘਵਾਲਾ ਜਾਂ ਭਾਈ ਅਵਤਾਰ ਸਿੰਘ ਬ੍ਰਹਮਾ ਤਾਂ ਸਾਨੂੰ ਉਹਨਾਂ ਦੀਆਂ ਕੁਰਬਾਨੀਆਂ ਯਾਦ ਆਉਂਦੀਆਂ ਹਨ।

**ਕੌਮੀ ਕਿਰਦਾਰ ਦੀ ਲੋੜ :** ਸਾਡਾ ਸੰਘਰਸ਼ ਸਿਰਫ਼ ਗੱਲਾਂ ਜਾਂ ਕਹਾਣੀਆਂ ਸੁਣਾਉਣ ਤੱਕ ਸੀਮਤ ਨਹੀਂ ਹੋਣਾ ਚਾਹੀਦਾ। ਜੇਕਰ ਇਹਨਾਂ ਸ਼ਹਾਦਤਾਂ ਤੋਂ ਬਾਅਦ ਵੀ ਸਾਡੇ ਕਿਰਦਾਰ ਵਿੱਚ ਕੋਈ ਤਬਦੀਲੀ ਨਹੀਂ ਆਈ, ਤਾਂ ਇਹ ਸਭ ਵਿਅਰਥ ਹੈ। ਸਾਨੂੰ ਕੌਮੀ ਤੌਰ 'ਤੇ ਆਪਣੇ ਕਿਰਦਾਰ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਸਾਨੂੰ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਨਾਲ ਜੁੜ ਕੇ ਅਤੇ ਸਿੰਘਾਂ ਦੇ ਸੰਘਰਸ਼ ਨੂੰ ਜੀਵਨ ਦਾ ਅੰਗ ਬਣਾ ਕੇ ਆਜ਼ਾਦੀ ਦੇ ਰਾਹ ਵੱਲ ਵਧਣਾ ਚਾਹੀਦਾ ਹੈ।

**ਮੌਜੂਦਾ ਚੁਣੌਤੀਆਂ: ਟਰਾਂਸਨੈਸ਼ਨਲ ਰਿਪ੍ਰੈਸ਼ਨ :** ਅੱਜ ਦੇ ਸਮੇਂ ਵਿੱਚ ਭਾਰਤੀ ਹਕੂਮਤ ਵੱਲੋਂ ਸਿੱਖਾਂ ਨੂੰ ਦਬਾਉਣ ਲਈ ਨਵੇਂ ਤਰੀਕੇ ਅਪਣਾਏ ਜਾ ਰਹੇ ਹਨ। ਬਾਹਰਲੇ ਦੇਸ਼ਾਂ (ਜਿਵੇਂ ਕੈਨੇਡਾ, ਅਮਰੀਕਾ) ਵਿੱਚ ਬੈਠੇ ਸਿੱਖ ਆਗੂਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਭਾਈ ਹਰਦੀਪ ਸਿੰਘ ਨਿੱਝਰ ਨੂੰ ਕੈਨੇਡਾ ਵਿੱਚ ਸ਼ਹੀਦ ਕੀਤਾ ਗਿਆ। ਭਾਈ ਹਰਮੀਤ ਸਿੰਘ ਪੀ.ਐਚ.ਡੀ. ਅਤੇ ਭਾਈ ਪਰਮਜੀਤ ਸਿੰਘ ਪੰਜਵੜ ਨੂੰ ਪਾਕਿਸਤਾਨ ਵਿੱਚ ਨਿਸ਼ਾਨਾ ਬਣਾਇਆ ਗਿਆ।

ਅਵਤਾਰ ਸਿੰਘ ਖੰਡਾ ਅਤੇ ਗੁਰਪਤਵੰਤ ਸਿੰਘ ਪੰਨੂ ਵਰਗੇ ਸਿੰਘਾਂ ਨੂੰ ਵੀ ਮਾਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ।

ਰਣਨੀਤੀ (Strategy) ਦੀ ਮਹੱਤਤਾ ਸਾਨੂੰ ਦੁਨੀਆ ਦੇ ਸਾਹਮਣੇ ਇੱਕ ਮਜ਼ਬੂਤ ਢਾਂਚਾ (Structure) ਪੇਸ਼ ਕਰਨ ਦੀ ਲੋੜ ਹੈ। ਸਾਡੀ ਲੀਡਰਸ਼ਿਪ ਨੂੰ ਇਕੱਠੇ ਹੋ ਕੇ ਵਿਚਾਰ-ਵਟਾਂਦਰਾ ਕਰਨਾ ਚਾਹੀਦਾ ਹੈ ਤਾਂ ਜੋ ਅਸੀਂ ਅੰਤਰਰਾਸ਼ਟਰੀ ਪੱਧਰ 'ਤੇ ਆਪਣੀ ਗੱਲ ਪ੍ਰਭਾਵਸ਼ਾਲੀ ਢੰਗ ਨਾਲ ਰੱਖ ਸਕੀਏ। ਸਾਨੂੰ ਦੱਸਣਾ ਪਵੇਗਾ ਕਿ 'ਖਾਲਿਸਤਾਨ' ਦਾ ਮਕਸਦ ਕੀ ਹੈ ਅਤੇ ਇਸ ਨਾਲ ਪੰਜਾਬ ਤੇ ਦੁਨੀਆ ਨੂੰ ਕੀ ਲਾਭ ਹੋਵੇਗਾ।

ਸਾਨੂੰ ਜਾਤਾਂ-ਪਾਤਾਂ ਅਤੇ ਇਲਾਕਿਆਂ ਦੇ ਨਾਂ 'ਤੇ ਵੰਡਣ ਦੀਆਂ ਕੋਸ਼ਿਸ਼ਾਂ ਨੂੰ ਨਾਕਾਮ ਕਰਨਾ ਪਵੇਗਾ। ਸਾਨੂੰ ਸਾਰਿਆਂ ਨੂੰ ਇੱਕਜੁੱਟ ਹੋ ਕੇ ਆਪਣੇ ਗੁਰੂ ਦੇ ਦਰਸਾਏ ਮਾਰਗ 'ਤੇ ਚੱਲਣਾ ਚਾਹੀਦਾ ਹੈ।


ਭਾਈ ਮਹਿਲ ਸਿੰਘ ਅਤੇ ਉਨ੍ਹਾਂ ਦਾ ਜਥਾ


ਬੀਬੀ ਨਵਜੋਤ ਕੌਰ

ਨੌਜਵਾਨ ਸਿੱਖ ਆਗੂ ਅਤੇ ਗੁਰਦੁਆਰਾ ਸਾਹਿਬ ਸਟਾਕਟਨ ਦੇ ਸਾਬਕਾ ਪ੍ਰਧਾਨ ਭਾਈ ਰਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਗੁਰਦੁਆਰਾ ਸਾਹਿਬ ਸਟਾਕਟਨ ਗ਼ਦਰੀ ਬਾਬਿਆਂ ਦਾ ਉਹ ਪਵਿੱਤਰ ਅਸਥਾਨ ਹੈ ਜਿਥੇ ਭਾਰਤ ਦੀ ਅਜ਼ਾਦੀ ਦੀ ਗੱਲ ਚੱਲੀ ਸੀ। ਉਨ੍ਹਾਂ ਸਾਡੇ ਬਜ਼ੁਰਗਾਂ, ਗ਼ਦਰੀ ਬਾਬਿਆਂ ਨੇ ਅੰਗਰੇਜ਼ਾਂ ਦੇ ਨੱਕ ਵਿਚ ਦਮ ਕਰ ਦਿੱਤਾ ਸੀ। ਕਾਮਾਗਾਟਾਮਾਰੂ ਜਹਾਜ਼ ਤੋਂ ਲੈ ਕੇ ਸ਼ਹੀਦ ਕਰਤਾਰ ਸਿੰਘ ਸਰਾਭਾ ਵਰਗਿਆਂ ਨੇ ਇਸ ਧਰਤੀ ਤੋਂ ਅਖ਼ਬਾਰ ਚਾਲੂ ਕਰਕੇ ਤੇ ਭਾਰਤ ਵਿਚ ਜਾ ਕੇ ਹਸ ਕੇ ਫਾਂਸੀ ਦੇ ਰੱਸੇ ਚੁੰਮੇ ਸਨ। ਅੱਜ ਵੀ ਇਥੋਂ ਜਾ ਕੇ ਸਿੱਖਾਂ ਨੇ ਸ਼ਹਾਦਤਾਂ ਪਾਈਆਂ ਨੇ। ਅੱਜ ਵੀ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਖਾਲਿਸਤਾਨ ਦਾ ਝੰਡਾ ਝੁੱਲ ਰਿਹਾ ਹੈ। ਅੱਜ ਵੀ ਮੌਜੂਦਾ ਗ਼ਦਰੀ ਬਾਬਿਆਂ ਨੇ ਪ੍ਰਣ ਕੀਤਾ ਹੋਇਆ ਹੈ ਕਿ ਜਦੋਂ ਤੱਕ ਇਹ ਝੰਡਾ ਪੰਜਾਬ ਦੀ ਧਰਤੀ 'ਤੇ ਤਬਦੀਲ ਨਹੀਂ ਹੋ ਜਾਂਦਾ, ਉਦੋਂ ਤੱਕ ਅਸੀਂ ਸੁੱਖ ਦਾ ਸਾਹ ਨਹੀਂ ਲਵਾਂਗੇ। ਸਾਡੀ ਲੜਾਈ ਜਾਰੀ ਰਹੇਗੀ। ਉਨ੍ਹਾਂ ਨੇ ਵੀ ਸਮੁੱਚੇ ਪੰਥ ਨੂੰ ਇਕ ਝੰਡੇ ਥੱਲੇ ਇਕੱਠੇ ਹੋਣ ਦੀ ਬੇਨਤੀ ਕੀਤੀ। ਗੁਰੂ ਘਰ ਦਾ ਮੌਜੂਦਾ ਪ੍ਰਧਾਨ ਭਾਈ ਹਰਨੇਕ ਸਿੰਘ ਅਟਵਾਲ ਨੇ ਅੱਜ ਦੇ ਸਮਾਗਮ 'ਤੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਸਮੁੱਚੀਆਂ ਸੰਗਤਾਂ ਅਤੇ ਪੰਥਕ ਬੁਲਾਰਿਆਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ। ਇਸ ਸਮੇਂ ਸਿੱਖ ਯੂਥ ਆਫ ਅਮਰੀਕਾ ਦੇ ਫਾਊਂਡਰ ਮੈਂਬਰ ਭਾਈ ਮਨਜੀਤ ਸਿੰਘ ਬਰਾੜ, ਅਮਰੀਕਾ ਦੇ ਉਘੇ ਸਿੱਖ ਆਗੂ ਭਾਈ ਜਸਵੰਤ ਸਿੰਘ ਹੋਠੀ, ਕਮਿਊਂਟੀ ਦੇ ਨਿਸ਼ਕਾਮ ਸੇਵਾਦਾਰ ਨੌਜਵਾਨ ਸਿੱਖ ਆਗੂ ਭਾਈ ਰਣਜੀਤ ਸਿੰਘ ਮਾਂਗਟ, ਨੌਜਵਾਨ ਸਿੱਖ ਆਗੂ ਭਾਈ ਸੰਦੀਪ ਸਿੰਘ ਜੰਟੀ ਜੋ ਸਿੱਖ ਲਿਟਰੇਚਰ ਦੀ ਸੇਵਾ ਕਰ ਰਹੇ ਸਨ, ਗੁਰਦੁਆਰਾ ਸਾਹਿਬ ਫਰੀਮਾਂਟ ਦੇ ਖਜਾਨਚੀ ਭਾਈ ਭੁਪਿੰਦਰ ਸਿੰਘ ਪਰਮਾਰ, ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸੁਪਰੀਮ ਕੌਂਸਲ ਦੇ ਸੀਨੀਅਰ ਮੈਂਬਰ ਭਾਈ ਜਸਦੇਵ ਸਿੰਘ, ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸੁਪਰੀਮ ਕੌਂਸਲ ਮੈਂਬਰ ਸਰਦਾਰ ਰਜਿੰਦਰ ਸਿੰਘ ਰਾਜਾ, ਕੌਮ ਦੇ ਹੀਰੇ ਜਿਨ੍ਹਾਂ ਦੀ ਯਾਦ ਵਿੱਚ ਦੀਵਾਨ ਸਜਾਏ ਗਏ:

ਮੁੱਖ ਸ਼ਖਸੀਅਤਾਂ: ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਅਤੇ ਭਾਈ ਅਮਰੀਕ ਸਿੰਘ ਜੀ ਖਾਲਸਾ।

ਸੰਘਰਸ਼ੀ ਯੋਧੇ: ਸ਼ਹੀਦ ਭਾਈ ਅਵਤਾਰ ਸਿੰਘ ਪਿਹੋਵਾ, ਭਾਈ ਸੁਖਦੇਵ ਸਿੰਘ ਬੱਬਰ, ਭਾਈ ਗੁਰਜੰਟ ਸਿੰਘ ਬੁਧਸਿੰਘਵਾਲਾ, ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਜਗਰੂਪ ਸਿੰਘ ਕਾਲਖ।

ਮਨੁੱਖੀ ਅਧਿਕਾਰਾਂ ਦੇ ਰਾਖੇ: ਸ਼ਹੀਦ ਭਾਈ ਜਸਵੰਤ ਸਿੰਘ ਜੀ ਖਾਲੜਾ।

ਕੌਮੀ ਸ਼ਹੀਦ: ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ, ਭਾਈ ਕਿਹਰ ਸਿੰਘ ਅਤੇ ਭਾਈ ਦਿਲਾਵਰ ਸਿੰਘ ਬੱਬਰ।

ਸਿੰਘਣੀਆਂ ਦਾ ਯੋਗਦਾਨ: ਸ਼ਹੀਦ ਬੀਬੀ ਉਪਕਾਰ ਕੌਰ ਜੀ।

ਹੋਰ ਪ੍ਰਮੁੱਖ ਨਾਮ: ਭਾਈ ਲਾਭ ਸਿੰਘ, ਭਾਈ ਮਨਬੀਰ ਸਿੰਘ ਚਹੇੜੂ, ਭਾਈ ਸੁਰਿੰਦਰ ਸਿੰਘ ਸੋਢੀ, ਭਾਈ ਹਰਮੀਤ ਸਿੰਘ ਪੀ.ਐਚ.ਡੀ. ਅਤੇ ਭਾਈ ਕੁਲਵੰਤ ਸਿੰਘ ਨਾਗੋਕੇ।

ਇਹ ਸਮਾਗਮ ਖਾਲਿਸਤਾਨ ਦੇ ਸੰਘਰਸ਼ ਦੌਰਾਨ ਸ਼ਹਾਦਤ ਦਾ ਜਾਮ ਪੀਣ ਵਾਲੇ ਸੂਰਬੀਰਾਂ ਦੀ ਯਾਦ ਵਿੱਚ ਸਜਾਇਆ ਗਿਆ ਸੀ। ਦੀਵਾਨ ਦੀ ਸ਼ੁਰੂਆਤ ਵਿੱਚ ਕੌਮ ਦੇ ਮਹਾਨ ਜਰਨੈਲ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਅਤੇ ਭਾਈ ਅਮਰੀਕ ਸਿੰਘ ਜੀ ਖਾਲਸਾ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ ਗਿਆ।

ਉਹ ਪ੍ਰਮੁੱਖ ਸ਼ਹੀਦ ਜਿਨ੍ਹਾਂ ਦੇ ਨਾਮ ਇਸ ਸਮਾਗਮ ਰਾਹੀਂ ਸੰਗਤਾਂ ਦੇ ਰੂ-ਬਰੂ ਕੀਤੇ ਗਏ:

ਪੰਥਕ ਹਸਤੀਆਂ: ਸ਼ਹੀਦ ਭਾਈ ਜਸਵੰਤ ਸਿੰਘ ਜੀ ਖਾਲੜਾ ਅਤੇ ਬੀਬੀ ਉਪਕਾਰ ਕੌਰ ਜੀ।

ਸੰਘਰਸ਼ੀ ਜਰਨੈਲ: ਭਾਈ ਸੁਖਦੇਵ ਸਿੰਘ ਬੱਬਰ, ਭਾਈ ਗੁਰਜੰਟ ਸਿੰਘ ਬੁਧਸਿੰਘਵਾਲਾ, ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ।

ਕੌਮੀ ਸ਼ਹੀਦ: ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ, ਭਾਈ ਕਿਹਰ ਸਿੰਘ ਅਤੇ ਭਾਈ ਦਿਲਾਵਰ ਸਿੰਘ ਬੱਬਰ।

ਹੋਰ ਸੂਰਬੀਰ: ਭਾਈ ਅਵਤਾਰ ਸਿੰਘ ਪਿਹੋਵਾ, ਭਾਈ ਜਗਰੂਪ ਸਿੰਘ ਕਾਲਖ, ਭਾਈ ਲਾਭ ਸਿੰਘ, ਭਾਈ ਮਨਬੀਰ ਸਿੰਘ ਚਹੇੜੂ, ਭਾਈ ਸੁਰਿੰਦਰ ਸਿੰਘ ਸੋਢੀ ਅਤੇ ਭਾਈ ਹਰਮੀਤ ਸਿੰਘ ਪੀ.ਐਚ.ਡੀ.।

ਕਵੀਸ਼ਰੀ ਵਾਰਾਂ ਰਾਹੀਂ ਭਰਿਆ ਜੋਸ਼

ਸਮਾਗਮ ਦੇ ਆਖ਼ਰੀ ਦਿਨ ਪੰਥ ਪ੍ਰਸਿੱਧ ਕਵੀਸ਼ਰੀ ਜਥਾ ਭਾਈ ਮਹਿਲ ਸਿੰਘ ਚੰਡੀਗੜ੍ਹ ਵਾਲਿਆਂ ਨੇ ਵਿਸ਼ੇਸ਼ ਹਾਜ਼ਰੀ ਭਰੀ। ਉਨ੍ਹਾਂ ਨੇ ਆਪਣੇ ਬੀਰ-ਰਸੀ ਜਥੇ ਨਾਲ ਸ਼ਹੀਦਾਂ ਦੀਆਂ ਵਾਰਾਂ ਸੁਣਾ ਕੇ ਪੰਡਾਲ ਵਿੱਚ ਬੈਠੀਆਂ ਸੰਗਤਾਂ ਵਿੱਚ ਭਾਰੀ ਜੋਸ਼ ਭਰ ਦਿੱਤਾ। ਵੱਖ-ਵੱਖ ਪੰਥਕ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ਼ਹੀਦਾਂ ਦਾ ਖ਼ੂਨ ਕਦੇ ਅਜਾਈਂ ਨਹੀਂ ਜਾਂਦਾ ਅਤੇ ਕੌਮ ਹਮੇਸ਼ਾ ਆਪਣੇ ਇਨ੍ਹਾਂ ਹੀਰਿਆਂ ਦੀ ਕਰਜ਼ਦਾਰ ਰਹੇਗੀ।

ਪ੍ਰਬੰਧਕਾਂ ਵੱਲੋਂ ਧੰਨਵਾਦ

ਸਿੱਖ ਯੂਥ ਆਫ ਅਮਰੀਕਾ ਅਤੇ ਸਿੱਖ ਫੈਡਰੇਸ਼ਨ ਅਮਰੀਕਾ ਵੱਲੋਂ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਸਮਾਗਮ ਦੌਰਾਨ ਸ਼ਹੀਦਾਂ ਦੇ ਪਰਿਵਾਰਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਪ੍ਰਬੰਧਕਾਂ ਨੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਵੱਧ-ਚੜ੍ਹ ਕੇ ਇਸ ਸਮਾਗਮ ਨੂੰ ਸਫਲ ਬਣਾਇਆ।

ਅਖੀਰ ਵਿੱਚ ਭਾਈ ਮਹਿਲ ਸਿੰਘ ਚੰਡੀਗੜ੍ਹ ਵਾਲਿਆਂ ਨੇ ਯੋਧਿਆਂ ਦੀਆਂ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸਿੱਖ ਯੂਥ ਆਫ ਅਮਰੀਕਾ ਵਲੋਂ ਸ਼ਹੀਦ ਸੂਰਮਿਆਂ ਦੀ ਬਹੁਤ ਹੀ ਲਿਖਤ ਭਰਪੂਰ ਪ੍ਰਦਰਸ਼ਨੀ ਲਗਾਈ ਗਈ ਅਤੇ ਸੰਗਤਾਂ ਨੇ ਬਹੁਤ ਹੀ ਗੌਰ ਨਾਲ ਪੜ੍ਹੀ। ਸਟੇਜ ਦੀ ਸੇਵਾ ਭਾਈ ਕੁਲਜੀਤ ਸਿੰਘ ਨਿੱਝਰ ਵਲੋਂ ਨਿਭਾਈ ਗਈ।

ਅਖੀਰ ਵਿੱਚ ਭਾਈ ਜਸਵਿੰਦਰ ਸਿੰਘ ਜੰਡੀ ਨੇ ਸਿੱਖ ਯੂਥ ਆਫ ਅਮਰੀਕਾ ਅਤੇ ਸਿੱਖ ਫੈਡਰੇਸ਼ਨ ਅਮਰੀਕਾ ਵਲੋਂ ਇਨ੍ਹਾਂ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਉਨ੍ਹਾਂ ਗੁਰੂ ਘਰ ਦੇ ਸੇਵਾਦਾਰਾਂ, ਪੰਥ ਪ੍ਰਸਿੱਧ ਕੀਰਤਨੀਏ, ਕਥਾਵਾਚਕਾਂ, ਢਾਡੀ ਜਥਿਆਂ ਅਤੇ ਬੁਲਾਰਿਆਂ ਦਾ ਤਹਿ ਦਿਲੋਂ ਤੋਂ ਧੰਨਵਾਦ ਕੀਤਾ।




# US ਸੈਨੇਟ ਵੱਲੋਂ ਈਰਾਨ ਜੰਗ ਨੂੰ ਰੋਕਣ ਵਾਲਾ ਬਿੱਲ ਨਾਮਨਜ਼ੂਰ

## ਜਾਰੀ ਰਹੇਗੀ ਫ਼ੌਜੀ ਕਾਰਵਾਈ

ਵਾਸ਼ਿੰਗਟਨ : ਮੱਧ-ਪੂਰਬ ਵਿੱਚ ਵਧ ਰਹੇ ਤਣਾਅ ਦੇ ਵਿਚਕਾਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਵੱਡੀ ਸਿਆਸੀ ਜਿੱਤ ਮਿਲੀ ਹੈ। ਅਮਰੀਕੀ ਸੈਨੇਟ ਨੇ ਉਸ ਪ੍ਰਸਤਾਵ (ਵਾਰ ਪਾਵਰਜ਼ ਬਿੱਲ) ਨੂੰ ਰੱਦ ਕਰ ਦਿੱਤਾ ਹੈ, ਜਿਸ ਦਾ ਉਦੇਸ਼ ਈਰਾਨ ਵਿਰੁੱਧ ਫੌਜੀ ਕਾਰਵਾਈਆਂ ਕਰਨ ਦੀ ਰਾਸ਼ਟਰਪਤੀ ਦੀ ਸ਼ਕਤੀ ਨੂੰ ਸੀਮਤ ਕਰਨਾ ਸੀ। ਸੈਨੇਟ ਦੇ ਇਸ ਫੈਸਲੇ ਨਾਲ ਟਰੰਪ ਨੂੰ ਈਰਾਨ ਵਿਰੁੱਧ ਚੱਲ ਰਹੇ ਫੌਜੀ ਅਭਿਆਨਾਂ ਲਈ ਖੁੱਲ੍ਹ ਕੇ ਕੰਮ ਕਰਨ ਦੀ ਹਰੀ ਝੰਡੀ ਮਿਲ ਗਈ ਹੈ।



ਬੁੱਧਵਾਰ (4 ਮਾਰਚ) ਨੂੰ ਹੋਈ ਵੋਟਿੰਗ ਦੌਰਾਨ ਰਿਪਬਲਿਕਨ ਪਾਰਟੀ ਦੇ ਬਹੁਮਤ ਵਾਲੀ ਸੈਨੇਟ ਨੇ ਇਸ ਮਤੇ ਨੂੰ 53-47 ਦੇ ਫਰਕ ਨਾਲ ਹਰਾ ਦਿੱਤਾ। ਵੋਟਿੰਗ ਮੁੱਖ ਤੌਰ ’ਤੇ ਪਾਰਟੀ ਲੀਹਾਂ ’ਤੇ ਹੋਈ। ਰਿਪਬਲਿਕਨ ਸੈਨੇਟਰ ਰੈਂਡ ਪਾਲ ਇਕੱਲੇ ਅਜਿਹੇ ਰਿਪਬਲਿਕਨ ਸਨ ਜਿਨ੍ਹਾਂ ਨੇ ਡੈਮੋਕ੍ਰੇਟਸ ਦਾ ਸਾਥ ਦਿੱਤਾ, ਜਦੋਂ ਕਿ ਡੈਮੋਕ੍ਰੇਟਿਕ ਸੈਨੇਟਰ ਜੌਨ ਫੈਟਰਮੈਨ ਨੇ ਆਪਣੀ ਪਾਰਟੀ ਦੇ ਉਲਟ ਜਾ ਕੇ ਇਸ ਬਿੱਲ ਦਾ ਵਿਰੋਧ ਕੀਤਾ।

ਇਸ ਪ੍ਰਸਤਾਵ ਦਾ ਮੁੱਖ ਉਦੇਸ਼ ਇਹ ਸੀ ਕਿ ਰਾਸ਼ਟਰਪਤੀ ਨੂੰ ਈਰਾਨ ਵਿੱਚ ਅਮਰੀਕੀ ਫੌਜਾਂ ਦੀ ਵਰਤੋਂ ਕਰਨ ਲਈ ਕਾਂਗਰਸ ਤੋਂ ਵਿਸ਼ੇਸ਼ ਪ੍ਰਵਾਨਗੀ ਲੈਣੀ ਲਾਜ਼ਮੀ ਕੀਤੀ ਜਾਵੇ। ਬਿੱਲ ਦੇ ਸਮਰਥਕਾਂ, ਜਿਨ੍ਹਾਂ ਵਿੱਚ ਸੈਨੇਟਰ ਰੈਂਡ ਪਾਲ ਪ੍ਰਮੁੱਖ ਸਨ, ਨੇ ਦਲੀਲ ਦਿੱਤੀ ਕਿ ਅਮਰੀਕੀ ਸੰਵਿਧਾਨ ਦੀ ਧਾਰਾ-1 ਦੇ ਤਹਿਤ ਜੰਗ ਦਾ ਐਲਾਨ ਕਰਨ ਦਾ ਅਧਿਕਾਰ ਸਿਰਫ ਕਾਂਗਰਸ ਕੋਲ ਹੈ ਅਤੇ ਸੰਸਦ ਮੈਂਬਰਾਂ ਨੂੰ ਆਪਣੀ ਇਸ ਜ਼ਿੰਮੇਵਾਰੀ ਦੀ ਰੱਖਿਆ ਕਰਨੀ ਚਾਹੀਦੀ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਕਾਂਗਰਸ ਜੰਗ ਦੇ ਮਾਮਲਿਆਂ ਵਿੱਚ ਰਾਸ਼ਟਰਪਤੀ ਦੀਆਂ ਸ਼ਕਤੀਆਂ ਅੱਗੇ ਗੋਡੇ ਟੇਕ ਰਹੀ ਹੈ।

ਜ਼ਿਆਦਾਤਰ ਰਿਪਬਲਿਕਨ ਸੈਨੇਟਰਾਂ ਨੇ ਹਾਲ ਹੀ ਵਿੱਚ ਈਰਾਨੀ ਲੀਡਰਸ਼ਿਪ ’ਤੇ ਕੀਤੇ ਗਏ ਅਮਰੀਕਾ-ਇਜ਼ਰਾਈਲ ਹਮਲਿਆਂ ਦਾ ਹਵਾਲਾ ਦਿੰਦੇ ਹੋਏ ਟਰੰਪ ਦਾ ਸਮਰਥਨ ਕੀਤਾ। ਉਨ੍ਹਾਂ ਦਾ ਮੰਨਣਾ ਹੈ ਕਿ ਇਹ ਹਮਲੇ ਅਮਰੀਕਾ ਦੀ ਰਾਸ਼ਟਰੀ ਸੁਰੱਖਿਆ ਲਈ ਬਹੁਤ ਜ਼ਰੂਰੀ ਸਨ। ਸੈਨੇਟਰ ਜੌਨੀ ਅਰਨਸਟ ਨੇ ਕਿਹਾ ਕਿ ‘ਕਮਾਂਡਰ ਇਨ ਚੀਫ਼’ ਕੋਲ ਅਜਿਹੇ ਹਮਲੇ ਕਰਨ ਦਾ ਪੂਰਾ ਅਧਿਕਾਰ ਹੈ। ਵ੍ਹਾਈਟ ਹਾਊਸ ਦੇ ਦਬਾਅ ਕਾਰਨ ਕਈ ਅਜਿਹੇ ਸੈਨੇਟਰਾਂ ਨੇ ਵੀ ਬਿੱਲ ਦੇ ਵਿਰੁੱਧ ਵੋਟ ਪਾਈ, ਜਿਨ੍ਹਾਂ ਨੇ ਪਹਿਲਾਂ ਹੋਰ ਮਾਮਲਿਆਂ ਵਿੱਚ ਰਾਸ਼ਟਰਪਤੀ ਦੀਆਂ ਜੰਗੀ ਸ਼ਕਤੀਆਂ ਨੂੰ ਸੀਮਤ ਕਰਨ ਦਾ ਸਮਰਥਨ ਕੀਤਾ ਸੀ।

ਖੇਤਰ ਵਿੱਚ ਤਣਾਅ ਵਧਣ ਦੀ ਸੰਭਾਵਨਾ ਸੈਨੇਟ ਦੇ ਇਸ ਫੈਸਲੇ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਫਿਲਹਾਲ ਰਿਪਬਲਿਕਨ ਪਾਰਟੀ ਟਰੰਪ ਨੂੰ ਈਰਾਨ ਵਿਰੁੱਧ ਫੌਜੀ ਕਾਰਵਾਈਆਂ ਲਈ ਪੂਰੀ ਛੋਟ ਦੇਣ ਲਈ ਤਿਆਰ ਹੈ। ਮੱਧ-ਪੂਰਬ ਵਿੱਚ ਸਥਿਤੀ ਲਗਾਤਾਰ ਗੰਭੀਰ ਬਣੀ ਹੋਈ ਹੈ ਅਤੇ ਅਮਰੀਕੀ ਜਲ ਸੈਨਾ ਦੇ ਜਹਾਜ਼ਾਂ ਅਤੇ ਈਰਾਨੀ ਮਿਜ਼ਾਈਲਾਂ ਵਿਚਾਲੇ ਟਕਰਾਅ ਦੀਆਂ ਖ਼ਬਰਾਂ ਵੀ ਸਾਹਮਣੇ ਆ ਰਹੀਆਂ ਹਨ।

## ਲਿਵਰਮੋਰ ਪੁਲਿਸ ਵੱਲੋਂ ਵੱਡੀ ਕਾਰਵਾਈ

# ਨਸ਼ੀਲੇ ਪਦਾਰਥਾਂ ਅਤੇ ਗੈਰ-ਕਾਨੂੰਨੀ ਅਸਾਲਟ ਹਥਿਆਰਾਂ ਸਮੇਤ ਇੱਕ ਵਿਅਕਤੀ ਗ੍ਰਿਫਤਾਰ

ਲਿਵਰਮੋਰ/ਕੈਲੀਫੋਰਨੀਆ : ਲਿਵਰਮੋਰ ਪੁਲਿਸ ਵਿਭਾਗ ਦੀ ਕ੍ਰਾਈਮ ਪ੍ਰੀਵੈਂਸ਼ਨ ਯੂਨਿਟ (Crime Prevention Unit) ਨੇ ਸ਼ਹਿਰ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਗੈਰ-ਕਾਨੂੰਨੀ ਹਥਿਆਰਾਂ ਦੇ ਵਿਰੁੱਧ ਇੱਕ ਸਫਲ ਕਾਰਵਾਈ ਕਰਦੇ ਹੋਏ ਇੱਕ 38 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ।



17 ਫਰਵਰੀ ਨੂੰ ਪੁਲਿਸ ਅਧਿਕਾਰੀਆਂ ਨੇ ਪਾਈਨ ਸਟ੍ਰੀਟ (Pine Street) ’ਤੇ ਸਥਿਤ ਇੱਕ ਰਿਹਾਇਸ਼ੀ ਘਰ ਵਿੱਚ ਨਸ਼ੀਲੇ ਪਦਾਰਥਾਂ ਨਾਲ ਸਬੰਧਤ ਸਰਚ ਵਾਰੰਟ ਦੀ ਤਾਮੀਲ ਕੀਤੀ। ਇਸ ਤਲਾਸ਼ੀ ਦੌਰਾਨ ਪੁਲਿਸ ਦਾ ਸਾਹਮਣਾ ਸ਼ੌਨ ਐਸ਼ਮੈਨ (Sean Ashman) ਨਾਲ ਹੋਇਆ।

ਬਰਾਮਦ ਕੀਤਾ ਗਿਆ ਸਾਮਾਨ

ਤਲਾਸ਼ੀ ਦੌਰਾਨ ਪੁਲਿਸ ਨੂੰ ਭਾਰੀ ਮਾਤਰਾ ਵਿੱਚ ਗੈਰ-ਕਾਨੂੰਨੀ ਸਮੱਗਰੀ ਮਿਲੀ, ਜਿਸ ਵਿੱਚ ਸ਼ਾਮਲ ਹਨ:

ਨਸ਼ੀਲੇ ਪਦਾਰਥ: ਮੈਥਾਮਫੇਟਾਮਾਈਨ (Methamphetamine) ਅਤੇ ਜ਼ੈਨੈਕਸ (Xanax) ਦੀਆਂ ਗੋਲੀਆਂ।

ਹਥਿਆਰ: ਛੇ ਹਥਿਆਰ, ਜਿਨ੍ਹਾਂ ਵਿੱਚ ਇੱਕ ਗੈਰ-ਕਾਨੂੰਨੀ ਅਸਾਲਟ ਰਾਈਫਲ ਵੀ ਸ਼ਾਮਲ ਹੈ।

ਗੋਲਾ-ਬਾਰੂਦ: ਵੱਡੀ ਮਾਤਰਾ ਵਿੱਚ ਜ਼ਿੰਦਾ ਕਾਰਤੂਸ ਅਤੇ ਕਈ ਹਾਈ-ਕੈਪੈਸਿਟੀ ਮੈਗਜ਼ੀਨ।

ਹੋਰ ਸਾਮਾਨ: ਨਸ਼ਾ ਵੇਚਣ ਦੇ ਪੁਖ਼ਤਾ ਸਬੂਤ ਅਤੇ ਨਸ਼ੀਲੇ ਪਦਾਰਥਾਂ ਨਾਲ ਸਬੰਧਤ ਹੋਰ ਸਮੱਗਰੀ।

ਲਗਾਏ ਗਏ ਦੋਸ਼

ਸ਼ੌਨ ਐਸ਼ਮੈਨ ਨੂੰ ਕਈ ਗੰਭੀਰ ਅਪਰਾਧਿਕ ਧਾਰਾਵਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ:


1. ਲੋਡ ਕੀਤੇ ਹਥਿਆਰ ਦੇ ਨਾਲ ਨਸ਼ੀਲੇ ਪਦਾਰਥ ਰੱਖਣਾ।
2. ਵਿਕਰੀ ਦੇ ਉਦੇਸ਼ ਨਾਲ ਨਸ਼ੀਲੇ ਪਦਾਰਥ ਰੱਖਣਾ।
3. ਗੈਰ-ਕਾਨੂੰਨੀ ਅਸਾਲਟ ਹਥਿਆਰ ਰੱਖਣਾ।
4. ਵੱਡੀ ਸਮਰੱਥਾ ਵਾਲੇ ਮੈਗਜ਼ੀਨਾਂ ਦਾ ਨਿਰਮਾਣ ਅਤੇ ਵਿਕਰੀ ਕਰਨਾ।

ਲਿਵਰਮੋਰ ਪੁਲਿਸ ਨੇ ਕਿਹਾ ਹੈ ਕਿ ਉਹ ਭਾਈਚਾਰੇ ਦੀ ਸੁਰੱਖਿਆ ਲਈ ਅਜਿਹੀਆਂ ਗੈਰ-ਕਾਨੂੰਨੀ ਗਤੀਵਿਧੀਆਂ ’ਤੇ ਨਜ਼ਰ ਰੱਖਣਾ ਜਾਰੀ ਰੱਖਣਗੇ।

# ਅਮਰੀਕਾ-ਈਰਾਨ ਤਣਾਅ ਨਵੀਂ ਚੁਣੌਤੀ, ਪਹਿਚਾਣ ਦੇ ਭੁਲੇਖੇ ਪ੍ਰਤੀ ਸਿੱਖ ਸੁਚੇਤ ਰਹਿਣ ਦੀ ਅਪੀਲ : ਡਾਕਟਰ ਮਨਬੀਰ ਸਿੰਘ (MD)

## ਬੇਕਰਸਫੀਲਡ ਵਿਖੇ ‘ਸਿੱਖ ਯੂਥ ਸਿੰਪੋਜ਼ੀਅਮ’ ਦਾ ਆਯੋਜਨ

ਬੇਕਰਸਫੀਲਡ/ਕੈਲੀਫੋਰਨੀਆ, (ਸਾਡੇ ਲੋਕ) : ਅਮਰੀਕਾ ਅਤੇ ਈਰਾਨ ਦੇ ਵਿਚਕਾਰ ਵਧ ਰਹੇ ਤਣਾਅ ਨੇ ਇੱਕ ਵਾਰ ਫਿਰ ਅਮਰੀਕਾ ਵਿੱਚ ਰਹਿ ਰਹੇ ਸਿੱਖ ਭਾਈਚਾਰੇ ਲਈ ਗੰਭੀਰ ਸਥਿਤੀ ਪੈਦਾ ਕਰ ਦਿੱਤੀ ਹੈ। ਇਤਿਹਾਸਕ ਤੌਰ ’ਤੇ ਦੇਖਿਆ ਜਾਵੇ ਤਾਂ ਜਦੋਂ ਵੀ ਅਮਰੀਕਾ ਦਾ ਕਿਸੇ ਮੱਧ-ਪੂਰਬੀ ਦੇਸ਼ ਨਾਲ ਟਕਰਾਅ ਹੁੰਦਾ ਹੈ, ਤਾਂ ਅਮਰੀਕੀ ਮੀਡੀਆ ਵਿੱਚ ਦਿਖਾਏ ਜਾਣ ਵਾਲੇ ਨਕਾਰਾਤਮਕ ਚਿਹਰਿਆਂ ਕਾਰਨ ਸਿੱਖਾਂ ਨੂੰ ਨਸਲੀ ਨਫ਼ਰਤ (Racial Anger) ਦਾ ਸਾਹਮਣਾ ਕਰਨਾ ਪੈਂਦਾ ਹੈ।



ਮੀਡੀਆ ਦਾ ਪ੍ਰਭਾਵ ਅਤੇ ‘ਸਟਰੇਂਜਰ ਐਨਜ਼ਾਇਟੀ’

ਸਾਲ 1982 ਵਿੱਚ ਆਇਤੁੱਲਾ ਖੋਮੈਨੀ ਅਤੇ 2001 ਵਿੱਚ ਓਸਾਮਾ ਬਿਨ ਲਾਦਨ ਦੇ ਚਿਹਰੇ ਮੀਡੀਆ ਵਿੱਚ ਲਗਾਤਾਰ ਦਿਖਾਏ ਜਾਣ ਕਾਰਨ ਅਣਜਾਣ ਲੋਕਾਂ ਵਿੱਚ ਇੱਕ ਖਾਸ ਕਿਸਮ ਦਾ ਡਰ ਅਤੇ ਗੁੱਸਾ ਪੈਦਾ ਹੋਇਆ ਸੀ। ਕਿਉਂਕਿ ਉਨ੍ਹਾਂ ਦੇ ਸਿਰ ਦਾ ਪਹਿਰਾਵਾ (Headgear) ਸਿੱਖਾਂ ਦੀ ਦਸਤਾਰ ਨਾਲ ਮਿਲਦਾ-ਜੁਲਦਾ ਲੱਗਦਾ ਹੈ, ਇਸ ਲਈ ਸਿੱਖਾਂ ਨੂੰ ਅਕਸਰ ਗਲਤ ਪਹਿਚਾਣ ਕਾਰਨ ਨਿਸ਼ਾਨਾ ਬਣਾਇਆ ਜਾਂਦਾ ਰਿਹਾ ਹੈ।

**ਸਿੱਖ ਭਾਈਚਾਰੇ ਲਈ ਵਿਸ਼ੇਸ਼ ਸਾਵਧਾਨੀਆਂ**

ਮੌਜੂਦਾ ਹਾਲਾਤ ਨੂੰ ਦੇਖਦੇ ਹੋਏ ਸਿੱਖ ਭਾਈਚਾਰੇ ਨੂੰ ਹੇਠ ਲਿਖੇ ਸੁਝਾਅ ਦਿੱਤੇ ਗਏ ਹਨ:

ਸੁਚੇਤ ਰਹੋ: ਜਨਤਕ ਥਾਵਾਂ ਅਤੇ ਖਾਸ ਕਰਕੇ ਅੰਤਰਰਾਸ਼ਟਰੀ ਉਡਾਣਾਂ (International Flights) ਦੌਰਾਨ ਪੂਰੀ ਤਰ੍ਹਾਂ ਸਾਵਧਾਨੀ ਵਰਤੋ।

ਪਹਿਚਾਣ ਬਾਰੇ ਜਾਗਰੂਕਤਾ: ਸਥਾਨਕ ਲੋਕਾਂ ਅਤੇ ਪ੍ਰਸ਼ਾਸਨ ਨੂੰ ਸਿੱਖ ਪਹਿਚਾਣ ਅਤੇ ਦਸਤਾਰ ਦੇ ਮਹੱਤਵ ਬਾਰੇ ਵੱਧ ਤੋਂ ਵੱਧ ਜਾਣਕਾਰੀ ਦਿਓ ਤਾਂ ਜੋ ਕਿਸੇ ਵੀ ਕਿਸਮ ਦੇ ਭੁਲੇਖੇ ਨੂੰ ਦੂਰ ਕੀਤਾ ਜਾ ਸਕੇ।

ਏਕਤਾ ਦਾ ਸੰਦੇਸ਼: ਆਪਣੀ ਸੁਰੱਖਿਆ ਲਈ ਪਰਿਵਾਰਾਂ ਅਤੇ ਦੋਸਤਾਂ ਨਾਲ ਸੰਪਰਕ ਵਿੱਚ ਰਹੋ।

**ਬੇਕਰਸਫੀਲਡ ਵਿਖੇ ‘ਸਿੱਖ ਯੂਥ ਸਿੰਪੋਜ਼ੀਅਮ’ ਦਾ ਆਯੋਜਨ**

ਇਸੇ ਦੌਰਾਨ, ਨੌਜਵਾਨਾਂ ਨੂੰ ਆਪਣੇ ਅਮੀਰ ਵਿਰਸੇ ਅਤੇ ਇਤਿਹਾਸ ਨਾਲ ਜੋੜਨ ਲਈ ਬੇਕਰਸਫੀਲਡ ਵਿੱਚ ਇੱਕ ਵਿਸ਼ੇਸ਼ ਪ੍ਰੋਗਰਾਮ ਉਲੀਕਿਆ ਗਿਆ ਹੈ:

ਸਮਾਗਮ: ਲੋਕਲ ਸਿੱਖ ਯੂਥ ਸਿੰਪੋਜ਼ੀਅਮ 2026

ਤਾਰੀਖ ਅਤੇ ਸਮਾਂ: 6 ਜੂਨ, ਸ਼ਨੀਵਾਰ, ਸਵੇਰੇ 9 ਵਜੇ

ਸਥਾਨ: ਗੁਰਦੁਆਰਾ ਅੰਗਦ ਦਰਬਾਰ, 8100 ਸਟਾਈਨ ਰੋਡ, ਬੇਕਰਸਫੀਲਡ, 31 93313

ਮੁੱਖ ਆਕਰਸ਼ਣ: ਸਿੱਖ ਇਤਿਹਾਸ, ਭਾਸ਼ਣ, ਕੀਰਤਨ ਅਤੇ ਵਿਚਾਰ-ਚਰਚਾ।


ਇਹ ਅੰਤਰਰਾਸ਼ਟਰੀ ਪੱਧਰ ਦਾ ਸਮਾਗਮ ਨੌਜਵਾਨ ਪੀੜ੍ਹੀ ਨੂੰ ਆਪਣੀ ਪਹਿਚਾਣ ’ਤੇ ਮਾਣ ਕਰਨਾ ਸਿਖਾਏਗਾ ਅਤੇ ਸਮਾਜ ਵਿੱਚ ਸਿੱਖੀ ਦਾ ਸਹੀ ਅਕਸ ਪੇਸ਼ ਕਰਨ ਵਿੱਚ ਮਦਦਗਾਰ ਸਾਬਤ ਹੋਵੇਗਾ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 661-827-1033

# ਕੈਨੇਡਾ ’ਚ ਵਿਵਾਦਤ ਪੰਜਾਬੀ ਯੂਟਿਊਬਰ ਨੈਂਸੀ ਗਰੇਵਾਲ ਦਾ ਬੇਰਹਿਮੀ ਨਾਲ ਕਤਲ

## ਪਿਛਲੇ ਕੁਝ ਸਮੇਂ ਤੋਂ ਰਾਧਾ ਸੁਆਮੀ ਮੁਖੀ, ਮਜੀਠੀਆ, ਬਾਦਲ ਪਰਿਵਾਰ ਅਤੇ ਖਾਲਿਸਤਾਨ ਦੇ ਖਿਲਾਫ਼ ਲਗਾਤਾਰ ਕਰ ਰਹੀ ਸੀ ਪ੍ਰਚਾਰ

ਕੈਨੇਡਾ : ਸੋਸ਼ਲ ਮੀਡੀਆ ਪ੍ਰਭਾਵਕ ਨੈਨਸੀ ਗਰੇਵਾਲ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਇਸ ਦੀ ਪੁਸ਼ਟੀ ਲਾਸਾਲੇ ਪੁਲਿਸ ਨੇ ਕੀਤੀ ਹੈ। ਪੁਲਿਸ ਨੇ ਦੱਸਿਆ ਕਿ ਲਾਸਾਲੇ ਵਿਚ ਇਕ 45 ਸਾਲਾ ਪੰਜਾਬੀ ਮੂਲ ਦੀ ਮਹਿਲਾ, ਜੋ ਚਾਕੂ ਮਾਰਨ ਦੀ ਘਟਨਾ ਦਾ ਸ਼ਿਕਾਰ ਹੋਈ ਹੈ, ਦੀ ਪਛਾਣ ਕੀਤੀ ਗਈ ਹੈ, ਜਿਸ ਨੇ ਉਥੋਂ ਦੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਹੈ। ਪੁਲਿਸ ਨੇ ਕਿਹਾ ਕਿ ਯੂਟਿਊਬਰ ਵਜੋਂ ਜਾਣੀ ਜਾਂਦੀ ਵਿੰਡਸਰ ਨਿਵਾਸੀ ਨੈਨਸੀ ਗਰੇਵਾਲ ’ਤੇ ਮੰਗਲਵਾਰ ਰਾਤ ਨੂੰ ਹਮਲਾ ਕੀਤਾ ਗਿਆ ਸੀ।



ਲਾਸਾਲੇ ਪੁਲਿਸ ਦੇ ਅਨੁਸਾਰ ਅਧਿਕਾਰੀਆਂ ਅਤੇ ਪੈਰਾਮੈਡਿਕਸ ਨੂੰ ਟੌਡ ਲੇਨ ਦੇ 2400 ਬਲਾਕ ਵਿਚ ਰਾਤ 9:30 ਵਜੇ ਤੋਂ ਥੋੜ੍ਹੀ ਦੇਰ ਪਹਿਲਾਂ ਚਾਕੂ ਮਾਰਨ ਦੀ ਖ਼ਬਰ ਮਿਲੀ ਤੇ ਜਦੋਂ ਉਹ ਮੌਕੇ ’ਤੇ ਪਹੁੰਚੇ, ਤਾਂ ਉਨ੍ਹਾਂ ਨੇ ਗਰੇਵਾਲ ਨੂੰ ਗੰਭੀਰ ਚਾਕੂ ਦੇ ਜ਼ਖ਼ਮਾਂ ਨਾਲ ਪੀੜਤ ਪਾਇਆ। ਅਧਿਕਾਰੀਆਂ ਨੇ ਪੁਸ਼ਟੀ ਕੀਤੀ ਕਿ ਉਸਨੂੰ ਐਸੈਕਸ-ਵਿੰਡਸਰ ਐਮਰਜੈਂਸੀ ਮੈਡੀਕਲ ਹਸਪਤਾਲ ਲਿਜਾਇਆ ਗਿਆ ਸੀ, ਪਰ ਬਾਅਦ ਵਿਚ ਉਸ ਦੀ ਮੌਤ ਹੋ ਗਈ।

ਬੁੱਧਵਾਰ ਸ਼ਾਮ ਨੂੰ ਸੋਸ਼ਲ ਮੀਡੀਆ ’ਤੇ ਪੋਸਟ ਕੀਤੇ ਇਕ ਬਿਆਨ ਵਿਚ ਪੁਲਿਸ ਨੇ ਪੀੜਤ ਦੇ ਪਰਿਵਾਰ ਅਤੇ ਦੋਸਤਾਂ ਪ੍ਰਤੀ ਆਪਣੀ ਹਮਦਰਦੀ ਪ੍ਰਗਟ ਕੀਤੀ।

ਬਿਆਨ ’ਚ ਪੁਲਿਸ ਨੇ ਕਿਹਾ ਕਿ ਲਾਸਾਲੇ ਪੁਲਿਸ ਸੇਵਾ ਗਰੇਵਾਲ ਦੇ ਪਰਿਵਾਰ ਅਤੇ ਦੋਸਤਾਂ ਪ੍ਰਤੀ ਆਪਣੀ ਡੂੰਘੀ ਹਮਦਰਦੀ ਪ੍ਰਗਟ ਕਰਦੀ ਹੈ।



ਹਾਲਾਂਕਿ ਪੁਲਿਸ ਨੇ ਅਜੇ ਤੱਕ ਪੁਸ਼ਟੀ ਨਹੀਂ ਕੀਤੀ ਹੈ ਕਿ ਕਿਸੇ ਸ਼ੱਕੀ ਨੂੰ ਹਿਰਾਸਤ ਵਿਚ ਲਿਆ ਗਿਆ ਹੈ ਜਾਂ ਨਹੀਂ। ਬੁੱਧਵਾਰ ਸਵੇਰੇ, ਜਾਂਚਕਰਤਾਵਾਂ ਨੇ ਚੱਲ ਰਹੀ ਜਾਂਚ ਦੇ ਹਿੱਸੇ ਵਜੋਂ, ਕੈਨੇਡਾ ਸਟਰੀਟ ਅਤੇ ਬਿਸ਼ਪ ਸਟਰੀਟ ਦੇ ਵਿਚਕਾਰ ਟੌਡ ਲੇਨ ’ਤੇ ਦੋ ਘਰਾਂ ਨੂੰ ਘੇਰ ਲਿਆ। ਇੱਕ ਘਰ ਦੇ ਮੁੱਖ ਦਰਵਾਜ਼ੇ ਵੱਲ ਜਾਣ ਵਾਲੇ ਕੰਕਰੀਟ ਵਾਕਵੇਅ ਅਤੇ ਪੌੜੀਆਂ ’ਤੇ ਕਈ ਸਬੂਤ ਮਾਰਕਰ ਲਗਾਏ ਗਏ ਸਨ।

ਅਧਿਕਾਰੀਆਂ ਨੇ ਟੌਡ ਲੇਨ ’ਤੇ ਹਰਬ ਗ੍ਰੇ ਪਾਰਕਵੇਅ ਦੇ ਨੇੜੇ ਪੈਦਲ ਚੱਲਣ ਵਾਲੇ ਰਸਤੇ ਦੇ ਨੇੜੇ ਲਗਭਗ ਇੱਕ ਕਿਲੋਮੀਟਰ ਦੂਰ ਇੱਕ ਜੰਗਲੀ ਖੇਤਰ ’ਤੇ ਟੇਪ ਵੀ ਲਗਾਈ, ਕਿਉਂਕਿ ਜਾਂਚਕਰਤਾ ਹੋਰ ਸਬੂਤਾਂ ਦੀ ਭਾਲ ਕਰ ਰਹੇ ਸਨ। ਇਹ ਘਾਤਕ ਛੁਰਾ ਮਾਰਨ 2026 ਵਿੱਚ ਖੇਤਰ ਵਿੱਚ ਪਹਿਲੇ ਕਤਲ ਤੋਂ ਲਗਭਗ ਦੋ ਹਫ਼ਤੇ ਬਾਅਦ ਹੋਇਆ ਹੈ।

18 ਫਰਵਰੀ ਨੂੰ, ਵਿੰਡਸਰ ਰੀਜਨਲ ਹਸਪਤਾਲ ਦੇ ਮੈਟਰੋਪੋਲੀਟਨ ਕੈਂਪਸ ਦੀ ਪਾਰਕਿੰਗ ਵਿੱਚ ਇੱਕ 44 ਸਾਲਾ ਵਿਅਕਤੀ ਨੂੰ ਗੋਲੀ ਲੱਗਣ ਨਾਲ ਬੇਹੋਸ਼ ਪਾਇਆ ਗਿਆ ਸੀ। ਜਾਨ ਬਚਾਉਣ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ, ਉਸਨੂੰ ਬਾਅਦ ਵਿੱਚ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਨੇ ਕਿਹਾ ਕਿ ਉਸ ਮਾਮਲੇ ਦਾ ਲਾਸਾਲੇ ਨਾਲ ਵੀ ਸਬੰਧ ਸੀ, ਅਤੇ ਉਸੇ ਦਿਨ ਲਾਸਾਲੇ ਵਿੱਚ ਬ੍ਰੋਡਰਿਕ ਰੋਡ ’ਤੇ ਇੱਕ ਘਰ ਤੋਂ ਇੱਕ ਸ਼ੱਕੀ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

ਜਾਂਚਕਰਤਾ ਲਾਸਾਲੇ ਕਤਲ ਸੰਬੰਧੀ ਜਾਣਕਾਰੀ ਵਾਲੇ ਕਿਸੇ ਵੀ ਵਿਅਕਤੀ ਨੂੰ 519-969-5210 ਐਕਸਟੈਂਸ਼ਨ ’ਤੇ ਡਿਟੈਕਟਿਵ ਸਾਰਜੈਂਟ ਜੈਮੀ ਨੇਸਟਰ ਨਾਲ ਸੰਪਰਕ ਕਰਨ ਦੀ ਅਪੀਲ ਕਰ ਰਹੇ ਹਨ। 2531. ਪੁਲਿਸ ਜਾਂਚ ਵਿੱਚ ਸਹਾਇਤਾ ਲਈ ਆਲੇ ਦੁਆਲੇ ਦੇ ਇਲਾਕੇ ਦੇ ਵਸਨੀਕਾਂ ਤੋਂ ਨਿਗਰਾਨੀ ਫੁਟੇਜ ਵੀ ਮੰਗ ਰਹੀ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਹਿ

# ਸਿੱਖ ਯੂਥ ਸਿੰਪੋਜ਼ੀਅਮ

## ਬੇਕਰਸਫੀਲਡ ਵਿਚ







ਸਾਨੂੰ ਇਹ ਐਲਾਨ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਬੇਕਰਸਫੀਡਲ ਵਿਖੇ

## ਸਿੱਖ ਯੂਥ ਸਿੰਪੋਜ਼ੀਅਮ

ਹੋ ਰਿਹਾ ਹੈ।

**6 ਜੂਨ 2026, ਦਿਨ ਸ਼ਨੀਵਾਰ ਸਵੇਰੇ 9.00 ਵਜੇ**
**ਗੁਰਦੁਆਰਾ ਸਾਹਿਬ ਗੁਰੂ ਅੰਗਦ ਦਰਬਾਰ**
**8100 Stine Road, Bakersfield, CA 93313**

ਸਿੰਪੋਜ਼ੀਅਮ ਵਿੱਚ ਸਿੱਖ ਇਤਿਹਾਸ, ਭਾਸ਼ਣ, ਕੀਰਤਨ ਅਤੇ ਵਿਚਾਰ ਚਰਚਾ ਹੋਵੇਗੀ

**ਨੌਜਵਾਨਾਂ ਦਾ ਸਨਮਾਨ ਕਰਨ ਲਈ**

ਕਿਰਪਾ ਕਰਕੇ ਇਸ ਅੰਤਰਰਾਸ਼ਟਰੀ ਸਮਾਗਮ ਵਿੱਚ ਪਰਿਵਾਰ ਅਤੇ ਬੱਚਿਆਂ ਸਮੇਤ ਸ਼ਾਮਲ ਹੋਵੋ

**ਹੋਰ ਜਾਣਕਾਰੀ ਲਈ**
**661-827-1033 'ਤੇ ਸੰਪਰਕ ਕਰੋ।**

Space Sponsored by : Dr. Manbir Singh (MD), Bakersfield, 661-900-5675

# ਪੰਜਾਬ ਦੀ ਧਰਤੀ ਦਾ ਇੱਕ ਹੋਰ ਮਹਾਨ ਕਿਰਤੀ ਸਪੂਤ ਚਲਾ ਗਿਆ

## ਟੈਕਸਲਾ (Texla) ਟੈਲੀਵਿਜ਼ਨ ਦਾ ਬਾਦਸ਼ਾਹ ਪੰਜਾਬੀ ਅਣਖ, ਸਨਅਤੀ ਕ੍ਰਾਂਤੀ ਅਤੇ ਸੇਵਾ ਦਾ ਇੱਕ ਅਮਰ ਅਧਿਆਏ ਸੀ ਸਰਦਾਰ ਰਾਜਾ ਸਿੰਘ

ਸਰਦਾਰ ਰਾਜਾ ਸਿੰਘ ਜੀ ਦੀ ਜੀਵਨ ਯਾਤਰਾ ਸਿਰਫ਼ ਇਕ ਕਾਰੋਬਾਰੀ ਦੀ ਸਫਲਤਾ ਦੀ ਕਹਾਣੀ ਨਹੀਂ ਹੈ, ਸਗੋਂ ਇਹ ਉਸ ਪੰਜਾਬੀ ਜਜ਼ਬੇ ਦੀ ਮਿਸਾਲ ਹੈ ਜੋ ਰਾਖ ਦੇ ਢੇਰ ਵਿੱਚੋਂ ਉੱਠ ਕੇ ਅੰਬਰਾਂ ਨੂੰ ਛੂਹਣ ਦੀ ਹਿੰਮਤ ਰੱਖਦਾ ਹੈ। 'ਟੈਕਸਲਾ ਟੀਵੀ' ਦੇ ਮੋਢੀ ਵਜੋਂ ਉਨ੍ਹਾਂ ਨੇ ਨਾ ਸਿਰਫ਼ ਘਰ-ਘਰ ਤਕਨਾਲੋਜੀ ਪਹੁੰਚਾਈ, ਸਗੋਂ ਪੰਜਾਬੀ ਸੱਭਿਆਚਾਰ ਅਤੇ ਸਿੱਖੀ ਵਿਰਸੇ ਦੇ ਅਣਥੱਕ ਸੇਵਕ ਵਜੋਂ ਆਪਣੀ ਇੱਕ ਵਿਲੱਖਣ ਪਛਾਣ ਬਣਾਈ।





ਵੰਡ ਦਾ ਸੰਤਾਪ ਅਤੇ ਸਿਫ਼ਰ ਤੋਂ ਸਫ਼ਰ

ਸਰਦਾਰ ਰਾਜਾ ਸਿੰਘ ਦਾ ਜਨਮ 1936 ਵਿੱਚ ਅਣਵੰਡੇ ਪਾਕਿਸਤਾਨ ਦੇ ਰਾਵਲਪਿੰਡੀ ਜ਼ਿਲ੍ਹੇ ਵਿੱਚ ਹੋਇਆ। 1947 ਦੀ ਖ਼ੂਨੀ ਵੰਡ ਨੇ ਲੱਖਾਂ ਪਰਿਵਾਰਾਂ ਵਾਂਗ ਉਨ੍ਹਾਂ ਨੂੰ ਵੀ ਉਜਾੜ ਦਿੱਤਾ। ਦਿੱਲੀ ਦੀਆਂ ਗਲੀਆਂ ਵਿੱਚ ਸ਼ਰਨਾਰਥੀ ਵਜੋਂ ਆਏ ਇਸ ਨੌਜਵਾਨ ਨੇ ਜੀਵਨ ਦੀ ਸ਼ੁਰੂਆਤ ਇੱਕ ਸਬਜ਼ੀ ਦੀ ਦੁਕਾਨ 'ਤੇ ਨੌਕਰੀ ਕਰਕੇ ਕੀਤੀ। ਇਹ ਉਹ ਦੌਰ ਸੀ ਜਿਸ ਨੇ ਉਨ੍ਹਾਂ ਨੂੰ ਮਿਹਨਤ ਦੀ ਅਸਲ ਕੀਮਤ ਅਤੇ ਮਨੁੱਖੀ ਦਰਦ ਦੀ ਡੂੰਘਾਈ ਸਮਝਾਈ।

ਟੈਕਸਲਾ (Texla): ਪੰਜਾਬ ਵਿੱਚ ਟੈਲੀਵਿਜ਼ਨ ਕ੍ਰਾਂਤੀ ਦਾ ਸੂਰਜ

ਉਹ ਸਮਾਂ ਜਦੋਂ ਟੈਲੀਵਿਜ਼ਨ ਸਿਰਫ਼ ਰੀਸਤਾਂ ਅਤੇ ਵੱਡੇ ਬੰਗਲਿਆਂ ਦਾ ਸ਼ਿੰਗਾਰ ਹੁੰਦਾ ਸੀ, ਸਰਦਾਰ ਰਾਜਾ ਸਿੰਘ ਨੇ 'ਟੈਕਸਲਾ' ਬ੍ਰਾਂਡ ਰਾਹੀਂ ਇਸ ਨੂੰ ਆਮ ਆਦਮੀ ਦੀ ਪਹੁੰਚ ਵਿੱਚ ਲਿਆਂਦਾ।

ਸਮਾਜਿਕ ਸਾਂਝ: ਟੈਕਸਲਾ ਦੇ ਬਲੈਕ ਐਂਡ ਵਾਈਟ ਟੀਵੀ ਸਿਰਫ਼ ਮਸ਼ੀਨਾਂ ਨਹੀਂ ਸਨ, ਸਗੋਂ ਪਿੰਡਾਂ ਵਿੱਚ ਸਾਂਝੀਵਾਲਤਾ ਦਾ ਕੇਂਦਰ ਬਣ ਗਏ। ਉਨ੍ਹਾਂ ਦੇ ਸਸਤੇ ਅਤੇ ਮਿਆਰੀ ਸੈੱਟਾਂ ਨੇ ਪੰਜਾਬੀ ਘਰਾਂ ਵਿੱਚ ਸੰਚਾਰ ਅਤੇ ਮਨੋਰੰਜਨ ਦਾ ਨਵਾਂ ਦੌਰ ਸ਼ੁਰੂ ਕੀਤਾ।

ਅਧਿਆਤਮਿਕਤਾ ਦਾ ਪ੍ਰਵਾਹ: ਗੁਰਬਾਣੀ ਦੇ ਪ੍ਰਸਾਰ ਵਿੱਚ ਇਤਿਹਾਸਕ ਪਹਿਲ

ਰਾਜਾ ਸਿੰਘ ਜੀ ਦਾ ਵਪਾਰ ਹਮੇਸ਼ਾ ਉਨ੍ਹਾਂ ਦੀ ਅਧਿਆਤਮਿਕ ਸੋਚ ਦੇ ਅਧੀਨ ਰਿਹਾ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਕਾਰੋਬਾਰੀ ਸਫਲਤਾ ਦਾ ਅਸਲ ਮਕਸਦ ਧਰਮ ਅਤੇ ਸੇਵਾ ਹੋਣਾ ਚਾਹੀਦਾ ਹੈ।

ਰੇਡੀਓ ਰਾਹੀਂ ਪ੍ਰਚਾਰ: ਉਨ੍ਹਾਂ ਨੇ ਆਲ ਇੰਡੀਆ ਰੇਡੀਓ 'ਤੇ ਆਪਣੇ ਕੋਲੋਂ ਖ਼ਰਚਾ ਕਰਕੇ 15 ਮਿੰਟ ਦਾ ਸਮਾਂ ਖਰੀਦਿਆ। 'ਕੋਈ ਬੋਲੇ ਰਾਮ ਰਾਮ ਕੋਈ ਖ਼ੁਦਾਏ' ਪ੍ਰੋਗਰਾਮ ਰਾਹੀਂ ਉਨ੍ਹਾਂ ਨੇ ਗੁਰਬਾਣੀ ਦੇ ਸੁਨੇਹੇ ਨੂੰ ਹਰ ਮਨੁੱਖ ਤੱਕ ਪਹੁੰਚਾਇਆ।

ਕੈਸਟ ਇੰਡਸਟਰੀ ਵਿੱਚ ਪਹਿਲ: ਟੈਕਸਲਾ ਪਹਿਲਾ ਅਜਿਹਾ ਬ੍ਰਾਂਡ ਬਣਿਆ ਜਿਸ ਨੇ ਗੁਰਬਾਣੀ ਦੇ ਕੀਰਤਨ ਦੀਆਂ ਕੈਸਟਾਂ ਤਿਆਰ ਕਰਕੇ ਸਿੱਖ ਸੰਗੀਤ ਨੂੰ ਡਿਜੀਟਲ ਯੁੱਗ ਵਿੱਚ ਦਾਖਲ ਕੀਤਾ।

ਰਾਸ਼ਟਰਪਤੀ ਭਵਨ ਵਿੱਚ ਕੀਰਤਨ: 1983 ਵਿੱਚ ਰਾਸ਼ਟਰਪਤੀ ਭਵਨ ਦੇ 'ਅਸ਼ੋਕਾ ਹਾਲ' ਵਿੱਚ ਕੀਰਤਨ ਦਰਬਾਰ ਕਰਵਾ ਕੇ ਉਨ੍ਹਾਂ ਨੇ ਸਿੱਖੀ ਦੀ ਸ਼ਾਨ ਨੂੰ ਦੇਸ਼ ਦੇ ਸਭ ਤੋਂ ਉੱਚੇ ਦਰਬਾਰ ਤੱਕ ਪਹੁੰਚਾਇਆ।

4. 1984 ਦਾ ਕਹਿਰ ਅਤੇ ਹੌਸਲੇ ਦੀ ਮਿਸਾਲ

1984 ਦੇ ਸਿੱਖ ਵਿਰੋਧੀ ਦੰਗਿਆਂ ਦੌਰਾਨ ਜਦੋਂ ਉਨ੍ਹਾਂ ਦੀਆਂ ਫੈਕਟਰੀਆਂ ਨੂੰ ਅੱਗ ਦੇ ਹਵਾਲੇ ਕਰ ਦਿੱਤਾ ਗਿਆ, ਤਾਂ ਉਹ ਟੁੱਟੇ ਨਹੀਂ। ਉਨ੍ਹਾਂ ਨੇ ਨਾ ਸਿਰਫ਼ ਆਪਣਾ ਵਪਾਰ ਮੁੜ ਸੁਰਜੀਤ ਕੀਤਾ, ਸਗੋਂ ਪ੍ਰਭਾਵਿਤ ਪਰਿਵਾਰਾਂ ਦੇ ਮੁੜ ਵਸੇਬੇ ਲਈ ਕਲੋਨੀਆਂ ਬਣਾਈਆਂ ਅਤੇ ਮਦਦ ਦੇ ਹੱਥ ਵਧਾਏ। ਉਨ੍ਹਾਂ ਦਾ ਹੌਸਲਾ ਪੰਜਾਬੀ ਅਣਖ ਦੀ ਜਿਉਂਦੀ-ਜਾਗਦੀ ਮਿਸਾਲ ਸੀ।

5. ਵਿੱਦਿਆ ਦਾ ਚਾਨਣ: ਗੁਰੂ ਰਾਮਦਾਸ ਅਕੈਡਮੀ

ਭਾਈ ਹਰਭਜਨ ਸਿੰਘ ਜੀ (ਯੋਗੀ ਜੀ) ਦੇ ਮਾਰਗਦਰਸ਼ਨ ਹੇਠ, ਉਨ੍ਹਾਂ ਨੇ ਦੇਹਰਾਦੂਨ ਅਤੇ ਲੁਧਿਆਣਾ ਵਿੱਚ 'ਗੁਰੂ ਰਾਮਦਾਸ ਅਕੈਡਮੀ' ਵਰਗੀਆਂ ਸੰਸਥਾਵਾਂ ਦੀ ਸਥਾਪਨਾ ਕੀਤੀ। ਉਨ੍ਹਾਂ ਦਾ ਮੰਨਣਾ ਸੀ ਕਿ ਸਿੱਖਿਆ ਹੀ ਉਹ ਹਥਿਆਰ ਹੈ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ਕਤੀਸ਼ਾਲੀ ਬਣਾ ਸਕਦਾ ਹੈ।

ਇੱਕ ਯੁੱਗ ਦਾ ਅੰਤ, ਪੰਜਾਬ ਦੀ ਧਰਤੀ ਦਾ ਇਸ ਮਹਾਨ ਕਿਰਤੀ ਸਪੂਤ ਦੇ ਚਲੇ ਜਾਣ ਨਾਲ ਇੱਕ ਯੁੱਗ ਦਾ ਅੰਤ ਹੋ ਗਿਆ।

28 ਫਰਵਰੀ 2026 ਨੂੰ 90 ਸਾਲ ਦੀ ਉਮਰ ਵਿੱਚ ਸਰਦਾਰ ਰਾਜਾ ਸਿੰਘ ਜੀ ਅਕਾਲ ਚਲਾਣਾ ਕਰ ਗਏ। ਉਹ ਪੰਜਾਬ ਦੇ ਅਜਿਹੇ ਸਪੂਤ ਸਨ ਜਿਨ੍ਹਾਂ ਨੇ ਸਿੱਧ ਕੀਤਾ ਕਿ ਮਿਹਨਤ, ਨਿਮਰਤਾ ਅਤੇ ਗੁਰੂ ਦੇ ਲੜ ਲੱਗ ਕੇ ਕਿਸੇ ਵੀ ਮੁਕਾਮ ਨੂੰ ਹਾਸਲ ਕੀਤਾ ਜਾ ਸਕਦਾ ਹੈ। ਉਨ੍ਹਾਂ ਦੀ ਯਾਦ ਹਮੇਸ਼ਾ ਪੰਜਾਬੀ ਹਿਰਦਿਆਂ ਵਿੱਚ ਅਤੇ ਟੈਕਸਲਾ ਟੀਵੀ ਰਾਹੀਂ ਵੇਖੇ ਗਏ ਸੁਪਨਿਆਂ ਵਿੱਚ ਤਾਜ਼ਾ ਰਹੇਗੀ। ਅਸੀ ਸਾਡੇ ਲੋਕ ਦੇ ਸਮੂਹ ਪ੍ਰਵਾਰ ਵਲੋਂ ਪੰਜਾਬ ਦੇ ਇਸ ਕਿਰਤੀ ਮਹਾਨ ਸਿੱਖ ਲਈ ਅਕਾਲ ਪੁਰਖ ਦੇ ਚਰਨਾ ਚ ਅਰਦਾਸ ਕਰਦੇ ਹਾ ਕੀ ਵਾਹਿਗੁਰੂ ਉਹਨਾ ਨੂੰ ਆਪਣੇ ਚਰਨਾ ਚ ਥਾਂ ਦੇਵੇ ਤੇ ਪ੍ਰਵਾਰ ਨੂੰ ਭਾਣਾਂ ਮੰਨਣ ਦਾ ਬਲ ਬੱਖਸ਼ੇ।

# ਪੰਜਾਬ ਦੀ ਧਰਤੀ ਦਾ ਇੱਕ ਹੋਰ ਮਹਾਨ ਕਿਰਤੀ ਸਪੂਤ ਚਲਾ ਗਿਆ

## ਟੈਕਸਲਾ (Texla) ਟੈਲੀਵਿਜ਼ਨ ਦਾ ਬਾਦਸ਼ਾਹ ਪੰਜਾਬੀ ਅਣਖ, ਸਨਅਤੀ ਕ੍ਰਾਂਤੀ ਅਤੇ ਸੇਵਾ ਦਾ ਇੱਕ ਅਮਰ ਅਧਿਆਏ ਸੀ : ਸਰਦਾਰ ਰਾਜਾ ਸਿੰਘ









ਆਸਟਿਨ ਗੋਲੀਬਾਰੀ ਕਾਂਡ: ਮਰਨ ਵਾਲਿਆਂ ਦੀ ਗਿਣਤੀ ਵਧ ਕੇ 4 ਹੋਈ, ਹਮਲਾਵਰ ਦੀ ਇਰਾਨ ਨਾਲ ਸਬੰਧਿਤ ਕਮੀਜ਼ ਨੇ ਖੜ੍ਹੇ ਕੀਤੇ ਸਵਾਲ

ਆਸਟਿਨ (ਟੈਕਸਾਸ): ਅਮਰੀਕਾ ਦੇ ਆਸਟਿਨ ਸ਼ਹਿਰ ਵਿੱਚ 'ਬੁਫੋਰਡ' ਬਾਰ (BufordÓs Bar) ਦੇ ਬਾਹਰ ਹੋਈ ਅੰਨ੍ਹੇਵਾਹ ਗੋਲੀਬਾਰੀ ਵਿੱਚ ਮਰਨ ਵਾਲਿਆਂ ਦੀ ਗਿਣਤੀ ਚਾਰ ਹੋ ਗਈ ਹੈ। ਪੁਲਿਸ ਨੇ ਤੀਜੇ ਪੀੜਤ ਦੀ ਪਹਿਚਾਣ 30 ਸਾਲਾ ਜਾਰਜ ਪੈਡਰਸਨ ਵਜੋਂ ਕੀਤੀ ਹੈ, ਜਿਸ ਨੇ ਹਸਪਤਾਲ ਵਿੱਚ ਦਮ ਤੋੜ ਦਿੱਤਾ। ਇਸ ਭਿਆਨਕ ਘਟਨਾ ਵਿੱਚ ਹਮਲਾਵਰ ਸਮੇਤ ਚਾਰ ਲੋਕਾਂ ਦੀ ਮੌਤ ਹੋਈ ਹੈ ਅਤੇ 13 ਹੋਰ ਜ਼ਖਮੀ ਹਨ।

ਪੀੜਤਾਂ ਦੀ ਪਹਿਚਾਣ ਅਤੇ ਅਕਾਦਮਿਕ ਨੁਕਸਾਨ

ਆਸਟਿਨ ਪੁਲਿਸ ਚੀਫ਼ ਲੀਜ਼ਾ ਡੇਵਿਸ ਨੇ ਦੱਸਿਆ ਕਿ ਮਰਨ ਵਾਲਿਆਂ ਵਿੱਚ 19 ਸਾਲਾ ਰਾਈਡਰ ਹੈਰਿੰਗਟਨ ਅਤੇ 21 ਸਾਲਾ ਸਵਿਤਾ ਸ਼ਾਨ ਸ਼ਾਮਲ ਹਨ। ਸਵਿਤਾ ਸ਼ਾਨ 'ਯੂਨੀਵਰਸਿਟੀ ਆਫ਼ ਟੈਕਸਾਸ' (UT Austin) ਦੀ ਵਿਦਿਆਰਥਣ ਸੀ। ਯੂਨੀਵਰਸਿਟੀ ਦੇ ਪ੍ਰਧਾਨ ਜਿਮ ਡੇਵਿਸ ਨੇ ਦੁੱਖ ਪ੍ਰਗਟ ਕਰਦਿਆਂ ਉਸ ਨੂੰ ਇੱਕ ਅਜਿਹੀ ਹੋਣਹਾਰ ਵਿਦਿਆਰਥਣ ਦੱਸਿਆ ਜੋ ਦੁਨੀਆ ਬਦਲਣ ਦਾ ਜਜ਼ਬਾ ਰੱਖਦੀ ਸੀ।

ਹਮਲਾਵਰ ਕੌਣ ਸੀ ਅਤੇ ਕੀ ਸੀ ਮਕਸਦ?

ਪੁਲਿਸ ਨੇ ਹਮਲਾਵਰ ਦੀ ਪਹਿਚਾਣ 53 ਸਾਲਾ ਨਦੀਆਗਾ ਡਾਇਗਨੇ (Ndiaga Diagne) ਵਜੋਂ ਕੀਤੀ ਹੈ, ਜੋ ਫਲੂਗਰਵਿਲ ਦਾ ਰਹਿਣ ਵਾਲਾ ਸੀ। ਉਹ ਮੂਲ ਰੂਪ ਵਿੱਚ ਸੇਨੇਗਲ ਤੋਂ ਸੀ ਅਤੇ 2013 ਵਿੱਚ ਅਮਰੀਕੀ ਨਾਗਰਿਕ ਬਣਿਆ ਸੀ।

ਸ਼ੱਕੀ ਸਬੰਧ: ਪੁਲਿਸ ਚੀਫ਼ ਨੇ ਖੁਲਾਸਾ ਕੀਤਾ ਕਿ ਹਮਲੇ ਵੇਲੇ ਡਾਇਗਨੇ ਨੇ ਇਰਾਨ ਨਾਲ ਸਬੰਧਿਤ ਇੱਕ ਕਮੀਜ਼ ਪਾਈ ਹੋਈ ਸੀ।

ਜਾਂਚ: FBI ਅਤੇ ਜੁਆਇੰਟ ਟੈਰੋਰਿਜ਼ਮ ਟਾਸਕ ਫੋਰਸ ਮਾਮਲੇ ਦੀ ਜਾਂਚ ਕਰ ਰਹੀ ਹੈ। ਹਾਲਾਂਕਿ ਅਜੇ ਤੱਕ ਇਸ ਨੂੰ ਅਧਿਕਾਰਤ ਤੌਰ 'ਤੇ ਅੱਤਵਾਦ ਨਹੀਂ ਕਿਹਾ ਗਿਆ, ਪਰ 629 ਨੇ ਇਸ ਨੂੰ 'ਟਾਰਗੇਟਿਡ ਹਿੰਸਾ' ਕਰਾਰ ਦਿੱਤਾ ਹੈ।

ਗਵਰਨਰ ਦੀ ਚੇਤਾਵਨੀ ਅਤੇ ਸੁਰੱਖਿਆ ਪ੍ਰਬੰਧ

ਟੈਕਸਾਸ ਦੇ ਗਵਰਨਰ ਗ੍ਰੇਗ ਐਬਟ ਨੇ ਇਸ ਘਟਨਾ ਤੋਂ ਬਾਅਦ ਸਖ਼ਤ ਚੇਤਾਵਨੀ ਦਿੱਤੀ ਹੈ। ਉਹਨਾਂ ਕਿਹਾ ਕਿ ਜੇਕਰ ਕੋਈ ਵੀ ਮੱਧ-ਪੂਰਬ (Middle East) ਦੇ ਸੰਘਰਸ਼ ਦੀ ਆੜ ਵਿੱਚ ਟੈਕਸਾਸ ਦੇ ਨਾਗਰਿਕਾਂ ਜਾਂ ਬੁਨਿਆਦੀ ਢਾਂਚੇ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰੇਗਾ, ਤਾਂ ਉਸ ਦਾ ਮੂੰਹ ਤੋੜਵਾਂ ਜਵਾਬ ਦਿੱਤਾ ਜਾਵੇਗਾ।

ਪੀੜਤਾਂ ਦੀ ਮਦਦ ਲਈ ਵਿਸ਼ੇਸ਼ ਕੇਂਦਰ



ਆਸਟਿਨ ਸ਼ਹਿਰ ਦੇ ਪ੍ਰਸ਼ਾਸਨ ਨੇ ਪ੍ਰਭਾਵਿਤ ਲੋਕਾਂ ਲਈ 'ਵਿਕਟਿਮ ਅਸਿਸਟੈਂਸ ਸੈਂਟਰ' ਖੋਲ੍ਹਿਆ ਹੈ, ਜਿੱਥੇ ਕੌਂਸਲਿੰਗ, ਮਾਨਸਿਕ ਸਿਹਤ ਸੇਵਾਵਾਂ ਅਤੇ ਹੋਰ ਮਦਦ ਮੁਹੱਈਆ ਕਰਵਾਈ ਜਾ ਰਹੀ ਹੈ।

ਸਿੱਖ ਭਾਈਚਾਰੇ ਲਈ ਵਿਸ਼ੇਸ਼ ਨੋਟ:

ਜਿਵੇਂ ਕਿ ਅਸੀਂ ਪਹਿਲਾਂ ਵੀ ਚਰਚਾ ਕੀਤੀ ਹੈ, ਅਜਿਹੀਆਂ ਘਟਨਾਵਾਂ ਵਿੱਚ ਜਦੋਂ ਹਮਲਾਵਰ ਦਾ ਸਬੰਧ ਕਿਸੇ ਖਾਸ ਖੇਤਰ ਜਾਂ ਪਹਿਰਾਵੇ (ਜਿਵੇਂ ਇਰਾਨ ਨਾਲ ਸਬੰਧਿਤ ਚਿੰਨ੍ਹ) ਨਾਲ ਜੁੜਦਾ ਹੈ, ਤਾਂ ਅਮਰੀਕਾ ਵਿੱਚ 'ਗਲਤ ਪਹਿਚਾਣ' (Mistaken Identity) ਦੇ ਮਾਮਲੇ ਵਧ ਸਕਦੇ ਹਨ। ਆਸਟਿਨ ਦੀ ਇਸ ਘਟਨਾ ਵਿੱਚ ਹਮਲਾਵਰ ਦਾ ਇਰਾਨੀ ਕਮੀਜ਼ ਪਾਉਣਾ ਸਿੱਖਾਂ ਲਈ ਚਿੰਤਾ ਦਾ ਵਿਸ਼ਾ ਹੋ ਸਕਦਾ ਹੈ। ਸਾਰੇ ਸਿੱਖ ਭਾਈਚਾਰੇ ਨੂੰ ਜਨਤਕ ਥਾਵਾਂ 'ਤੇ ਸੁਚੇਤ ਰਹਿਣ ਅਤੇ ਆਪਣੀ ਵਿਲੱਖਣ ਪਹਿਚਾਣ ਬਾਰੇ ਜਾਗਰੂਕਤਾ ਫੈਲਾਉਣ ਦੀ ਲੋੜ ਹੈ।

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਲਾ-ਮਹੱਲਾ ਦੀਆਂ ਰੌਣਕਾਂ

## ਪੰਜ ਪਿਆਰਿਆਂ ਦੀ ਅਗਵਾਈ ਹੇਠ ਸਜਾਇਆ ਗਿਆ ਵਿਸ਼ਾਲ ਨਗਰ ਕੀਰਤਨ

ਅੰਮ੍ਰਿਤਸਰ, (ਸਾਡੇ ਲੋਕ) : ਸਿੱਖ ਕੌਮ ਦੇ ਜਲਾਲ ਅਤੇ ਮਾਰਸ਼ਲ ਆਰਟ ਦੇ ਪ੍ਰਤੀਕ ਤਿਉਹਾਰ 'ਹੋਲਾ-ਮਹੱਲਾ' ਦੇ ਸਬੰਧ ਵਿੱਚ ਅੱਜ ਗੁਰੂ ਨਗਰੀ ਅੰਮ੍ਰਿਤਸਰ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਪਵਿੱਤਰ ਦਿਹਾੜੇ ਮੌਕੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਇੱਕ ਵਿਸ਼ਾਲ ਧਾਰਮਿਕ ਜਲੂਸ (ਨਗਰ ਕੀਰਤਨ) ਕੱਢਿਆ ਗਿਆ, ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਸ਼ਮੂਲੀਅਤ ਕੀਤੀ।

ਮੁੱਖ ਆਕਰਸ਼ਣ ਅਤੇ ਧਾਰਮਿਕ ਰਸਮਾਂ

ਪੰਜ ਪਿਆਰਿਆਂ ਦੀ ਅਗਵਾਈ: ਨਗਰ ਕੀਰਤਨ ਦੀ ਸ਼ੁਰੂਆਤ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਈ, ਜਿਸ ਦੀ ਅਗਵਾਈ ਰਵਾਇਤੀ ਪਹਿਰਾਵੇ ਵਿੱਚ ਸਜੇ ਪੰਜ ਪਿਆਰਿਆਂ ਨੇ ਕੀਤੀ। ਉਨ੍ਹਾਂ ਦੇ ਹੱਥਾਂ ਵਿੱਚ ਨਿਸ਼ਾਨ ਸਾਹਿਬ ਅਤੇ ਨੰਗੀਆਂ ਕਿਰਪਾਨਾਂ ਸਿੱਖ ਸ਼ਕਤੀ ਦਾ ਪ੍ਰਦਰਸ਼ਨ ਕਰ ਰਹੀਆਂ ਸਨ।

ਗੱਤਕੇ ਦੇ ਜੌਹਰ: ਇਸ ਮੌਕੇ ਨਿਹੰਗ ਸਿੰਘਾਂ ਅਤੇ ਗੱਤਕਾ ਦਲਾਂ ਵੱਲੋਂ ਜੰਗਜੂ ਕਲਾ 'ਗੱਤਕੇ' ਦੇ ਸ਼ਾਨਦਾਰ ਜੌਹਰ ਦਿਖਾਏ ਗਏ। ਹਵਾ ਵਿੱਚ ਲਹਿਰਾਉਂਦੀਆਂ ਕਿਰਪਾਨਾਂ ਅਤੇ ਚੱਕਰਾਂ ਨੇ ਸੰਗਤਾਂ ਨੂੰ ਮੰਤਰ-ਮੁਗਧ ਕਰ ਦਿੱਤਾ।

ਸ਼ਬਦ ਕੀਰਤਨ: ਜਲੂਸ ਦੇ ਦੌਰਾਨ ਰਾਗੀ ਜਥਿਆਂ ਵੱਲੋਂ ਇਲਾਹੀ ਬਾਣੀ ਦਾ ਕੀਰਤਨ ਕੀਤਾ ਗਿਆ ਅਤੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਪੂਰਾ ਵਾਤਾਵਰਣ ਗੂੰਜ ਉੱਠਿਆ।

ਸੰਗਤਾਂ ਦਾ ਭਾਰੀ ਇਕੱਠ

ਦੇਸ਼-ਵਿਦੇਸ਼ ਤੋਂ ਆਈਆਂ ਸੰਗਤਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ ਅਤੇ ਗੁਰੂ ਘਰ ਨਤਮਸਤਕ ਹੋ ਕੇ ਆਸ਼ੀਰਵਾਦ ਪ੍ਰਾਪਤ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਵੱਲੋਂ ਸੰਗਤਾਂ ਦੀ ਸਹੂਲਤ ਲਈ ਪੁਖਤਾ ਪ੍ਰਬੰਧ ਕੀਤੇ ਗਏ ਸਨ ਅਤੇ ਥਾਂ-ਥਾਂ 'ਤੇ ਛਬੀਲਾਂ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

ਹੋਲਾ-ਮਹੱਲਾ ਦਾ ਮਹੱਤਵ

ਦੱਸਣਯੋਗ ਹੈ ਕਿ ਹੋਲਾ-ਮਹੱਲਾ ਦੀ ਸ਼ੁਰੂਆਤ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਵਿੱਚ ਬੀਰ-ਰਸ ਭਰਨ ਅਤੇ ਮਾਰਸ਼ਲ ਆਰਟਸ ਦੀ ਸਿਖਲਾਈ ਨੂੰ ਉਤਸ਼ਾਹਿਤ ਕਰਨ ਲਈ ਕੀਤੀ ਸੀ। ਜਿੱਥੇ ਦੁਨੀਆ ਹੋਲੀ ਦੇ ਰੰਗਾਂ ਵਿੱਚ ਰੰਗੀ ਹੁੰਦੀ ਹੈ, ਉੱਥੇ ਸਿੱਖ ਕੌਮ ਇਸ ਦਿਨ ਨੂੰ ਆਪਣੀ ਸਰੀਰਕ ਅਤੇ ਅਧਿਆਤਮਿਕ ਸ਼ਕਤੀ ਦੇ ਪ੍ਰਤੀਕ ਵਜੋਂ ਮਨਾਉਂਦੀ ਹੈ।



# ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਨਵੀਂ ਮੁੰਬਈ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਸਮਾਗਮ 'ਚ ਹਾਜ਼ਰੀ ਭਰੀ














ਨਵੀਂ ਮੁੰਬਈ (ਸਾਡੇ ਲੋਕ) : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਐਤਵਾਰ ਨੂੰ ਨਵੀਂ ਮੁੰਬਈ ਵਿਖੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਦੇ ਸਬੰਧ ਵਿੱਚ ਕਰਵਾਏ ਗਏ ਇੱਕ ਵਿਸ਼ਾਲ ਸ਼ਹੀਦੀ ਸਮਾਗਮ ਵਿੱਚ ਨਤਮਸਤਕ ਹੋਏ। ਇਸ ਮੌਕੇ ਉਨ੍ਹਾਂ ਦੇ ਨਾਲ ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਵੀ ਮੌਜੂਦ ਸਨ।

ਸ਼ਰਧਾ ਦੇ ਫੁੱਲ ਭੇਟ: ਅਮਿਤ ਸ਼ਾਹ ਨੇ ਗੁਰੂ ਸਾਹਿਬ ਦੀ ਲਾਸਾਨੀ ਸ਼ਹਾਦਤ ਨੂੰ ਨਮਨ ਕੀਤਾ ਅਤੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਨੇ ਧਰਮ ਦੀ ਰੱਖਿਆ ਲਈ ਆਪਣਾ ਸੀਸ ਵਾਰ ਦਿੱਤਾ, ਜਿਸ ਕਾਰਨ ਉਨ੍ਹਾਂ ਨੂੰ 'ਹਿੰਦ ਦੀ ਚਾਦਰ' ਵਜੋਂ ਜਾਣਿਆ ਜਾਂਦਾ ਹੈ।

ਲੰਗਰ ਸੇਵਾ: ਗ੍ਰਹਿ ਮੰਤਰੀ ਨੇ ਨਾ ਸਿਰਫ਼ ਮੱਥਾ ਟੇਕਿਆ, ਸਗੋਂ ਪੰਗਤ ਵਿੱਚ ਬੈਠ ਕੇ ਪ੍ਰਸ਼ਾਦਾ ਛਕਿਆ ਅਤੇ ਲੰਗਰ ਵਿੱਚ ਸੇਵਾ ਵੀ ਕੀਤੀ। ਉਨ੍ਹਾਂ ਕਿਹਾ ਕਿ ਸਿੱਖ ਧਰਮ ਦੀ ਸੇਵਾ ਅਤੇ ਸਿਮਰਨ ਦੀ ਪਰੰਪਰਾ ਪੂਰੀ ਦੁਨੀਆ ਲਈ ਇੱਕ ਮਿਸਾਲ ਹੈ।

ਧਰਮ ਪਰਿਵਰਤਨ 'ਤੇ ਚਿੰਤਾ: ਆਪਣੇ ਸੰਬੋਧਨ ਦੌਰਾਨ ਅਮਿਤ ਸ਼ਾਹ ਨੇ ਪੰਜਾਬ ਵਿੱਚ ਹੋ ਰਹੇ ਕਥਿਤ ਧਰਮ ਪਰਿਵਰਤਨ ਦੇ ਮੁੱਦੇ 'ਤੇ ਵੀ ਗੱਲ ਕੀਤੀ। ਉਨ੍ਹਾਂ ਪੰਜਾਬ ਸਰਕਾਰ ਅਤੇ ਸਮਾਜ ਨੂੰ ਅਪੀਲ ਕੀਤੀ ਕਿ ਉਹ ਇਸ ਰੁਝਾਨ ਨੂੰ ਰੋਕਣ ਲਈ ਮਿਲ ਕੇ ਕੰਮ ਕਰਨ, ਕਿਉਂਕਿ ਗੁਰੂ ਸਾਹਿਬ ਨੇ ਦੂਜਿਆਂ ਦੇ ਧਰਮ ਦੀ ਰੱਖਿਆ ਲਈ ਆਪਣੀ ਕੁਰਬਾਨੀ ਦਿੱਤੀ ਸੀ।

ਸੰਗਤਾਂ ਦਾ ਭਾਰੀ ਇਕੱਠ: ਇਸ ਸਮਾਗਮ ਵਿੱਚ ਪੰਜਾਬ ਅਤੇ ਦੇਸ਼ ਦੇ ਹੋਰ ਹਿੱਸਿਆਂ ਤੋਂ ਲਗਭਗ 25,000 ਤੋਂ ਵੱਧ ਸ਼ਰਧਾਲੂਆਂ ਅਤੇ ਸਿੱਖ ਸੰਤਾਂ ਨੇ ਹਿੱਸਾ ਲਿਆ। ਮਹਾਰਾਸ਼ਟਰ ਸਰਕਾਰ ਵੱਲੋਂ ਸੰਗਤ ਲਈ ਮੈਡੀਕਲ ਕੈਂਪ ਅਤੇ ਹੋਰ ਸਹੂਲਤਾਂ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ।

ਇਤਿਹਾਸਕ ਮਹੱਤਤਾ

ਅਮਿਤ ਸ਼ਾਹ ਨੇ ਕਿਹਾ ਕਿ ਜੇਕਰ ਗੁਰੂ ਤੇਗ ਬਹਾਦਰ ਜੀ ਨੇ ਉਸ ਸਮੇਂ ਮੁਗਲ ਹਕੂਮਤ ਦੇ ਜ਼ੁਲਮਾਂ ਵਿਰੁੱਧ ਕੁਰਬਾਨੀ ਨਾ ਦਿੱਤੀ ਹੁੰਦੀ, ਤਾਂ ਅੱਜ ਭਾਰਤ ਦਾ ਰੂਪ ਕੁਝ ਹੋਰ ਹੀ ਹੋਣਾ ਸੀ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਸਰਕਾਰ ਸਿੱਖ ਗੁਰੂਆਂ ਦੇ ਸੰਦੇਸ਼ ਨੂੰ ਘਰ-ਘਰ ਪਹੁੰਚਾਉਣ ਲਈ ਵਚਨਬੱਧ ਹੈ।

ਅਮਿਤ ਸ਼ਾਹ ਦੇ ਭਾਸ਼ਣ ਦੇ ਪ੍ਰਮੁੱਖ ਨੁਕਤੇ

ਅਮਿਤ ਸ਼ਾਹ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਕਈ ਅਹਿਮ ਗੱਲਾਂ ਕਹੀਆਂ:

'ਹਿੰਦੂ ਅਤੇ ਸਿੱਖ ਧਰਮ ਦੀ ਰੱਖਿਆ': ਉਨ੍ਹਾਂ ਕਿਹਾ ਕਿ ਜੇਕਰ ਗੁਰੂ ਤੇਗ ਬਹਾਦਰ ਜੀ ਨੇ ਕੁਰਬਾਨੀ ਨਾ ਦਿੱਤੀ ਹੁੰਦੀ, ਤਾਂ ਅੱਜ ਭਾਰਤ ਵਿੱਚ ਹਿੰਦੂ ਅਤੇ ਸਿੱਖ ਧਰਮ ਸੁਰੱਖਿਅਤ ਨਹੀਂ ਹੋਣੇ ਸਨ। ਉਨ੍ਹਾਂ ਨੇ ਔਰੰਗਜ਼ੇਬ ਦੇ ਜ਼ੁਲਮਾਂ ਵਿਰੁੱਧ ਗੁਰੂ ਸਾਹਿਬ ਦੇ ਅਟੱਲ ਰਹਿਣ ਦੀ ਸ਼ਲਾਘਾ ਕੀਤੀ।

ਧਰਮ ਪਰਿਵਰਤਨ 'ਤੇ ਚਿੰਤਾ: ਉਨ੍ਹਾਂ ਨੇ ਖਾਸ ਤੌਰ 'ਤੇ ਪੰਜਾਬ ਵਿੱਚ ਹੋ ਰਹੇ ਧਰਮ ਪਰਿਵਰਤਨ ਦਾ ਮੁੱਦਾ ਚੁੱਕਿਆ। ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਅਤੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ 'ਲਾਲਚ' ਵੱਸ ਕੀਤੇ ਜਾ ਰਹੇ ਧਰਮ ਪਰਿਵਰਤਨ ਨੂੰ ਰੋਕਿਆ ਜਾਵੇ। ਉਨ੍ਹਾਂ ਕਿਹਾ ਕਿ ਜਿਸ ਗੁਰੂ ਨੇ ਦੂਜਿਆਂ ਦੇ ਧਰਮ ਲਈ ਆਪਣਾ ਸੀਸ ਦਿੱਤਾ, ਉਨ੍ਹਾਂ ਦੇ ਪੰਜਾਬ ਵਿੱਚ ਅਜਿਹਾ ਹੋਣਾ ਚਿੰਤਾਜਨਕ ਹੈ।

ਪ੍ਰਧਾਨ ਮੰਤਰੀ ਮੋਦੀ ਦਾ ਯੋਗਦਾਨ: ਉਨ੍ਹਾਂ ਨੇ ਕਿਹਾ ਕਿ ਪੀ.ਐਮ. ਮੋਦੀ ਨੇ ਹਮੇਸ਼ਾ ਸਿੱਖ ਗੁਰੂਆਂ ਦੇ ਸਨਮਾਨ ਨੂੰ ਰਾਸ਼ਟਰੀ ਪੱਧਰ 'ਤੇ ਲਿਜਾਣ ਲਈ ਕੰਮ ਕੀਤਾ ਹੈ, ਚਾਹੇ ਉਹ ਕਰਤਾਰਪੁਰ ਸਾਹਿਬ ਲਾਂਘਾ ਹੋਵੇ ਜਾਂ 'ਵੀਰ ਬਾਲ ਦਿਵਸ' ਦੀ ਸ਼ੁਰੂਆਤ।

1. ਵੀ.ਆਈ.ਪੀ. ਮਹਿਮਾਨ: ਅਮਿਤ ਸ਼ਾਹ ਅਤੇ ਦੇਵੇਂਦਰ ਫੜਨਵੀਸ ਤੋਂ ਇਲਾਵਾ, ਇਸ ਸਮਾਗਮ ਵਿੱਚ ਦੇਸ਼ ਦੇ ਵੱਖ-ਵੱਖ ਰਾਜਾਂ (ਜਿਵੇਂ ਹਰਿਆਣਾ, ਰਾਜਸਥਾਨ, ਅਤੇ ਉੱਤਰ ਪ੍ਰਦੇਸ਼) ਦੇ ਮੁੱਖ ਮੰਤਰੀਆਂ ਅਤੇ ਰਾਜਪਾਲਾਂ ਦੇ ਸ਼ਾਮਲ ਹੋਣ ਦੀ ਵੀ ਚਰਚਾ ਰਹੀ।

2. ਪ੍ਰਬੰਧ: ਨਵੀਂ ਮੁੰਬਈ ਦੇ ਓਵੇ ਗਰਾਊਂਡ (Owe Ground) ਵਿਖੇ ਹੋਏ ਇਸ ਸਮਾਗਮ ਲਈ ਸੁਰੱਖਿਆ ਦੇ ਸਖ਼ਤ ਪ੍ਰਬੰਧ ਸਨ। ਲਗਭਗ 3,000 ਪੁਲਿਸ ਮੁਲਾਜ਼ਮ ਤਾਇਨਾਤ ਕੀਤੇ ਗਏ ਸਨ ਅਤੇ ਸੰਗਤਾਂ ਦੀ ਸਹੂਲਤ ਲਈ 150 ਤੋਂ ਵੱਧ ਵਿਸ਼ੇਸ਼ ਬੱਸਾਂ ਚਲਾਈਆਂ ਗਈਆਂ ਸਨ।

3. ਮੈਡੀਕਲ ਸਹੂਲਤਾਂ: ਮੌਕੇ 'ਤੇ ਹੀ ਇਕ ਆਧੁਨਿਕ ICU ਸਹੂਲਤ ਅਤੇ 300 ਤੋਂ ਵੱਧ ਡਾਕਟਰਾਂ ਦੀ ਟੀਮ ਤਾਇਨਾਤ ਕੀਤੀ ਗਈ ਸੀ ਤਾਂ ਜੋ ਕਿਸੇ ਵੀ ਐਮਰਜੈਂਸੀ ਨਾਲ ਨਜਿੱਠਿਆ ਜਾ ਸਕੇ।

4. ਸੱਭਿਆਚਾਰਕ ਪੇਸ਼ਕਾਰੀ: ਸਮਾਗਮ ਵਿੱਚ ਰਵਾਇਤੀ ਗੱਤਕਾ (ਸਿੱਖ ਜੰਗਜੂ ਕਲਾ) ਦੇ ਜੌਹਰ ਵੀ ਦਿਖਾਏ ਗਏ, ਜੋ ਕਿ ਖਿੱਚ ਦਾ ਕੇਂਦਰ ਰਹੇ।




## ਅਮਰੀਕਾ ਦੀਆਂ ਸਮੂਹ ਸਿੱਖ ਸੰਗਤਾਂ ਨੂੰ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ 'ਚ ਪਹੁੰਚਣ ਦੀ ਬੇਨਤੀ



ਵਾਸ਼ਿੰਗਟਨ ਡੀਸੀ ਦੀ ਉਹ ਧਰਤੀ ਹੈ ਜਿਥੇ ਅਮਰੀਕਾ ਭਰ ਤੋਂ ਚੁਣੇ ਹੋਏ ਕਾਂਗਰਸਮੈਨ ਸੈਨੇਟਰ ਅਤੇ ਦੁਨੀਆ ਭਰ ਦੇ ਆਗੂ ਪਹੁੰਚਦੇ ਹਨ। ਇਥੇ ਦੇ ਸਿੱਖ ਪਰੇਡ ਸਿੱਖ ਹੋਂਦ ਲਈ ਅਹਿਮ ਸਥਾਨ ਰੱਖਦੀ ਹੈ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਇਥੇ ਪਰਿਵਾਰ ਸਮੇਤ ਪਹੁੰਚ ਕੇ ਹਰ ਸਾਲ ਹਾਜ਼ਰੀਆਂ ਭਰਿਆ ਕਰਨ। ਸਿੱਖ ਪੰਥ ਦੀ ਅਜਾਦੀ ਦਾ ਪ੍ਰਤੀਕ ਅਤੇ Washington, D.C ਤੋਂ ਕੌਮ ਦੀ ਅੰਤਰਰਾਸ਼ਟਰੀ ਅਵਾਜ਼ ਨੈਸ਼ਨਲ ਸਿੱਖ ਡੇਅ ਪਰੇਡ USA ਜੋ ਕਿ ਸਮੂਹ ਸਿੱਖ ਸੰਗਤਾਂ, ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆ ਅਤੇ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਿਤ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਵਲੋਂ 9th ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਹੋ ਰਹੀ ਹੈ ਸਮੂਹ ਸੰਗਤਾਂ ਨੂੰ ਪ੍ਰਵਾਰ ਸਮੇਤ ਪਹੁੰਚਣ ਦੀ ਬੇਨਤੀ।

ਸ੍ਰ. ਹਿੰਮਤ ਸਿੰਘ,
ਕੋਆਰਡੀਨੇਟਰ ਸਿੱਖ ਕੋਆਰਡੀਨੇਸ਼ਨ ਕਮੇਟੀ ਯੂਐਸਏ

## ਨੈਸ਼ਨਲ ਸਿੱਖ ਡੇਅ ਪਰੇਡ 'ਚ ਸੰਗਤਾਂ ਹੁੰਮ ਹੁੰਮਾ ਕੇ ਪਹੁੰਚਣ : ਸ੍ਰ. ਹਰਜਿੰਦਰ ਸਿੰਘ



ਸਿੱਖਾਂ ਦੀ ਆਵਾਜ਼ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਸਮੂਹ ਸੰਗਤਾਂ ਨੂੰ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਹਰਜਿੰਦਰ ਸਿੰਘ, ਸਪੋਕਸਮੈਨ ਸਿੱਖ ਕੋਆਰਡੀਨੇਸ਼ਨ ਕਮੇਟੀ ਯੂ ਐਸ ਏ

## ਵਾਸ਼ਿੰਗਟਨ ਦੀ ਨੈਸ਼ਨਲ ਸਿੱਖ ਡੇਅ ਪਰੇਡ ਸਿੱਖਾਂ 'ਚ ਅਹਿਮ ਸਥਾਨ ਰੱਖਦੀ ਹੈ : ਸ੍ਰ. ਗੁਰਦੇਵ ਸਿੰਘ ਕੰਗ



ਨਿਊਯਾਰਕ ਦੀਆਂ ਸਿੱਖ ਸੰਗਤਾਂ ਵਲੋਂ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ ਅਤੇ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ੍ਰ. ਗੁਰਦੇਵ ਸਿੰਘ ਕੰਗ
ਹਿਊਮਨ ਰਾਇਟਸ ਕਮਿਸ਼ਨਰ
ਨਿਊਯਾਰਕ

## ਸਿੱਖਾਂ ਦਾ ਹੁਣ ਆਪਣੇ ਘਰ ਬਿਨਾਂ ਅਤੇ ਮੁਕੰਮਲ ਅਜ਼ਾਦੀ ਤੋਂ ਵਗੈਰ ਕੋਈ ਹੱਲ ਨਹੀਂ



ਵਾਸ਼ਿੰਗਟਨ ਤੋਂ ਕੌਮ ਦੀ ਅੰਤਰਾਸ਼ਟਰੀ ਆਵਾਜ਼ ਖਾਲਿਸਤਾਨ ਅਫੇਅਰ ਸੈਂਟਰ ਵਲੋਂ ਅਮਰੀਕਾ 'ਚ ਵਸਦੇ ਸਮੂਹ ਸਿੱਖਾਂ ਨੂੰ ਸਿੱਖ ਕੌਮ ਦੀ ਕੀਤੀ ਗਈ ਨਸਲਕੁਸ਼ੀ ਦੀ 42ਵੀਂ ਵਰ੍ਹੇਗੰਢ ਉਪਰ ਅਤੇ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਸਮੂਹ ਸੰਗਤਾਂ ਨੂੰ ਪਹੁੰਚਣ ਦੀ ਬੇਨਤੀ।

ਡਾ: ਅਮਰਜੀਤ ਸਿੰਘ ਖਾਲਿਸਤਾਨ ਅਫੇਅਰ ਸੈਂਟਰ,
ਵਾਸ਼ਿੰਗਟਨ ਡੀ.ਸੀ.

## ਸਿੱਖ ਕਲਚਰ, ਸੁਸਾਇਟੀ ਨਿਊਯਾਰਕ ਦੇ ਪ੍ਰਧਾਨ ਸ੍ਰ. ਦਵਿੰਦਰ ਸਿੰਘ ਬੋਪਾਰਾਏ ਵਲੋਂ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 8ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਦਵਿੰਦਰ ਸਿੰਘ ਬੋਪਾਰਾਏ
ਪ੍ਰਧਾਨ ਸਿੱਖ ਕਲਚਰਲ, ਰਿਚਮੰਡ ਹਿੱਲ,
ਨਿਊਯਾਰਕ

## ਡਾ. ਪ੍ਰਿਤਪਾਲ ਸਿੰਘ ਵਲੋਂ ਸਿੱਖ ਡੇਅ ਪਰੇਡ 'ਚ ਪਹੁੰਚਣ ਦਾ ਸੱਦਾ



ਪੂਰੇ ਭਾਰਤ ਵਿਚ ਸਿੱਖਾਂ ਦੀ ਨਸਲਕੁਸ਼ੀ ਨੂੰ 42 ਸਾਲ ਹੋ ਗਏ। ਕਿਸੇ ਸਰਕਾਰ ਅਤੇ ਕਿਸੇ ਭਾਰਤੀ ਅਦਾਲਤ ਨੇ ਸਿੱਖਾਂ ਨੂੰ ਇਨਸਾਫ਼ ਨਹੀਂ ਦਿੱਤਾ। ਸਿੱਖਾਂ ਦੇ ਕਾਤਲ ਉਚ ਅਹੁਦਿਆਂ 'ਤੇ ਬਿਰਾਜਮਾਨ ਹਨ ਅਤੇ ਹੁਣ ਵਿਦੇਸ਼ਾਂ 'ਚ ਸਿੱਖਾਂ ਲਈ ਇਨਸਾਫ਼ ਮੰਗਣ ਵਾਲੇ ਆਗੂਆਂ ਦੇ ਕਤਲ ਕੀਤੇ ਜਾ ਰਹੇ ਹਨ। ਇਸ ਇਤਿਹਾ ਨੂੰ ਠੱਲ੍ਹ ਪਾਉਣ ਲਈ ਪੂਰੀ ਕੌਮ ਨੂੰ ਇਕ ਝੰਡੇ ਹੇਠ ਇਕੱਠੇ ਹੋ ਕੇ ਕੌਮ ਦੀ ਮੁਕੰਮਲ ਅਜ਼ਾਦੀ ਦੀ ਗੱਲ ਕਰਨੀ ਚਾਹੀਦੀ ਹੈ।

ਡਾ. ਪ੍ਰਿਤਪਾਲ ਸਿੰਘ ਕੋਆਰਡੀਨੇਟਰ,
ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ



ਸ਼੍ਰੋਮਣੀ ਅਕਾਲੀ ਦਲ ਅਮਰੀਕਾ ਵਲੋਂ ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ ਸਿੱਖ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਸੁਰਜੀਤ ਸਿੰਘ ਕੁਲਾਰ
ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਮਰੀਕਾ



ਅਮਰੀਕੀ ਦੀਆਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ ਸਿੱਖਾਂ ਦੀ ਮੁਕੰਮਲ ਅਜ਼ਾਦੀ ਲਈ ਇਕ ਝੰਡੇ ਹੇਠ ਇਕੱਠੇ ਹੋਣ ਦੀ ਅਪੀਲ।

ਸ੍ਰ. ਬੂਟਾ ਸਿੰਘ ਖਰੋਦ,
ਕਨਵੀਨਰ ਸ਼੍ਰੋਮਣੀ ਅਕਾਲੀ ਦਲ ਅਮਰੀਕਾ



ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ ਸਿੱਖ ਕੌਮ ਦੀ ਅਜ਼ਾਦੀ ਲਈ ਸਮੂਹ ਸਿੱਖ ਜਗਤ ਨੂੰ ਇਕ ਝੰਡੇ ਹੇਠ ਇਕੱਠੇ ਹੋਣ ਦਾ ਸੱਦਾ।

ਸ੍ਰ. ਜਸਵੰਤ ਸਿੰਘ ਹੋਠੀ, ਪ੍ਰਧਾਨ
ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਮਰੀਕਾ



9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ।

ਡਾ. ਹਰਦਮ ਸਿੰਘ ਆਜ਼ਾਦ



ਸਿੱਖਾਂ ਦਾ ਆਜ਼ਾਦੀ ਬਿਨਾਂ ਕੋਈ ਹੱਲ ਨਹੀਂ

ਪੂਰੇ ਭਾਰਤ ਵਿਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਪਰ ਅੱਜ ਤੱਕ ਕਿਸੇ ਸਿੱਖ ਨੂੰ ਇਨਸਾਫ਼ ਨਹੀਂ ਮਿਲਿਆ। ਸਿੱਖਾਂ ਦੀਆਂ ਧੀਆਂ ਭੈਣ ਨਾਲ ਤਿੰਨ ਦਿਨ ਬਲਾਤਕਾਰ ਕੀਤਾ ਗਿਆ ਅਤੇ ਸਿੱਖਾਂ ਨੂੰ ਜਿਉਂਦੇ ਸਾੜਿਆ ਗਿਆ ਅਤੇ ਸਿੱਖਾਂ ਨੂੰ ਅੱਜ ਤੱਕ ਕੋਈ ਇਨਸਾਫ਼ ਨਹੀਂ ਮਿਲਿਆ। ਸਿੱਖਾਂ ਦਾ ਆਪਣੇ ਘਰ ਬਿਨਾਂ ਕੋਈ ਹੱਲ ਨਹੀਂ।

ਡਾ. ਬਖਸ਼ੀਸ਼ ਸਿੰਘ ਸੰਧੂ (SFJ)
ਕੌਂਸਲ ਆਫ ਖਾਲਿਸਤਾਨ



327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ। 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ।

ਸ. ਬਲਜਿੰਦਰ ਸਿੰਘ
ਬਰਾੜ ਨਿਊਜਰਸੀ



ਸਿੱਖਾਂ ਦੀ ਆਵਾਜ਼ ਸ੍ਰ. ਬਲਵਿੰਦਰ ਸਿੰਘ ਚੱਠਾ ਵਰਜੀਨੀਆ ਵਲੋਂ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਬਲਵਿੰਦਰ ਸਿੰਘ ਚੱਠਾ
ਵਰਜੀਨੀਆ




9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ। 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਭਗਤ ਸਿੰਘ ਪੈਨਸਿਲਵੇਨੀਆ



ਅਮਰੀਕਾ ਦੀਆਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਬਲਾਕਾ ਸਿੰਘ ਨਿਊਯਾਰਕ



327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਿਤ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਵਲੋਂ 9ਵੀਂ ਨੈਸ਼ਨਲ ਸਿੱਖ ਪਰੇਡ ਯੂਐਸਏ ਵਿਖੇ ਹੋ ਰਹੇ ਸਮਾਗਮ 'ਚ ਸਮੂਹ ਸੰਗਤਾਂ ਪਰਿਵਾਰ ਸਮੇਤ ਪਹੁੰਚਣ ਦੀ ਕ੍ਰਿਪਾਲਤਾ ਕਰਨ।

ਸ੍ਰ. ਦਲਜਿੰਦਰ ਸਿੰਘ ਨਿਊਯਾਰਕ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ ਸਿੱਖ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਦਵਿੰਦਰ ਸਿੰਘ ਬਦੇਸ਼ਾ, ਵਰਜੀਨੀਆ



ਪੂਰੇ ਭਾਰਤ ਵਿਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਪਰ ਅੱਜ ਤੱਕ ਕਿਸੇ ਸਿੱਖ ਨੂੰ ਇਨਸਾਫ਼ ਨਹੀਂ ਮਿਲਿਆ। 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀ ਸੰਗਤ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਹਰਚਰਨ ਸਿੰਘ ਪੈਨਸਿਲਵੇਨੀਆ



ਵਰਜੀਨੀਆ ਦੀ ਸੰਗਤ ਵਲੋਂ ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਦਵਿੰਦਰ ਸਿੰਘ ਦਿਓ ਵਰਜੀਨੀਆ




ਨਿਊਜਰਸੀ ਦੀਆਂ ਸਿੱਖ ਸੰਗਤਾਂ ਵਲੋਂ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ ਅਤੇ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ੍ਰ. ਪ੍ਰਦੀਪ, ਸਿੰਘ ਖਾਲਸਾ, ਨਿਊਜਰਸੀ



ਮੈਰੀਲੈਂਡ ਦੀਆਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਬਖਸ਼ੀਸ਼ ਸਿੰਘ ਮੈਰੀਲੈਂਡ



ਯੂਨਾਈਟਿਡ ਸਿੱਖ ਵਲੋਂ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਿਤ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਵਲੋਂ 9ਵੀਂ ਨੈਸ਼ਨਲ ਸਿੱਖ ਪਰੇਡ ਯੂਐਸਏ ਵਿਖੇ ਹੋ ਰਹੇ ਸਮਾਗਮ 'ਚ ਸੰਗਤਾਂ ਪਰਿਵਾਰ ਸਮੇਤ ਪਹੁੰਚਣ ਦੀ ਕ੍ਰਿਪਾਲਤਾ ਕਰਨ।

ਸ੍ਰ. ਹਰਦਿਆਲ ਸਿੰਘ, ਯੂਨਾਈਟਿਡ ਸਿੱਖ



327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ। 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ।

ਸ੍ਰ. ਹਰਮਿੰਦਰ ਸਿੰਘ ਆਹਲੂਵਾਲੀਆ ਨਿਊਯਾਰਕ



327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ। 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ੍ਰ. ਜਾਫੀ ਸਿੰਘ ਇੰਡੀਆਨਾ



ਸਿੱਖ ਯੂਥ ਆਫ ਅਮਰੀਕਾ ਵਲੋਂ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਜਸਵੀਰ ਸਿੰਘ,
ਸਿੱਖ ਯੂਥ ਆਫ ਅਮਰੀਕਾ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਜਤਿੰਦਰ ਸਿੰਘ ਖੱਟੜਾ
ਨਿਊਜਰਸੀ



ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ। ਸਿੱਖਾਂ ਦੀਆਂ ਧੀਆਂ ਭੈਣ ਨਾਲ ਤਿੰਨ ਦਿਨ ਬਲਾਤਕਾਰ ਕੀਤਾ ਗਿਆ ਪਰ ਸਿੱਖਾਂ ਨੂੰ ਅੱਜ ਤੱਕ ਕੋਈ ਇਨਸਾਫ਼ ਨਹੀਂ ਮਿਲਿਆ।

ਸ੍ਰ. ਜੋਗਰਾਜ ਸਿੰਘ ਨਿਊਜਰਸੀ



ਭਾਰਤ ਵਿਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਪਰ ਅੱਜ ਤੱਕ ਕਿਸੇ ਸਿੱਖ ਨੂੰ ਇਨਸਾਫ਼ ਨਹੀਂ ਮਿਲਿਆ। 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀ ਸੰਗਤ ਵਧਾਈ।

ਸ੍ਰ. ਕੇਵਲ ਸਿੰਘ ਸੰਧੂ, ਫਿਲਾਡੇਲਫੀਆ



ਸਿੱਖਾਂ ਦੀ ਆਵਾਜ਼ ਸ੍ਰ. ਸਤਨਾਮ ਸਿੰਘ ਵਿਰਕ ਨਿਊਜਰਸੀ ਵਲੋਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ।

ਸ੍ਰ. ਸਤਨਾਮ ਸਿੰਘ ਵਿਰਕ
ਕਾਰਟਰੇਟ ਨਿਊਜਰਸੀ



327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ। 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ੍ਰ. ਸਵਰਨਜੀਤ ਸਿੰਘ ਖਾਲਸਾ
ਸਿਟੀ ਕੌਂਸਲਰ



9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਅਵਤਾਰ ਸਿੰਘ ਪੰਨੂ (SFJ)



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਨਵਤੇਜ ਸਿੰਘ ਤੇਜੀ ਪੈਨਸਿਲਵੇਨੀਆ



ਅਮਰੀਕੀ ਦੀਆਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ। 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਪ੍ਰਿਤਪਾਲ ਸਿੰਘ ਖਾਲਸਾ
ਨਿਊਜਰਸੀ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਰਾਜਵਿੰਦਰ ਸਿੰਘ ਬਦੇਸ਼ਾ ਨਿਊਜਰਸੀ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਸੰਤੋਖ ਸਿੰਘ ਇੰਡੀਆਨਾ



ਸ੍ਰ. ਸਰਵਣ ਸਿੰਘ ਨਿਊਜਰਸੀ ਵਲੋਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਸਰਵਣ ਸਿੰਘ ਨਿਊਜਰਸੀ



9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ। 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ।

ਸ੍ਰ. ਊਧਮ ਸਿੰਘ ਵਰਜੀਨੀਆ



ਨਿਊਯਾਰਕ ਦੀਆਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਕੁਲਵੰਤ ਸਿੰਘ ਦਿਓਲ ਨਿਊਯਾਰਕ






ਸਿੱਖਾਂ ਦੀ ਆਵਾਜ਼ ਸ੍ਰ. ਸੱਜਣ ਸਿੰਘ ਨਿਊਯਾਰਕ ਵਲੋਂ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਸੱਜਣ ਸਿੰਘ ਨਿਊਯਾਰਕ



9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ। 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਜੋਗਾ ਸਿੰਘ ਨਿਊਜਰਸੀ



ਸਿੱਖ ਕੌਮ ਦੀ ਆਵਾਜ਼ ਸ੍ਰ. ਬਲਵਿੰਦਰ ਸਿੰਘ ਨਿਊਯਾਰਕ ਵਲੋਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ।

ਸ੍ਰ. ਬਲਵਿੰਦਰ ਸਿੰਘ ਨਿਊਯਾਰਕ



ਨਿਊਯਾਰਕ ਦੀਆਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਦਲੇਰ ਸਿੰਘ ਨਿਊਯਾਰਕ



ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਸਵਿੰਦਰ ਸਿੰਘ
ਪ੍ਰਧਾਨ ਸਿੰਘ ਸਭਾ ਗਲੈਨਰਾਕ, ਨਿਊਜਰਸੀ



ਸ੍ਰ. ਬੂਟਾ ਸਿੰਘ ਚੀਮਾ ਨਿਊਯਾਰਕ ਵਲੋਂ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ।

ਸ੍ਰ. ਬੂਟਾ ਸਿੰਘ ਚੀਮਾ ਨਿਊਯਾਰਕ



327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ। 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ੍ਰ. ਗੁਰਮੇਲ ਸਿੰਘ, ਨਿਊਯਾਰਕ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਜਿੰਦਰ ਸਿੰਘ, ਨਿਊਯਾਰਕ



ਅਮਰੀਕੀ ਦੀਆਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ। 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਕੇਵਲ ਸਿੰਘ ਨਿਊਜਰਸੀ



9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਮਹਿਤਾਬ ਸਿੰਘ ਵਰਜੀਨੀਆ



9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ। 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ।

ਸ੍ਰ. ਲਾਲ ਸਿੰਘ, ਪੈਨਸਿਲਵੇਨੀਆ



327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ। 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਤੇ ਨਿਧੜਕ ਹੋ ਕੇ ਕੌਮ ਲਈ ਅਵਾਜ਼ ਉਠਾਉਣ ਦਾ ਸੱਦਾ।

ਸ੍ਰ. ਟਹਿਲ ਸਿੰਘ, ਨਿਊਯਾਰਕ



ਅਮਰੀਕੀ ਦੀਆਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ। 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਕੁਲਦੀਪ ਸਿੰਘ ਨਿਊਯਾਰਕ



ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਪਰਮਿੰਦਰ ਸਿੰਘ ਬਿੱਲਾ ਨਿਊਯਾਰਕ



ਸ੍ਰ. ਸਵਿੰਦਰ ਸਿੰਘ ਮੈਰੀਲੈਂਡ ਵਲੋਂ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ। 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ।

ਸ੍ਰ. ਸਵਿੰਦਰ ਸਿੰਘ ਮੈਰੀਲੈਂਡ



9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਨਰਿੰਦਰ ਸਿੰਘ ਵਰਜੀਨੀਆ



ਸਿੱਖਾਂ ਨੂੰ ਜਿਉਂਦੇ ਸਾੜਿਆ ਗਿਆ ਅਤੇ ਸਿੱਖਾਂ ਨੂੰ ਅੱਜ ਤੱਕ ਕੋਈ ਇਨਸਾਫ਼ ਨਹੀਂ ਮਿਲਿਆ। 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀ ਸੰਗਤ ਵਧਾਈ।

ਸ੍ਰ. ਇੰਦਰਜੀਤ ਸਿੰਘ, ਪ੍ਰਧਾਨ
ਗੁਰਦੁਆਰਾ ਦਸਮੇਸ਼ ਦਰਬਾਰ, ਕਾਟਰੇਟ ਨਿਊਜਰਸੀ



ਨਿਊਯਾਰਕ ਦੀਆਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।

ਸ੍ਰ. ਕੁਲਦੀਪ ਸਿੰਘ ਖਾਲਸਾ, ਨਿਊਯਾਰਕ



ਸ੍ਰ. ਰਾਜਿੰਦਰ ਸਿੰਘ ਨਿਊਯਾਰਕ ਵਲੋਂ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ 327ਵੇਂ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ।

ਸ੍ਰ. ਰਾਜਿੰਦਰ ਸਿੰਘ ਨਿਊਯਾਰਕ



ਅਮਰੀਕੀ ਦੀਆਂ ਸਮੂਹ ਸਿੱਖ ਸੰਗਤਾਂ ਨੂੰ 9ਵੀਂ ਨੈਸ਼ਨਲ ਸਿੱਖ ਡੇਅ ਪਰੇਡ ਵਾਸ਼ਿੰਗਟਨ ਡੀਸੀ ਵਿਖੇ ਪਹੁੰਚਣ ਦੀ ਬੇਨਤੀ ਅਤੇ ਸਿੱਖਾਂ ਦੀ ਮੁਕੰਮਲ ਅਜ਼ਾਦੀ ਲਈ ਇਕ ਝੰਡੇ ਹੇਠ ਇਕੱਠੇ ਹੋਣ ਦੀ ਅਪੀਲ।

ਸ੍ਰ. ਕੁਲਵੰਤ ਸਿੰਘ ਮਿਆਣੀ ਨਿਊਯਾਰਕ




# 327ਵੇਂ ਖਾਲਸਾ ਸਾਜਨਾ ਦਿਵਸ (ਵਿਸਾਖੀ) ਨੂੰ ਸਮਰਪਿਤ

## ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਵੱਲੋਂ

ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਪੰਥਕ ਜਥੇਬੰਦੀਆਂ ਅਤੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਨੂੰ ਨੈਸ਼ਨਲ ਸਿੱਖ ਡੇਅ ਵਜੋਂ ਮਨਾਉਣ ਅਤੇ ਸਥਾਪਤ ਕਰਨ ਲਈ


## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿਚ

# 9ਵੀਂ ਨੈਸ਼ਨਲ ਸਿੱਖ ਡੇਅ (ਯੂ.ਐਸ.ਏ.)

**SIKH FREEDOM MARCH**
**Washington D.C.**


ਸ਼ਨਿਚਰਵਾਰ 4 ਅਪਰੈਲ 2026 ਨੂੰ
ਕੈਪੀਟਲ ਹਿੱਲ ਵਾਸ਼ਿੰਗਟਨ ਡੀ. ਸੀ. ਵਿਖੇ ਪਰੇਡ ਦੀ ਅਰੰਭਤਾ ਤੋਂ ਪਹਿਲਾਂ
-20th Street & Constitution Ave ਉੱਪਰ-ਦੀਵਾਨ ਦੀ ਸ਼ੁਰੂਆਤ 10 ਵਜੇ ਸਵੇਰੇ
-ਪਰੇਡ ਦੁਪਹਿਰ 12 ਵਜੇ ਸ਼ੁਰੂ ਹੋਵੇਗੀ।
ਉਪਰੰਤ 3 ਵਜੇ CAPITOL HILL ਦੇ ਸਾਹਮਣੇ ਸਟੇਜ ਲੱਗੇਗੀ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ



ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ, ਕਨਕ ਕਟਿਕ ਜਲ ਤਰੰਗ ਜੈਸਾ॥
STROLLERS
ਜੋੜਾ ਘਰ
ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 649ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ
26ਵਾਂ ਮਹਾਨ ਨਗਰ ਕੀਰਤਨ
ਐਤਵਾਰ 8 ਮਾਰਚ 2026 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ
ਵਿਖੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸਜਾਇਆ ਜਾ ਰਿਹਾ ਹੈ।
ਆਪ ਜੀ ਨੂੰ ਪਰਿਵਾਰਾਂ ਸਮੇਤ ਨਗਰ ਕੀਰਤਨ ਵਿਚ ਹਾਜ਼ਰੀ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ।
ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਦਹਾਕਿਆਂ ਤੋਂ ਕੌਮ ਦੀ ਸਮਾਜ ਦੀ ਸੇਵਾ ਕਰਦੇ ਆ ਰਹੇ ਅਮਰੀਕਾ ਦੇ ਉਘੇ ਬਿਜ਼ਨਸਮੈਨ
ਸ੍ਰੀ ਰਾਮ ਸਰੋਏ, ਸ੍ਰੀ ਸਤਿੰਦਰ ਸਰੋਏ ਅਤੇ ਸਰੋਏ ਪਰਿਵਾਰ
ਚੇਅਰਮੈਨ ਡਾਕਟਰ ਅੰਬੇਦਕਰ ਐਜੂਕੇਸ਼ਨ ਏਡ ਸੁਸਾਇਟੀ, ਸੀਨੀਅਰ ਸੁਪਰੀਮ ਕੌਂਸਲ ਮੈਂਬਰ
ਸ੍ਰੀ ਗੁਰੂ ਰਵੀਦਾਸ ਸਭਾ (ਯੂ.ਐਸ.ਏ.) ਸਾਬਕਾ ਚੇਅਰਮੈਨ ਸ੍ਰੀ ਗੁਰੂ ਰਵੀਦਾਸ ਸਭਾ ਬੇ-ਏਰੀਆ ਕੈਲੀਫੋਰਨੀਆ

# ਖਾਮਨੇਈ ਮਗਰੋਂ ਈਰਾਨ ਦਾ ਭਵਿੱਖ



ਇਜ਼ਰਾਈਲ ਨੇ ਅਮਰੀਕਾ ਨਾਲ ਸਾਂਝੀ ਮੁਹਿੰਮ ਵਿਚ ਈਰਾਨ 'ਤੇ ਧਾਵਾ ਬੋਲ ਹੀ ਦਿੱਤਾ। ਹਮਲੇ ਦੇ ਸ਼ੁਰੂਆਤੀ ਦੌਰ ਵਿਚ ਹੀ ਈਰਾਨ ਦੇ ਸਿਖਰਲੇ ਨੇਤਾ ਅਯਾਤੁੱਲਾ ਖਾਮਨੇਈ ਦੀ ਮੌਤ ਕਾਰਨ ਦੋਵਾਂ ਦੇਸ਼ਾਂ ਨੇ ਆਪਣੇ ਇਰਾਦੇ ਪੂਰੀ ਤਰ੍ਹਾਂ ਜ਼ਾਹਰ ਕਰ ਦਿੱਤੇ ਸਨ। ਸਪਸ਼ਟ ਹੈ ਕਿ ਉਨ੍ਹਾਂ ਨੇ ਈਰਾਨ ਵਿਚ ਤਬਾਹੀ ਹੀ ਨਹੀਂ, ਬਲਕਿ ਸੱਤਾ ਪਰਿਵਰਤਨ ਦੀ ਅੜੀ ਨੂੰ ਆਪਣਾ ਟੀਚਾ ਬਣਾ ਲਿਆ ਹੈ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਤਾਂ ਈਰਾਨ ਦੀ ਜਨਤਾ ਨੂੰ ਸੱਦਾ ਤੱਕ ਦੇ ਦਿੱਤਾ ਹੈ ਕਿ ਆਪਣੇ ਦੇਸ਼ ਦੀ ਕਮਾਨ ਆਪਣੇ ਹੱਥ ਵਿਚ ਲਓ ਅਤੇ ਅਜਿਹਾ ਮੌਕਾ ਫਿਰ ਪਤਾ ਨਹੀਂ ਕਦੋਂ ਮਿਲੇ। ਦੇਖਿਆ ਜਾਵੇ ਤਾਂ ਈਰਾਨ 'ਤੇ ਇਹ ਹਮਲਾ ਕਿਸੇ ਵੱਡੇ ਖ਼ਤਰੇ ਤੋਂ ਜ਼ਿਆਦਾ ਅਮਰੀਕੀ ਸੱਤਾ ਅਦਾਰੇ ਦੇ ਸਿਆਸੀ ਗੁਣਾ-ਭਾਗ, ਇਜ਼ਰਾਈਲ ਦੀਆਂ ਸੁਰੱਖਿਆ ਚਿੰਤਾਵਾਂ ਅਤੇ ਕਥਿਤ ਡੋਨਰੋ ਸਿਧਾਂਤ ਦੀਆਂ ਧਾਕੜ ਖ਼ਾਹਿਸ਼ਾਂ ਦਾ ਨਤੀਜਾ ਹੈ।

ਡੋਨਰੋ ਸਿਧਾਂਤ ਜ਼ਰੀਏ ਟਰੰਪ ਅਮਰੀਕੀ ਚੜ੍ਹਤ ਦਾ ਵਿਆਪਕ ਵਿਸਥਾਰ ਕਰਨਾ ਚਾਹੁੰਦੇ ਹਨ। ਇਸ ਸਾਲ ਦੀ ਸ਼ੁਰੂਆਤ ਵਿਚ ਵੈਨੇਜ਼ੁਏਲਾ ਵਿਚ ਤਖਤਾਪਲਟ ਅਤੇ ਗ੍ਰੀਨਲੈਂਡ ਨੂੰ ਲੈ ਕੇ ਸਖ਼ਤ ਤੇਵਰ ਇਸੇ ਰਣਨੀਤੀ ਦਾ ਹਿੱਸਾ ਰਹੇ ਹਨ। ਇਸੇ ਲੜੀ ਵਿਚ ਹੁਣ ਈਰਾਨ 'ਤੇ ਵੱਡਾ ਹਮਲਾ ਕੀਤਾ ਗਿਆ ਹੈ। ਹੁਣ ਅਮਰੀਕੀ ਏਜੰਡਾ ਈਰਾਨ ਵਿਚ ਸੱਤਾ ਤਬਦੀਲੀ ਦਾ ਭਾਵੇਂ ਹੋਵੇ ਪਰ ਇਤਿਹਾਸ ਗਵਾਹ ਹੈ ਕਿ ਜਿੱਥੇ ਸਮਾਜ, ਸੈਨਾ ਅਤੇ ਰਾਜ ਸੱਤਾ ਦੀਆਂ ਜੜ੍ਹਾਂ ਡੂੰਘੀਆਂ ਹੋਣ, ਉੱਥੇ ਸਿਰਫ਼ ਬਾਹਰਲੀ ਬੰਬਾਰੀ ਨਾਲ ਸੱਤਾ ਦੀ ਬਣਤਰ ਨੂੰ ਨਹੀਂ ਬਦਲਿਆ ਜਾ ਸਕਦਾ।

ਖਾਮਨੇਈ ਦੀ ਮੌਤ ਦੇ ਸਿਲਸਿਲੇ ਵਿਚ ਟਰੰਪ ਪ੍ਰਸ਼ਾਸਨ ਸਿਖਰਲੀ ਲੀਡਰਸ਼ਿਪ ਦੇ ਸਫ਼ਾਏ ਅਤੇ ਹਕੀਕੀ ਸੱਤਾ ਤਬਦੀਲੀ ਵਿਚਾਲੇ ਫ਼ਰਕ ਨੂੰ ਜਾਂ ਤਾਂ ਸਮਝ ਨਹੀਂ ਸਕਿਆ ਜਾਂ ਫਿਰ ਉਸ ਦੀ ਅਣਦੇਖੀ ਕਰ ਰਿਹਾ ਹੈ। ਚੇਤੇ ਰਹੇ ਕਿ ਈਰਾਨੀ ਇਸਲਾਮੀ ਗਣਰਾਜ ਕੋਈ ਇਕ ਵਿਅਕਤੀ ਦੀ ਤਾਨਾਸ਼ਾਹੀ ਨਹੀਂ ਸਗੋਂ ਸਮਾਨਾਂਤਰ ਸੰਸਥਾਵਾਂ ਵਾਲਾ ਇਕ ਹਾਈਬ੍ਰਿਡ ਮਾਡਲ ਹੈ। ਇਹ ਮਾਡਲ ਸਰਬਉੱਚ ਨੇਤਾ ਉੱਪਰ ਸਿਧਾਂਤਕ ਵੈਧਤਾ ਦੇ ਛਤਰ ਹੇਠਾਂ ਰੈਵੋਲਿਊਸ਼ਨਰੀ ਗਾਰਡਜ਼ ਯਾਨੀ ਆਈਆਰਜੀਸੀ, ਬਸੀਜ ਮਿਲਸ਼ੀਆ, ਗਾਰਜੀਅਨ ਕੌਂਸਲ, ਮਾਹਰ ਸਭਾ, ਨਿਆਪਾਲਿਕਾ ਅਤੇ ਵਿਸ਼ਾਲ ਧਾਰਮਿਕ-ਆਰਥਿਕ ਟਰੱਸਟਾਂ ਦੇ ਜਾਲ? ਨਾਲ ਮਿਲ ਕੇ ਬਣਦਾ ਹੈ।

ਇਹ ਰਾਜਨੀਤਕ, ਆਰਥਿਕ ਅਤੇ ਸਮਾਜਿਕ ਪਹਿਲੂਆਂ 'ਤੇ ਨਿਯੰਤਰਣ ਰੱਖਦੇ ਹੋਏ ਦਮਨ ਦਾ ਸਹਾਰਾ ਵੀ ਲੈਂਦਾ ਹੈ। ਇਸ ਬਣਤਰ ਦੇ ਇਕ ਸਿਰੇ ਨੂੰ ਉਡਾ ਦੇਣ ਨਾਲ ਹੀ ਇਹ ਸਮਾਪਤ ਨਹੀਂ ਹੁੰਦੀ ਬਲਕਿ ਹੋਰ ਖ਼ਤਰਨਾਕ ਰੂਪ ਵੀ ਲੈ ਲੈਂਦੀ ਹੈ। ਵਰਤਮਾਨ ਹਾਲਾਤ ਵਿਚ ਈਰਾਨ ਵਿਚ ਜੋ ਸੰਭਾਵੀ ਮੁਹਾਂਦਰੇ ਆਕਾਰ ਲੈਂਦੇ ਦਿਸ ਰਹੇ ਹਨ, ਉਨ੍ਹਾਂ ਵਿਚ ਸੰਭਵ ਹੈ ਕਿ ਕਿਸੇ ਪ੍ਰਤੀਕਾਤਮਕ ਧਰਮ-ਗੁਰੂ ਨੂੰ ਕੇਂਦਰ ਵਿਚ ਰੱਖਦੇ ਹੋਏ ਆਈਆਰਜੀਸੀ ਹੀ ਕਮਾਨ ਆਪਣੇ ਹੱਥ ਵਿਚ ਲੈ ਲਵੇ। ਇਸ ਤਰ੍ਹਾਂ ਮੁੱਲਾ-ਰਾਜ ਦੀ ਜਗ ?ਹਾ ਫ਼ੌਜੀ ਰਾਜ ਸ਼ੁਰੂ ਹੋਵੇਗਾ ਅਤੇ ਵਿਵਸਥਾਗਤ ਤਾਨਾਸ਼ਾਹੀ ਜਿਵੇਂ ਦੀ ਤਿਵੇਂ ਰਹੇਗੀ। ਦੂਜੇ ਮੁਹਾਂਦਰੇ ਵਿਚ ਸੰਭਵ ਹੈ ਕਿ ਆਈਆਰਜੀਸੀ ਦੇ ਅੰਦਰ ਮਜ਼ਹਬੀ ਤਾਕਤਾਂ ਅਤੇ ਪ੍ਰਾਂਤੀ ਕਮਾਂਡਰਾਂ ਵਿਚਾਲੇ ਲੰਬੀ ਖਿੱਚੋਤਾਣ ਅਤੇ ਧੜੇਬਾਜ਼ੀ ਵਾਲੇ ਟਕਰਾਅ ਦੀ ਸਥਿਤੀ ਬਣੇ ਜਿਸ ਵਿਚ ਅਸਪਸ਼ਟ ਸੱਤਾ ਸਾਂਝੇਦਾਰੀ ਅਤੇ ਹਿੰਸਕ ਅਸਥਿਰਤਾ ਕਾਇਮ ਰਹਿ ਸਕਦੀ ਹੈ। ਤੀਜੀ ਸਥਿਤੀ ਲੋਕ-ਬਗ਼ਾਵਤ ਵੀ ਦਿਸਦੀ ਹੈ ਜਿਸ ਵਿਚ ਜਨਵਰੀ ਵਿਚ ਹੋਏ ਵਿਆਪਕ ਰੋਸ ਮੁਜ਼ਾਹਰਿਆਂ ਅਤੇ ਹੁਣ ਖਾਮਨੇਈ ਦੀ ਹੱਤਿਆ ਤੋਂ ਉਪਜੀਆਂ ਭਾਵਨਾਵਾਂ ਦੇ ਬਲਬੂਤੇ ਕੋਈ ਨਵਾਂ ਸਿਆਸੀ ਸੰਤੁਲਨ ਬਣਾਉਣ ਦੀ ਜਗ੍ਹਾ ਹੋ ਸਕਦੀ ਹੈ। ਹਾਲਾਂਕਿ ਸੰਗਠਨਾਤਮਕ ਢਾਂਚੇ ਦੀ ਘਾਟ ਅਤੇ ਅਗਵਾਈ ਦੇ ਪੱਧਰ 'ਤੇ ਇਹ ਸੰਭਾਵਨਾ ਕਮਜ਼ੋਰ ਹੀ ਦਿਸਦੀ ਹੈ। ਚੌਥੀ ਸਥਿਤੀ ਚੁਫੇਰੇ ਹਫੜਾ-ਦਫੜੀ ਫੈਲਣ ਦੀ ਵੀ ਹੋ ਸਕਦੀ ਹੈ। ਹਾਲਾਂਕਿ ਇਸ ਦੇ ਆਸਾਰ ਹਾਲੇ ਬਹੁਤ ਘੱਟ ਦਿਸਦੇ ਹਨ ਪਰ ਜੇ ਅਜਿਹਾ ਹੋਇਆ ਤਾਂ ਖੇਤਰੀ ਅਤੇ ਆਲਮੀ ਵਿਵਸਥਾ ਲਈ ਇਸ ਦੇ ਨਤੀਜੇ ਬਹੁਤ ਘਾਤਕ ਹੋਣਗੇ। ਪੁਰਾਣੇ ਤਜਰਬੇ ਇਹੀ ਦੱਸਦੇ ਹਨ ਕਿ ਹਵਾਈ ਹਮਲਿਆਂ ਨਾਲ ਪਰਮਾਣੂ ਟਿਕਾਣੇ ਤਬਾਹ ਕੀਤੇ ਜਾ ਸਕਦੇ ਹਨ, ਵਿਰੋਧੀ ਫ਼ੌਜ ਦੀ ਤਾਕਤ ਘੱਟ ਕੀਤੀ ਜਾ ਸਕਦੀ ਹੈ, ਨੇਤਾਵਾਂ ਦੀ ਹੱਤਿਆ ਕੀਤੀ ਜਾ ਸਕਦੀ ਹੈ ਪਰ ਸਬੰਧਤ ਮੁਲਕ ਦੀ ਅੰਦਰੂਨੀ ਸਿਆਸੀ ਬਣਤਰ ਨੂੰ ਪੂਰੀ ਤਰ੍ਹਾਂ ਨਹੀਂ ਬਦਲਿਆ ਜਾ ਸਕਦਾ। ਲੀਬੀਆ ਨੂੰ ਛੱਡ ਕੇ ਕੋਈ ਮਿਸਾਲ ਯਾਦ ਨਹੀਂ ਆਉਂਦੀ ਜਿੱਥੇ ਸਿਰਫ਼ ਹਵਾਈ ਹਮਲਿਆਂ ਅਤੇ ਸੀਮਤ ਜ਼ਮੀਨੀ ਦਖ਼ਲ ਨਾਲ ਸਥਿਰ ਅਤੇ ਲੋਕਤੰਤਰੀ ਸ਼ਾਸਨ ਵਿਵਸਥਾ ਸਥਾਪਤ ਹੋਈ ਹੋਵੇ।

ਹਾਲਾਂਕਿ ਅੱਜ ਉਹ ਵੀ ਬਦਇੰਤਜ਼ਾਮੀ ਦਾ ਸ਼ਿਕਾਰ ਹੈ। ਉਸ ਦੇ ਉਲਟ ਈਰਾਨ ਨੂੰ ਦੇਖੀਏ ਤਾਂ ਬਦਲੇ ਨੂੰ ਲੈ ਕੇ ਉਸ ਦਾ ਲੰਬਾ ਇਤਿਹਾਸ ਰਿਹਾ ਹੈ। ਉਹ ਉਮੀਦ ਮੁਤਾਬਕ ਸਾਧਨਾਂ ਨਾਲ ਭਰਪੂਰ ਵੀ ਹੈ। ਜਦ 1980-88 ਦੀ ਜੰਗ ਵਿਚ ਲੱਖਾਂ ਜਾਨਾਂ ਗੁਆ ਕੇ ਵੀ ਉਸ ਨੇ ਝੁਕਣ ਤੋਂ ਇਨਕਾਰ ਕਰ ਦਿੱਤਾ ਸੀ ਤਾਂ ਕੀ ਉਹ ਹੁਣ ਆਪਣੇ ਸਿਖਰਲੇ ਨੇਤਾ ਨੂੰ ਮਾਰ ਸੁੱਟੇ ਜਾਣ 'ਤੇ ਸਮਰਪਣ ਕਰ ਦੇਵੇਗਾ? ਈਰਾਨੀ ਸਮਾਜ ਦੀ ਅੰਦਰੂਨੀ ਹਾਲਤ ਵੀ ਕੁਝ ਹੋਰ ਕਹਾਣੀ ਕਹਿੰਦੀ ਹੈ।

ਸੰਨ 1979 ਤੋਂ ਬਾਅਦ ਪੈਦਾ ਹੋਈ ਤਿੰਨ-ਚੌਥਾਈ ਆਬਾਦੀ ਲਈ ਇਸਲਾਮੀ ਗਣਰਾਜ ਦਾ ਤਜਰਬਾ ਰਾਜਨੀਤਕ ਦਮਨ ਦੇ ਨਾਲ-ਨਾਲ ਸਮਾਜਿਕ ਅਤੇ ਆਰਥਿਕ ਨਿਯੰਤਰਣ ਦਾ ਵੀ ਰਿਹਾ ਹੈ। ਕੀ ਪਹਿਨੋ, ਕੀ ਸੁਣੋ, ਕੀ ਪੜ੍ਹੋ, ਕਿਸ ਨਾਲ ਪ੍ਰੇਮ ਕਰੋ, ਕਿਸ ਨਾਲ ਵਿਆਹ ਕਰੋ, ਇਨ੍ਹਾਂ ਸਭ 'ਤੇ ਨਿਗਰਾਨੀ ਹੈ।

ਇਸ ਦੀ ਪ੍ਰਤੀਕਿਰਿਆ ਵਿਚ ਇਹ ਸਮਾਜ ਅੱਜ ਪੱਛਮੀ ਏਸ਼ੀਆ ਵਿਚ ਕੁਝ ਸੈਕੂਲਰ ਦਿਸਦਾ ਹੈ। ਜਨਤਾ ਦੇ ਇਕ ਵਰਗ ਵਿਚ ਅਮਰੀਕਾ ਵਿਰੋਧੀ ਭਾਵਨਾਵਾਂ ਵੀ ਘੱਟ ਹਨ। ਇਸ ਦੇ ਬਾਵਜੂਦ ਅਸੰਤੋਸ਼ ਅਤੇ ਲੋਕਤੰਤਰੀ ਲਾਗ ਦਰਮਿਆਨ ਡੂੰਘਾ ਖੱਪਾ ਕਾਇਮ ਹੈ ਜਿਸ ਨੂੰ ਸਿਰਫ਼ ਬਾਹਰਲੀ ਬੰਬਾਰੀ ਨਾਲ ਹਟਾਇਆ ਨਹੀਂ ਜਾ ਸਕਦਾ।

ਈਰਾਨ ਨੇ ਬਹਿਰੀਨ, ਕਤਰ, ਕੁਵੈਤ ਅਤੇ ਯੂਏਈ ਵਿਚ ਅਮਰੀਕੀ ਫ਼ੌਜੀ ਟਿਕਾਣਿਆਂ 'ਤੇ ਹਮਲੇ ਕਰ ਕੇ ਆਪਣੀ ਬਦਲਾ ਲਊ ਸਮਰੱਥਾ ਦਾ ਸੰਕੇਤ ਦਿੱਤਾ ਹੈ ਅਤੇ ਹੋਰਮੁਜ ਸਟਰੇਟ ਵਿਚ ਤੇਲ ਦੀ ਆਵਾਜਾਈ 'ਤੇ ਗ੍ਰਹਿਣ ਲਗਾ ਦਿੱਤਾ ਹੈ। ਅਰਬ ਦੇਸ਼ਾਂ ਦੇ ਸ਼ਾਸਕ ਈਰਾਨੀ ਪ੍ਰਭਾਵ ਤੋਂ ਕਦੇ ਵੀ ਖ਼ੁਸ਼ ਨਹੀਂ ਰਹੇ ਕਿਉਂਕਿ ਉਨ੍ਹਾਂ ਨੂੰ ਸ਼ੰਕਾ ਸਤਾਉਂਦੀ ਰਹੀ ਹੈ ਕਿ ਅਰਾਜਕ ਈਰਾਨ ਪੂਰੀ ਪੱਛਮੀ ਏਸ਼ਿਆਈ ਵਿਵਸਥਾ ਨੂੰ ਅਸਥਿਰ ਕਰ ਦੇਵੇਗਾ।

ਤੇਲ ਬਾਜ਼ਾਰਾਂ ਵਿਚ ਹਲਚਲ, ਆਲਮੀ ਮਹਿੰਗਾਈ 'ਤੇ ਦਬਾਅ ਅਤੇ ਅਫ਼ਗਾਨਿਸਤਾਨ-ਇਰਾਕ-ਸੀਰੀਆ ਤੋਂ ਬਾਅਦ ਇਕ ਹੋਰ ਲੰਬੀ ਜੰਗ ਤੋਂ ਤੰਗ ਆ ਚੁੱਕੇ ਅਮਰੀਕੀ ਸਮਾਜ ਵਰਗੇ ਪਹਿਲੂ ਇਨ੍ਹਾਂ ਹਾਲਤਾਂ ਨੂੰ ਹੋਰ ਨਾਜ਼ੁਕ ਬਣਾ ਦਿੰਦੇ ਹਨ। ਬਦਲਾਂ ਦੀ ਗੱਲ ਕਰੀਏ ਤਾਂ ਸਥਿਤੀ ਬਹੁਤ ਸੁਖਾਵੀਂ ਨਹੀਂ ਦਿਸ ਰਹੀ। ਰਜ਼ਾ ਪਹਲਵੀ ਵਰਗੀ ਜਲਾਵਤਨੀ ਕੱਟ ਰਹੀ ਸ਼ਖ਼ਸੀਅਤ ਪ੍ਰਤੀਕਾਤਮਕ ਆਕਰਸ਼ਣ ਤਾਂ ਰੱਖਦੀ ਹੈ ਅਤੇ ਸੁਤੰਤਰ ਚੋਣਾਂ ਵਿਚ ਉਹ ਬਿਹਤਰ ਪ੍ਰਦਰਸ਼ਨ ਵੀ ਕਰ ਸਕੇ ਪਰ ਉਨ੍ਹਾਂ ਕੋਲ ਨਾ ਜ਼ਮੀਨੀ ਸੰਗਠਨ ਹੈ ਅਤੇ ਨਾ ਕੋਈ ਕਾਰਗਰ ਗੱਠਜੋੜ।

ਇਸ ਲਈ ਬਿਹਤਰ ਇਹੀ ਹੋਵੇਗਾ ਕਿ ਈਰਾਨ ਵਿਚ ਹਮਲਾਵਰ ਸੱਤਾ ਪਰਿਵਰਤਨ ਮੁਹਿੰਮ ਦੀ ਬਜਾਏ ਉੱਥੇ ਲੋਕ-ਸ਼ਕਤੀ, ਲੰਬੇ ਸਮੇਂ ਦੇ ਸੰਸਥਾਗਤ ਸੁਧਾਰ ਅਤੇ ਖੇਤਰੀ ਕੂਟਨੀਤੀ ਵਿਚਾਲੇ ਸੰਤੁਲਨ ਦੀ ਸੋਚ ਨੂੰ ਮਜ਼ਬੂਤ ਕੀਤਾ ਜਾਵੇ। ਈਰਾਨ ਵਿਚ ਸੱਤਾ ਪਰਿਵਰਤਨ ਦਾ ਹਕੀਕੀ ਪੜਾਅ ਜ਼ਰੂਰ ਆਵੇਗਾ ਪਰ ਗੱਲ ਉਦੋਂ ਬਣੇਗੀ ਜਦੋਂ ਪੜਾਅਬੱਧ ਅਤੇ ਅੰਦਰੂਨੀ ਪ੍ਰੇਰਨਾ ਤੋਂ ਉਪਜੇ। ਇਕਦਮ ਵਿਦੇਸ਼ੀ ਦਬਾਅ ਅਰਾਜਕਤਾ ਨੂੰ ਹੀ ਵਧਾਵੇਗਾ।

**-ਡਾ. ਮਨੀਸ਼ ਦਭਾਡੇ**

# ਜੰਗ ਕਾਰਨ ਵਧਿਆ ਤਣਾਅ



ਇਸ ਵੇਲੇ ਪੂਰਾ ਪੱਛਮੀ ਏਸ਼ੀਆ ਮਹਾਯੁੱਧ ਵਰਗੇ ਹਾਲਾਤ ਝੱਲ ਰਿਹਾ ਹੈ। ਈਰਾਨ ਬਨਾਮ ਇਜ਼ਰਾਈਲ ਤੇ ਅਮਰੀਕਾ 'ਚ ਛਿੜੀ ਜੰਗ ਨੇ ਗੁਆਂਢੀ ਮੁਲਕਾਂ ਦੇ ਨਾਲ-ਨਾਲ ਇਨ੍ਹਾਂ ਦੇਸ਼ਾਂ 'ਚ ਰਹਿਣ ਵਾਲੇ ਭਾਰਤੀਆਂ ਅਤੇ ਪਰਿਵਾਰਾਂ ਨਾਲ ਘੁੰਮਣ ਗਏ ਸੈਲਾਨੀਆਂ ਨੂੰ ਵੱਡੀਆਂ ਪਰੇਸ਼ਾਨੀਆਂ 'ਚ ਪਾ ਦਿੱਤਾ ਹੈ। ਦਰਅਸਲ, ਈਰਾਨ ਦੇ ਸੁਪਰੀਮ ਲੀਡਰ ਅਯਾਤੁੱਲਾ ਅਲੀ ਖਾਮਨੇਈ ਦੀ ਮੌਤ ਤੋਂ ਬਾਅਦ ਹਾਲਾਤ ਜ਼ਿਆਦਾ ਗੰਭੀਰ ਹੋ ਗਏ ਹਨ।

ਇਜ਼ਰਾਈਲ ਦੇ ਦਾਅਵੇ ਮੁਤਾਬਕ ਖਾਮਨੇਈ ਦੇ ਧੀ-ਜਵਾਈ, ਨੂੰਹ ਤੇ ਪੋਤੇ ਦੀ ਮੌਤ ਸਣੇ ਈਰਾਨ ਦੇ ਸਿਖਰਲੇ 40 ਅਧਿਕਾਰੀਆਂ ਨੂੰ ਮਾਰ ਦਿੱਤਾ ਗਿਆ ਹੈ। ਇਕ ਧਾਰਮਿਕ ਨੇਤਾ ਦੇ ਰੁਤਬੇ ਵਾਲੇ ਖਾਮਨੇਈ ਦੀ ਮੌਤ ਤੋਂ ਬਾਅਦ ਭਾਰਤ ਸਣੇ ਹੋਰ ਮੁਲਕਾਂ 'ਚ ਵੀ ਲੋਕਾਂ ਨੇ ਅਮਰੀਕਾ ਤੇ ਇਜ਼ਰਾਈਲ 'ਤੇ ਬਹੁਤ ਗੁੱਸੇ ਦਾ ਇਜ਼ਹਾਰ ਕੀਤਾ ਹੈ। ਇਸ ਜੰਗ ਦਾ ਆਲਮੀ ਪੱਧਰ 'ਤੇ ਵਪਾਰ ਅਤੇ ਆਮ ਲੋਕਾਂ ਦੀ ਸੁਰੱਖਿਆ 'ਤੇ ਵੱਡਾ ਪ੍ਰਭਾਵ ਪੈ ਰਿਹਾ ਹੈ।

ਖਾਮਨੇਈ ਦੇ ਵਪਾਰਕ ਹਿੱਤ ਭਾਰਤ ਨਾਲ ਜਿੰਨੇ ਸਾਂਝੇ ਸਨ, ਉਸੇ ਤਰ੍ਹਾਂ ਪੰਜਾਬ ਨੂੰ ਵੀ ਇਸ ਜੰਗ ਦੇ ਦੁਖਾਂਤ ਝੱਲਣੇ ਪੈ ਰਹੇ ਹਨ। ਪੰਜਾਬ ਤੋਂ ਈਰਾਨ 'ਚ ਵੱਖ-ਵੱਖ ਕੰਮਾਂ ਦੀ ਭਾਲ 'ਚ ਪੰਜਾਬੀ ਪਿਛਲੇ ਲੰਬੇ ਸਮੇਂ ਤੋਂ ਪਰਵਾਸ ਕਰ ਰਹੇ ਹਨ। ਜ਼ਿਆਦਾਤਰ ਨਿਰਮਾਣ, ਤੇਲ ਤੇ ਗੈਸ ਖੇਤਰ ਦੇ ਰੁਜ਼ਗਾਰ, ਸੁਰੱਖਿਆ ਸੇਵਾਵਾਂ ਅਤੇ ਹੋਰ ਤਕਨੀਕੀ ਕੰਮਾਂ ਨੂੰ ਲੈ ਕੇ ਇਹ ਪਰਵਾਸ ਜਾਰੀ ਹੈ। ਵਿਦਿਆਰਥੀ ਇਸਲਾਮਿਕ ਪੜ੍ਹਾਈ ਲਈ ਈਰਾਨ ਦਾ ਰੁਖ਼ ਕਰਦੇ ਹਨ।

ਇਸੇ ਤਰ੍ਹਾਂ ਹੀ ਪੂਰੇ ਮੁਲਕ ਤੋਂ ਸ਼ਰਧਾਲੂ ਈਰਾਨ ਦੌਰੇ 'ਤੇ ਹਰ ਸਾਲ ਜਾਂਦੇ ਹਨ। ਇਕ ਸਰਕਾਰੀ ਏਜੰਸੀ ਦੇ ਡਾਟੇ ਮੁਤਾਬਕ ਇਸ ਵੇਲੇ ਈਰਾਨ ਜੰਗ ਕਾਰਨ ਉੱਥੇ ਵੱਖ-ਵੱਖ ਥਾਵਾਂ 'ਤੇ ਅੰਦਾਜ਼ਨ 11 ਹਜ਼ਾਰ ਲੋਕ ਫਸੇ ਹੋਏ ਹਨ। ਇਨ੍ਹਾਂ 'ਚ ਜ਼ਿਆਦਾਤਰ ਉਹ ਹਨ ਜੋ ਕਿਸੇ ਨਾ ਕਿਸੇ ਕਾਰਨ ਕਰਕੇ ਈਰਾਨ ਦੀ ਯਾਤਰਾ 'ਤੇ ਸਨ। ਜਿਨ੍ਹਾਂ ਨੇ ਇਨ੍ਹੀਂ ਦਿਨੀਂ ਮੁੜਨਾ ਸੀ ਉਹ ਉਡਾਣਾਂ ਰੱਦ ਹੋਣ ਕਾਰਨ ਉੱਥੇ ਹੀ ਤਣਾਅ ਝੱਲ ਰਹੇ ਹਨ। ਅੰਮ੍ਰਿਤਸਰ ਤੋਂ ਕਰੀਬ ਸੱਤ ਉਡਾਣਾਂ ਰੱਦ ਹੋਈਆਂ ਹਨ। ਬਹੁਤੇ ਯਾਤਰੀ ਦੁਬਈ ਏਅਰਪੋਰਟ 'ਤੇ ਫਸੇ ਹੋਏ ਹਨ। ਬਠਿੰਡਾ ਦੀ ਇਕ ਪ੍ਰਿੰਸੀਪਲ ਨੇ ਸ਼ਾਰਜਾਹ ਹਵਾਈ ਅੱਡੇ 'ਤੋਂ ਉੱਥੋਂ ਦੇ ਭਿਆਨਕ ਹਾਲਾਤ ਦੀ ਵੀਡੀਓ ਰਾਹੀਂ ਜਾਣਕਾਰੀ ਦਿੱਤੀ ਹੈ।

ਈਰਾਨ ਜੰਗ ਜੇਕਰ ਲੰਬੀ ਚੱਲਦੀ ਹੈ ਤਾਂ ਪੰਜਾਬ ਦੀ ਬਰਾਮਦ ਨੂੰ ਵੱਡੇ ਰੂਪ 'ਚ ਨੁਕਸਾਨ ਝੱਲਣੇ ਪੈ ਸਕਦੇ ਹਨ। ਅਮਰੀਕਾ ਤੇ ਯੂਰਪੀ ਦੇਸ਼ਾਂ ਨੂੰ ਇੱਥੋਂ ਬਣੇ ਕੱਪੜੇ, ਸਾਈਕਲ, ਆਟੋ ਪਾਰਟਸ, ਖੇਡਾਂ ਦਾ ਸਾਮਾਨ ਤੇ ਹੋਰ ਸਮੱਗਰੀ ਭੇਜੀ ਜਾਂਦੀ ਹੈ। ਅਜਿਹੇ ਮਾਹੌਲ ਵਿਚ ਕਾਰੋਬਾਰੀਆਂ ਦੇ ਚਿਹਰਿਆਂ 'ਤੇ ਵੀ ਚਿੰਤਾ ਦੀਆਂ ਲਕੀਰਾਂ ਹਨ। ਪਰੇਸ਼ਾਨੀ ਵਾਲੀ ਗੱਲ ਇਹ ਵੀ ਹੈ ਕਿ ਇਜ਼ਰਾਈਲ ਅਤੇ ਅਮਰੀਕਾ ਰਿਹਾਇਸ਼ੀ ਖੇਤਰਾਂ 'ਤੇ ਅੰਨ੍ਹੇਵਾਹ ਹਮਲੇ ਕਰ ਰਹੇ ਹਨ। ਹਸਪਤਾਲਾਂ, ਸਕੂਲਾਂ ਅਤੇ ਸੱਭਿਆਚਾਰਕ ਥਾਵਾਂ ਨੂੰ ਵੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਭਾਰਤੀ ਮੂਲ ਦੇ ਇਕ ਪ੍ਰੋਫੈਸ਼ਨਲ ਤੁਸ਼ਾਰ ਗਗੇਰਨਾ ਨੇ ਇਕ ਪੋਸਟ ਪਾ ਕੇ ਜੰਗ ਦੇ ਭਿਆਨਕ ਤਜਰਬੇ ਨੂੰ ਸਾਂਝਾ ਕੀਤਾ ਹੈ। ਉਸ ਮੁਤਾਬਕ ਉਨ੍ਹਾਂ ਦੀ ਦੁਪਹਿਰ 1 ਵਜੇ ਦਿੱਲੀ ਲਈ ਉਡਾਣ ਸੀ ਪਰ 3 ਵਜੇ ਯਾਤਰੀਆਂ ਨੂੰ ਜਹਾਜ਼ ਤੋਂ ਉਤਰਨ ਲਈ ਕਹਿ ਦਿੱਤਾ ਗਿਆ ਕਿ ਸੰਯੁਕਤ ਅਰਬ ਅਮੀਰਾਤ 'ਤੇ ਹਮਲਾ ਹੋ ਗਿਆ ਹੈ। ਇਸ ਸਭ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਨ੍ਹਾਂ ਯਾਤਰੀਆਂ ਦੇ ਪਿੱਛੇ ਪਰਿਵਾਰਾਂ 'ਤੇ ਕੀ ਗੁਜ਼ਰ ਰਹੀ ਹੈ।

ਕੇਂਦਰ ਸਰਕਾਰ ਤੇ ਪੰਜਾਬ ਸਣੇ ਸਭ ਸੂਬਾ ਸਰਕਾਰਾਂ ਆਪੋ-ਆਪਣੇ ਲੋਕਾਂ ਦੀ ਜੰਗ ਦੌਰਾਨ ਸੁਰੱਖਿਆ ਕਰਨ ਲਈ ਕਦਮ ਚੁੱਕ ਰਹੀਆਂ ਹਨ। ਲੋਕਾਂ ਦਾ ਫ਼ਰਜ਼ ਹੈ ਕਿ ਉਹ ਅਜਿਹੇ ਮਾਹੌਲ 'ਚ ਵੱਧ ਤੋਂ ਵੱਧ ਚੌਕੰਨੇ ਰਹਿਣ। ਜੰਗ ਲੜ ਰਹੇ ਮੁਲਕਾਂ ਨੂੰ ਵੀ ਪਿਛਲੀਆਂ ਜੰਗਾਂ ਦੇ ਸਿੱਟਿਆਂ ਤੋਂ ਸਬਕ ਲੈਣ ਦੀ ਲੋੜ ਹੈ।

# ਵਿਛੜੇ ਪ੍ਰੀਵਾਰਾਂ ਦਾ ਇਤਿਹਾਸ



ਲਾਹੌਰ ਦੇ ਕੇਂਦਰੀ ਰੇਲਵੇ ਸਟੇਸ਼ਨ ਦੇ ਬਿਲਕੁਲ ਨਾਲ ਸਥਿਤ ਗੁਰਦੁਆਰਾ ਸਿੰਘ ਸਿੰਘਣੀਆਂ ਵਿੱਚ ਮੈਂ ਠਹਿਰਿਆ ਹੋਇਆ ਸਾਂ। ਗੁਰਦੁਆਰੇ ਦੀ ਬਹੁਤ ਖ਼ੂਬਸੂਰਤ ਇਮਾਰਤ ਵਿਚ ਇਕ ਗੈਸਟ ਹਾਊਸ ਬਣਿਆ ਹੋਇਆ ਹੈ ਜਿਸ ਨੂੰ ਵਿਦੇਸ਼ੀ ਸਿੱਖਾਂ ਖ਼ਾਸ ਕਰਕੇ ਇੰਗਲੈਂਡ ਦੇ ਸਿੱਖਾਂ ਨੇ ਯਾਤਰੀਆਂ ਲਈ ਬਣਵਾਇਆ ਹੈ। ਦੱਸਿਆ ਜਾਂਦਾ ਹੈ ਕਿ ਇਸ ਇਤਿਹਾਸਿਕ ਜਗ੍ਹਾ ਨੂੰ ਪਾਕਿਸਤਾਨ ਵਿੱਚ ਰਹਿਣ ਵਾਲੇ ਸਿੱਖਾਂ ਨੇ ਇੱਕ ਮੁਕੱਦਮੇਂ ਵਿੱਚ ਆਪਣਾ ਹੱਕ ਜਤਾ ਕੇ ਲਿਆ ਸੀ। ਉਸ ਸਮੇਂ ਮੇਰੇ ਨਾਲ ਅੰਮ੍ਰਿਤਸਰ ਤੋਂ ਹੀ ਦੋ ਹੋਰ ਪ੍ਰੀਵਾਰ ਵੀ ਇਸ ਗੁਰਦੁਆਰੇ ਵਿੱਚ ਠਹਿਰੇ ਹੋਏ ਸਨ। ਸਾਡੇ ਕੋਲ ਵਾਪਸੀ ਤੇ ਆਉਣ ਲਈ ਸਿਰਫ਼ ਇੱਕ ਰੇਲ ਗੱਡੀ ਦਾ ਹੀ ਸਾਧਨ ਸੀ। ਅਸੀਂ ਵਾਹਗੇ ਤੋਂ ਪੈਦਲ ਆ ਕੇ ਬਾਰਡਰ ਪਾਰ ਨਹੀਂ ਸਾਂ ਕਰ ਸਕਦੇ ਕਿਉਂ ਜੋ ਪੈਦਨ ਲੰਘਣ ਲਈ ਇੱਕ ਵੱਖਰੀ ਇਜਾਜਤ ਚਾਹੀਦੀ ਸੀ ਜੋ ਸਾਡੇ ਕੋਲ ਨਹੀਂ ਸੀ। ਅੱਜ ਤੋਂ ਬਾਅਦ ਜਦ ਫਿਰ ਗੱਡੀ ਆਉਣੀ ਤੇ ਜਾਣੀ ਸੀ ਉਸ ਦਿਨ ਤੱਕ ਸਾਡਾ ਵੀਜ਼ਾ ਖ਼ਤਮ ਹੋ ਜਾਣਾ ਸੀ, ਜਿਸ ਕਰਕੇ ਸਾਨੂੰ ਹੋਰ ਉਲਝਨਾਂ ਵਿੱਚੋਂ ਲੰਘਣਾ ਪੈਣਾ ਸੀ। ਇਸ ਲਈ ਜਿਸ ਦਿਨ ਸਵੇਰੇ ਮੈਂ ਵਾਪਿਸ ਅੰਮ੍ਰਿਤਸਰ ਆਉਣਾ ਸੀ ਮੈਂ ਰਾਤ ਨੂੰ ਹੀ ਇਸ ਬਾਰੇ ਬਹੁਤ ਸੁਚੇਤ ਸਾਂ ਕਿ ਗੱਡੀ ਨਾ ਲੰਘ ਜਾਵੇ। ਸ਼ਾਮ ਨੂੰ ਮੇਰੇ ਕੋਲ ਇੱਕ ਵਿਅਕਤੀ ਆਇਆ ਜੋ ਅੰਮ੍ਰਿਤਸਰ ਯੂਨੀਵਰਸਿਟੀ ਦੀ ਕਿਸੇ ਪ੍ਰੋਫ਼ੈਸਰ ਔਰਤ ਦਾ ਵਾਕਫ਼ ਸੀ ਅਤੇ ਉਸ ਨੇ ਮੈਨੂੰ ਦੋ ਵੱਡੇ-ਵੱਡੇ ਪੈਕਟ ਦਿੱਤੇ ਜਿੰਨਾਂ ਵਿੱਚੋਂ ਇੱਕ ਉਸ ਪ੍ਰੋਫ਼ੈਸਰ ਨੂੰ ਦੇਣਾ ਸੀ ਅਤੇ ਇੱਕ ਮੇਰੇ ਲਈ ਸੀ। ਜਦੋਂ ਉਸ ਨੇ ਇਹ ਦੱਸਿਆ ਕਿ ਇੱਕ ਦੋ ਕੇਕ ਹਨ ਤਾਂ ਮੈਨੂੰ ਆਪਣੀ ਪੜ੍ਹੀ ਲਿਖੀ ਜਮਾਤ ਦੀ ਸਿਆਣਪ, ਜਿੰਦਾਦਿਲੀ ਅਤੇ ਵਾਹਗੇ ਵਾਲੀ ਲਕੀਰ ਨੂੰ ਪਾਰ ਕਰਨ ਲਈ ਸਮਾਨ ਦੀ ਚੋਣ ਸਬੰਧੀ ਸੋਚ ਤੇ ਕਈ ਸ਼ੰਕੇ ਪੈਦਾ ਹੋਏ। ਉਹ ਦੋਵੇਂ ਕੇਕ ਮੈਂ ਰੱਖ ਤਾਂ ਲਏ ਪਰ ਬਾਅਦ ਵਿੱਚ ਰੇਲਵੇ ਸਟੇਸ਼ਨ 'ਤੇ ਪਹੁੰਚਣ ਤੱਕ ਕਈ ਵਾਰ ਉਹਨਾਂ ਨੂੰ ਨਾਲ ਲਿਆਉਣ ਜਾਂ ਉਥੇ ਛੱਡ ਆਉਣ ਦੀ ਦੁਚਿਤੀ ਵਿੱਚ ਰਿਹਾ ਕਿਉਂ ਜੋ ਜਿੰਨਾਂ ਅਕਾਰ ਮੇਰੇ ਬਰੀਫਕੇਸ ਦਾ ਸੀ ਉਨ੍ਹਾਂ ਹੀ ਇੰਨਾਂ ਦੋ ਕੇਕਾਂ ਦਾ ਸੀ, ਜਿਸ ਨੂੰ ਉਹ ਅੰਮ੍ਰਿਤਸਰ ਦੇ ਪ੍ਰੋਫ਼ੈਸਰ ਲਈ ਤੋਹਫ਼ੇ ਦੇ ਤੌਰ 'ਤੇ ਭੇਜ ਰਿਹਾ ਸੀ।

ਮੈਂ ਸਵੇਰੇ ਪੈਦਨ ਹੀ ਸਟੇਸ਼ਨ 'ਤੇ ਪਹੁੰਚ ਗਿਆ ਅਤੇ ਅਟਾਰੀ ਦੀ ਟਿਕਟ ਲੈ ਕੇ ਸੱਜੇ ਹੱਥ ਵਾਲੇ ਪਲੇਟਫਾਰਮ ਵੱਲ ਆ ਗਿਆ। ਅਜੇ ਬਹੁਤ ਹੀ ਥੋੜੇ ਜਿਹੇ ਲੋਕ ਆਏ ਸਨ। ਗੱਡੀ ਪਲੇਟਫਾਰਮ 'ਤੇ ਲੱਗੀ ਹੋਈ ਸੀ, ਮੈਂ ਆਪਣਾ ਸਮਾਨ ਗੱਡੀ ਦੀ ਸੀਟ 'ਤੇ ਰੱਖ ਕੇ ਪਲੇਟਫਾਰਮ ਦੀ ਰੌਣਕ ਅਤੇ ਜਾਣ ਵਾਲੇ ਵਿਅਕਤੀਆਂ ਵੱਲ ਵੇਖਣ ਲਈ ਬਾਹਰ ਆ ਕੇ ਖੜ੍ਹਾ ਹੋ ਗਿਆ। ਕੁਝ ਚਿਰ ਬਾਅਦ ਹੀ ਮੇਰੇ ਨਾਲ ਗੁਰਦੁਆਰੇ ਵਿੱਚ ਰਹਿ ਰਿਹਾ ਪਰਿਵਾਰ ਵੀ ਆ ਕੇ ਇੱਕ ਡੱਬੇ ਵਿੱਚ ਵੜ ਗਿਆ। ਜ਼ਿਆਦਾਤਰ ਯਾਤਰੀ ਪਾਕਿਸਤਾਨ ਤੋਂ ਭਾਰਤ ਨੂੰ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਜਾ ਰਹੇ ਸਨ ਜਾਂ, ਪਹਿਲਾਂ ਭਾਰਤ ਤੋਂ ਪਾਕਿਸਤਾਨ ਵਿੱਚ ਰਹਿ ਰਹੇ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਵਾਲੇ ਜਾਪਦੇ ਸਨ, ਜੋ ਉਨ੍ਹਾਂ ਦੇ ਪਹਿਰਾਵੇ ਅਤੇ ਗੱਲਬਾਤ ਤੋਂ ਲੱਗ ਰਿਹਾ ਸੀ। ਹੌਲੀ-ਹੌਲੀ ਸਟੇਸ਼ਨ 'ਤੇ ਕਾਫ਼ੀ ਭੀੜ ਹੋ ਰਹੀ ਸੀ। ਪਰ ਹਰ ਇੱਕ ਜਾਣ ਵਾਲੇ ਦੇ ਨਾਲ ਤਕਰੀਬਨ ਉਨੇ ਹੀ ਉਹਨਾਂ ਨੂੰ ਰੁਖਸਤ ਕਰਨ ਵਾਲੇ ਜਾਪਦੇ ਸਨ।

ਫਿਰ ਇੱਕ ਵੱਡਾ ਗਰੁੱਪ ਜਿਸ ਵਿੱਚ ਔਰਤਾਂ, ਮਰਦ ਅਤੇ ਬੱਚੇ ਸਨ, ਉਹਨਾਂ ਨੇ ਬੜੇ ਸਧਾਰਣ ਜਿਹੇ ਕੱਪੜੇ ਪਾਏ ਹੋਏ ਸਨ, ਇਕੱਠੇ ਹੀ ਆ ਰਹੇ ਸਨ ਅਤੇ ਉਹਨਾਂ ਦੇ ਵਿੱਚ ਇੱਕ ਸਿੱਖ ਸਰਦਾਰ, ਕੋਈ 6 ਕੁ ਫੁੱਟ ਉਚਾਈ ਅਤੇ ਕਾਫ਼ੀ ਚੰਗੀ ਸਿਹਤ ਵਾਲਾ ਕੋਈ 70 ਕੁ ਸਾਲ ਦੀ ਉਮਰ, ਹੱਥ ਵਿੱਚ ਇੱਕ ਕੱਪੜੇ ਦਾ ਵੱਡਾ ਸਾਰਾ ਥੈਲਾ ਲੈ ਕੇ ਆ ਰਿਹਾ ਸੀ।

ਉਹਨਾਂ ਵਿੱਚੋਂ ਇੱਕ ਬਜ਼ੁਰਗ ਮਾਤਾ ਨੇ ਮੇਰੇ ਕੋਲ ਆ ਕੇ ਮੈਨੂੰ ਜੱਫੀ ਪਾ ਲਈ ਅਤੇ ਬੜੀ ਅਪਣੱਤ ਨਾਲ ਕਹਿਣ ਲੱਗੀ, "ਇਸ ਆਪਣੇ ਵੀਰ ਨੂੰ ਵੀ ਨਾਲ ਲੈ ਜਾ, ਰਸਤੇ ਵਿੱਚ ਇਸ ਦਾ ਖ਼ਿਆਲ ਰੱਖੀਂ।" "ਉਸਦੇ ਕਹਿਣ ਦਾ ਢੰਗ ਇਸ ਤਰ੍ਹਾਂ ਸੀ ਜਿਵੇਂ ਉਹ ਮੈਨੂੰ ਸਦੀਆਂ ਤੋਂ ਜਾਣਦੀ ਹੋਵੇ ਪਰ ਮੈਂ ਅਜੇ ਉਸ ਵਕਤ ਤੱਕ ਉਹਨਾਂ ਬਾਰੇ ਕੁਝ ਵੀ ਨਹੀਂ ਸਾਂ ਸਮਝ ਸਕਿਆ। ਇਸ ਦੇ ਨਾਲ ਉਹਨਾਂ ਰੁਖਸਤ ਕਰਨ ਵਾਲਿਆਂ ਵਿੱਚੋਂ ਮਰਦਾਂ ਅਤੇ ਲੜਕਿਆਂ ਨੇ ਮੇਰੇ ਨਾਲ ਹੱਥ ਮਿਲਾਏ ਅਤੇ ਉਹ ਸਿੱਖ ਸਰਦਾਰ ਵੀ ਆ ਕੇ ਮਿਲਿਆ।

"ਕਿਥੇ ਜਾਣਾ ਹੈ ਤੁਸਾਂ?" "ਅੰਮ੍ਰਿਤਸਰ। ਮੈਂ ਜਵਾਬ ਦਿੱਤਾ ਅਤੇ ਨਾਲ ਹੀ ਬੜੀ ਉਤਸੁਕਤਾ ਨਾਲ ਪੁੱਛਣ ਲੱਗ ਪਿਆ ਕਿ ਤੁਸੀਂ ਕਦੋਂ ਆਏ ਸੀ? ਕਿਥੋਂ ਆਏ ਅਤੇ ਇਹ ਸਭ ਲੋਕ ਕੌਣ ਹਨ?

"ਮੈਂ ਮੋਗੇ ਦੇ ਲਾਗੇ ਇੱਕ ਪਿੰਡ ਤੋਂ ਹਾਂ, ਇਹ ਮੇਰੀ ਭੂਆ ਅਤੇ ਉਹ ਦੋਵੇਂ ਮੇਰੀਆਂ ਸਕੀਆਂ ਭੈਣਾਂ ਹਨ। ਉਹ ਮੇਰਾ ਭਣਵਈਆ ਹੈ, ਇਹ ਲੜਕੇ ਮੇਰੇ ਭਣੇਵੇ ਹਨ, ਇਹ ਮੇਰੀਆਂ ਭੈਣਾਂ ਹਨ, ਇਹ ਮੇਰੀਆਂ ਭਣੇਵੀਆਂ ਹਨ ਅਤੇ ਇਹ ਮੇਰੀ ਭਣੇਵੀ ਦਾ ਪਤੀ ਹੈ ਅਤੇ ਉਹ ਦੂਰ ਖੜ੍ਹੇ ਮੇਰੀ ਭੂਆ ਦੇ ਜਵਾਈ, ਮੇਰੇ ਭਣਵਈਏ ਹਨ।



ਇੰਨੇ ਨੂੰ ਉਹ ਦੂਰ ਖੜੋਤੇ ਉਸ ਦੀ ਭੂਆ ਦੇ ਜਵਾਈ ਵੀ ਮੇਰੇ ਕੋਲ ਆ ਗਏ ਅਤੇ ਮੈਨੂੰ ਮਿਲੇ। ਪਰ ਮੈਨੂੰ ਇਹ ਸਭ ਕੁਝ ਜਾਨਣ ਦੀ ਉਤਸੁਕਤਾ ਵਧਦੀ ਗਈ। ਪਰ ਮੈਂ ਉਹ ਸਮਾਂ ਅਜੇ ਯੋਗ ਨਾ ਸਮਝਿਆ। ਪਰ ਮੈਨੂੰ ਇੰਨੀ ਕੁ ਸਮਝ ਤਾਂ ਲੱਗ ਗਈ ਸੀ ਕਿ ਇਹ ਇਕ ਵਿਛੜਿਆ ਪਰਿਵਾਰ ਹੈ। ਫਿਰ ਦਲੀਪ ਸਿੰਘ ਆਪ ਹੀ ਦੱਸਣ ਲੱਗ



ਡਾ. ਸ.ਸ. ਛੀਨਾ
sarbjitchhina@yahoo.co.in

ਪਿਆ, ਮੈਂ ਆਪਣੀ ਭੂਆ ਅਤੇ ਭੈਣ ਨੂੰ 59 ਸਾਲਾਂ ਤੋਂ ਬਾਅਦ ਮਿਲਿਆ ਹਾਂ ਅਤੇ ਇਸ ਮਿਲਣ ਲਈ ਕਿੰਨੀਆਂ ਕੋਸ਼ਿਸ਼ਾਂ ਕੀਤੀਆਂ ਹਨ, ਇਹ ਮੈਂ ਹੀ ਜਾਣਦਾ ਹਾਂ ਅਤੇ ਹੁਣ ਅੱਗੋਂ ਕਿਥੇ ਮਿਲਣਾ ਹੈ।

ਉਸ ਦੀ ਭੈਆ ਬਾਰ-ਬਾਰ ਉਸ ਨੂੰ ਜਫੀਆਂ ਪਾ ਰਹੀ ਸੀ, "ਮੇਰੇ ਪੇਕਿਆਂ ਦੀ ਨਿਸ਼ਾਨੀ ਪਰ ਹੁਣ ਕਦੋਂ ਮਿਲਾਂਗੇ?" ਉਸ ਦੀਆਂ ਦੋਵੇਂ ਛੋਟੀਆਂ ਭੈਣਾਂ ਉਸ ਨੂੰ ਬਾਰ-ਬਾਰ ਮਿਲ ਰਹੀਆਂ ਸਨ, "ਭਾ ਜੀ ਆਪਣੇ ਪੋਤਰੇ ਦੇ ਵਿਆਹ ਦਾ ਕਾਰਡ ਭੇਜ ਦੇਣਾ, ਅਸੀਂ ਵੀਜਾ ਲੈ ਕੇ ਜ਼ਰੂਰ ਆਵਾਂਗੀਆਂ, ਵਿਆਹ ਤੋਂ ਬਹੁਤ ਦਿਨ ਪਹਿਲਾਂ ਕਾਰਡ ਭੇਜਣਾ, ਬਹੁਤ ਸਮਾਂ ਲੱਗ ਜਾਂਦਾ ਹੈ ਵੀਜਾ ਲੈਣ ਲਈ, ਇਸਲਾਮਾਬਾਦ ਤੋਂ ਵੀਜਾ ਮਿਲਦਾ ਹੈ, ਬੜੀ ਕੋਸ਼ਿਸ਼ ਕਰਨੀ ਪੈਂਦੀ ਹੈ।

"ਤੁਸੀਂ ਕਦੋਂ ਆਏ ਸੀ?" "ਤਿੰਨ ਚਾਰ ਦਿਨ ਹੋਏ ਹਨ" "ਕਿਸ ਜਗ੍ਹਾ ਤੋਂ ਆਏ ਹੋ?" ਦੂਸਰਾ ਪੁੱਛ ਰਿਹਾ ਸੀ "ਕਿੰਨੀ ਦੂਰ ਹੈ ਅੰਮ੍ਰਿਤਸਰ, ਲਾਹੌਰ ਤੋਂ, ਕਦੋਂ ਪਹੁੰਚ ਜਾਉਗੇ

ਉਹ ਸੁਆਲ ਜ਼ਿਆਦਾ ਪੁੱਛ ਰਹੇ ਸਨ ਅਤੇ ਮੇਰੇ ਜਵਾਬ ਦੇਣ ਤੋਂ ਪਹਿਲਾਂ ਜਾਂ ਮੇਰੇ ਵੱਲੋਂ ਕੁਝ ਪੁੱਛਣ ਤੋਂ ਪਹਿਲਾਂ ਹੀ ਉਹ ਹੋਰ ਸੁਆਲ ਕਰ ਦਿੰਦੇ ਸਨ। ਪਰ ਮੈਂ ਉਹਨਾਂ ਕੋਲੋਂ ਬਹੁਤ ਕੁਝ ਪੁੱਛਣਾ ਚਾਹੁੰਦਾ ਸਾਂ।

"ਕਿਹੜੀ ਜਗ੍ਹਾ ਤੋਂ ਆਏ ਹੋ" "ਵੱਖ-ਵੱਖ ਪਿੰਡਾਂ ਤੋਂ, ਸਾਰੇ ਹੀ ਰਿਸ਼ਤੇਦਾਰ ਵੱਖ-ਵੱਖ ਪਿੰਡਾਂ ਵਿੱਚ ਰਹਿੰਦੇ ਸਨ ਅਤੇ ਛੋਟੀ ਕ੍ਰਿਸਾਨੀ ਨਾਲ ਸੰਬੰਧਿਤ ਸਨ। ਦਲੀਪ ਸਿੰਘ ਅਤੇ ਉਹਨਾਂ ਦੇ ਪਰਿਵਾਰ ਬਾਰੇ ਉਹਨਾਂ ਦੇ ਭਣਵਈਏ, ਬਹੁਤ ਕੁਝ ਸੁਣਦੇ ਤਾਂ ਰਹੇ ਸਨ ਪਰ ਮਿਲੇ ਪਹਿਲੀ ਵਾਰ ਸਨ।

"ਸਾਡਾ ਪ੍ਰਾਹੁਣਾ (ਦਲੀਪ ਸਿੰਘ) ਸ਼ਰਾਬ ਦਾ ਬਹੁਤ ਸ਼ੁਕੀਨ ਸੀ, ਸਾਡੇ ਵਿੱਚੋਂ ਕੋਈ ਵੀ ਨਹੀਂ ਪੀਂਦਾ ਪਰ ਅਸੀਂ ਰੋਜ਼ਾਨਾ ਹੀ ਇਸ ਲਈ ਇੰਤਜ਼ਾਮ ਕਰਦੇ ਰਹੇ ਹਾਂ, ਇਥੇ ਇਸ ਦਾ ਇੰਤਜ਼ਾਮ ਕਰਨਾ ਪੈਂਦਾ ਹੈ, ਖੁੱਲ੍ਹੀ ਨਹੀਂ ਮਿਲਦੀ। ਹਰ ਘਰ ਵਿੱਚ ਇਸ ਦਾ ਸੁਆਗਤ ਹੁੰਦਾ ਰਿਹਾ ਹੈ। ਪਤਾ ਹੀ ਨਹੀਂ ਲੱਗਾ ਕਿ ਇਹ 13 ਦਿਨ ਕਿਵੇਂ ਨਿਕਲ ਗਏ ਹਨ, ਇਸ ਤਰ੍ਹਾਂ ਲੱਗਦਾ ਹੈ ਜਿਵੇਂ ਕੱਲ੍ਹ ਇਸ ਨੂੰ ਲਾਹੌਰੋਂ ਲੈ ਕੇ ਗਏ ਸਾਂ ਅਤੇ ਅੱਜ ਛੱਡਣ ਵੀ ਆ ਗਏ ਹਾਂ। ਅਜੇ ਤਾਂ ਅਸੀਂ ਇਸ ਦੇ ਪੂਰੇ ਪਰਿਵਾਰ ਬਾਰੇ ਵਾਕਫੀ ਵੀ ਨਹੀਂ ਕਰ ਸਕੇ, ਇਸ ਨੂੰ ਪਹਿਲੀ ਵਾਰ ਮਿਲੇ ਹਾਂ, ਇੰਨਾਂ ਦੇ ਲੜਕੇ, ਲੜਕੀਆਂ, ਪੋਤਰੇ, ਪੋਤਰੀਆਂ, ਨੂੰਹਾਂ ਕਿਸੇ ਬਾਰੇ ਵੀ ਕੁਝ ਵੀ ਨਹੀਂ ਪੁੱਛਿਆ। ਉਹ ਤਾਂ ਇਧਰ ਆ ਵੀ ਨਹੀਂ ਸਕਦੇ, ਵੀਜਾ ਮਿਲਣਾ ਇਕ ਵੱਡੀ ਮੁਸ਼ਕਲ ਹੈ, ਰਿਸ਼ਤੇਦਾਰ ਵੀ ਮਿਲਣ ਲਈ 59 ਸਾਲ ਉਡੀਕਦੇ ਰਹੇ" ਅਤੇ ਉਹਨਾਂ ਵੱਲੋਂ ਦੱਸੀਆਂ ਗੱਲਾਂ ਭਾਵੇਂ ਬਹੁਤ ਕੁਝ ਆਪਣੇ ਆਪ ਦੱਸ ਰਹੀਆਂ ਸਨ, ਪਰ ਮੈਨੂੰ ਅਜੇ ਵੀ ਕੁਝ ਪਤਾ ਨਹੀਂ ਸੀ ਲੱਗ ਰਿਹਾ ਅਤੇ ਮੈਂ ਬੜੀ ਉਤਸੁਕਤਾ ਨਾਲ ਇਸ ਬਾਰੇ ਜਾਨਣਾ ਚਾਹੁੰਦਾ ਸਾਂ। ਇੰਨੇ ਨੂੰ ਗੱਡੀ ਦੀ ਪਹਿਲੀ ਵਿਸਲ ਵੱਜ ਗਈ। ਦਲੀਪ ਸਿੰਘ ਸਾਰਿਆਂ ਨੂੰ ਵਾਰੀ-ਵਾਰੀ ਮਿਲਣ ਲੱਗਾ। ਪਰ ਹਰ ਇੱਕ ਦੀਆਂ ਅੱਖਾਂ ਵਿਚੋਂ ਅੱਥਰੂ ਵਗ ਰਹੇ ਸਨ, ਕੋਈ ਵੀ ਬੋਲ ਨਹੀਂ ਸੀ ਰਿਹਾ। ਦਲੀਪ ਸਿੰਘ ਦੇ ਨਾਲ, ਹਰ ਕੋਈ ਵਾਰ-ਵਾਰ ਮਿਲ ਰਿਹਾ ਸੀ ਅਤੇ ਗੱਡੀ ਦੀ ਜਦੋਂ ਦੂਸਰੀ ਵਿਸਲ ਵੱਜੀ ਤਾਂ ਉਸਦੀ ਭੂਆ ਫਿਰ ਆ ਕੇ ਉਸ ਨੂੰ ਮਿਲੀ ਅਤੇ ਹੱਥ ਫੜ ਕੇ ਡੱਬੇ ਦੇ ਕੋਲ ਲੈ ਆਈ ਅਤੇ ਮੈਨੂੰ ਸੰਬੋਧਨ ਕਰ ਕੇ ਫਿਰ ਕਹਿਣ ਲੱਗੀ, "ਵੀਰ ਦਾ ਖ਼ਿਆਲ ਰੱਖੀਂ" ਮੈਨੂੰ ਦਲੀਪ ਸਿੰਘ ਅਤੇ ਉਸ ਦੀ ਸਾਰੀ ਕਹਾਣੀ ਸੁਨਣ ਦੀ ਕਾਹਲੀ ਸੀ, ਉਸ ਨਾਲ ਹਮਦਰਦੀ ਹੋ ਰਹੀ ਸੀ। ਮੈਂ ਅਤੇ ਦਲੀਪ ਸਿੰਘ ਗੱਡੀ ਵਿੱਚ ਇਕੱਠੇ ਬੈਠ ਗਏ। ਮੇਰੇ ਪੁੱਛਣ ਤੋਂ ਪਹਿਲਾਂ ਹੀ ਦਲੀਪ ਸਿੰਘ ਦੱਸਣ ਲੱਗ ਪਿਆ।

"ਜਦੋਂ ਪਾਕਿਸਤਾਨ ਬਣਿਆ, ਮੈਂ 11 ਕੁ ਸਾਲ ਦਾ ਸਾਂ, ਮੈਨੂੰ ਪੂਰੀ ਹੋਸ਼ ਹੈ। ਕਈ ਦਿਨ ਚਰਚਾ ਚਲਦੀ ਰਹੀ, ਸਾਡਾ ਪਿੰਡ ਪਾਕਿਸਤਾਨ ਵਿਚ ਨਹੀਂ ਜਾਵੇਗਾ। ਮੈਨੂੰ ਅਜੇ ਵੀ ਯਾਦ ਹੈ ਪਿੰਡ ਦੇ ਮੁਸਲਮਾਨ ਅਤੇ ਸਿੱਖ ਵੱਖ-ਵੱਖ ਥਾਵਾਂ ਤੇ ਰੋਜ਼ ਇਕੱਠੇ ਹੁੰਦੇ ਸਨ, ਉਹ ਕਈ ਮਤੇ ਪਕਾਉਂਦੇ ਸਨ ਅਤੇ ਗੁਪਤ ਤੌਰ 'ਤੇ ਹਥਿਆਰ ਵੀ ਇਕੱਠੇ ਕਰਦੇ ਰਹਿੰਦੇ ਸਨ। ਪਰ ਪਿੰਡ ਦੇ ਮੁਸਲਮਾਨ ਅਤੇ ਸਿੱਖ ਇਕ ਦੂਜੇ ਦੀ ਮਦਦ ਵੀ ਕਰਦੇ ਸਨ। ਉਹਨਾਂ ਨੇ ਇੱਕ ਦੂਜੇ ਦੀ ਮਦਦ ਕੀਤੀ ਵੀ। ਜਦੋਂ ਇਹ ਤਹਿ ਹੋ ਗਿਆ ਕਿ ਸਾਡਾ ਪਿੰਡ ਹੁਣ ਪਾਕਿਸਤਾਨ ਵਿਚ ਆਉਣਾ ਹੈ ਤਾਂ ਪਿੰਡ ਦੇ ਸਿੱਖ, ਹਿੰਦੂ ਉਥੋਂ ਜਾਣ ਲਈ ਤਿਆਰ ਹੋਣ ਲਗ ਪਏ ਪਿੰਡ ਦੇ ਮੁਸਲਮਾਨ ਉਹਨਾਂ ਨੂੰ ਕੈਂਪ ਵਿੱਚ ਛੱਡਣ ਲਈ ਜਾਂਦੇ ਸਨ ਜਿਸ ਦਿਨ ਅਸੀਂ ਆਏ ਕਈ ਮੁਸਲਮਾਨ ਛੱਡਣ ਆ ਰਹੇ ਸਨ, ਉਹਨਾਂ ਨੇ ਸਾਡਾ ਸਮਾਨ ਚੁਕਿਆ ਹੋਇਆ ਸੀ ਪਰ ਰਸਤੇ ਵਿੱਚ ਹੋਰ ਪਿੰਡਾਂ ਦੇ ਗੁੰਡਿਆਂ ਨੇ ਸਾਡੇ ਤੇ ਹਮਲਾ ਕਰ ਦਿੱਤਾ। ਮੇਰਾ ਬਾਪ, ਦੋ ਭਰਾ ਮਾਰੇ ਗਏ, ਮੇਰੀ ਮਾਂ ਜਦੋਂ ਅਗੇ ਹੋ ਕੇ ਆਪਣੇ ਬੱਚਿਆਂ ਨੂੰ ਬਚਾਉਣ ਲੱਗੀ ਤਾਂ ਉਸ ਦੀ ਵੱਖੀ ਵਿੱਚ ਵੀ ਬਰਛੀ ਵਜੀ, ਉਹ ਲਹੂ ਲੁਹਾਨ ਹੋ ਗਈ ਅਤੇ ਉਸ ਨੇ ਮੈਨੂੰ ਇੰਨਾ ਹੀ ਕਿਹਾ ਕਿ ਭਜ ਜਾ, ਅਤੇ ਦਮ ਤੋੜ ਦਿੱਤੇ। ਉਹਨਾਂ ਗੁੰਡਿਆਂ ਨੇ ਮੇਰੀ ਭੂਆ ਅਤੇ ਭੈਣਾਂ ਨੂੰ ਘੋੜੀਆਂ ਤੇ ਬਿਠਾ ਲਿਆ। ਸਾਡੇ ਪਿੰਡ ਦੇ ਮੁਸਲਮਾਨ ਲੜਕਿਆਂ ਨੇ ਸਾਨੂੰ ਬਚਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਫਿਰ ਵੀ ਚਾਰ ਲੜਕੇ ਸਾਡੀ ਮਦਦ ਕਰਦੇ ਮਾਰੇ ਗਏ।" ਉਹ ਇਕ ਸਾਹੇ ਹੀ ਇੰਨਾ ਕੁਝ ਦਸ ਗਿਆ।

"ਤੁਸੀਂ ਕਿੰਨੇ ਆਦਮੀ ਬਚ ਗਏ ਸੀ।" ਮੈਂ ਪੁੱਛਿਆ "ਸਾਡੇ ਪਰਿਵਾਰ ਵਿਚੋਂ ਸਿਰਫ਼ ਮੈਂ ਅਤੇ ਮੇਰਾ ਚਾਚਾ ਅਸੀਂ ਤਾਂ ਆਪਣੇ ਜੀਆਂ ਦੀਆਂ ਲਾਸ਼ਾਂ ਦਾ ਸਸਕਾਰ ਵੀ ਨਹੀਂ ਸੀ ਕਰ ਸਕੇ। ਮਿਲਟਰੀ ਵਾਲਿਆਂ ਨੇ ਸਾਨੂੰ ਸੁਰਖਿਅਤ ਜਗਾਹ ਪਹੁੰਚਾਉਣ ਦੀ ਕਾਹਲੀ ਪਾਈ ਹੋਈ ਸੀ। ਪਤਾ ਨਹੀਂ ਉਸ ਹਮਲੇ ਵਿੱਚ ਮਾਰੇ ਗਏ 25-30 ਮਰਦਾਂ ਔਰਤਾਂ ਦਾ ਸਸਕਾਰ ਕਿੰਨੇ ਕੀਤਾ, ਕੀਤਾ ਵੀ ਕਿ ਨਹੀਂ ਕੀਤਾ, ਮੈਨੂੰ ਅੱਜ ਤਕ ਵੀ ਉਹ ਸੀਨ ਨਹੀਂ ਭੁੱਲਿਆ। ਮੇਰੀ ਭੂਆ ਅਤੇ ਭੈਣਾਂ ਨੇ ਬੜੇ ਦੁੱਖ ਵੇਖੇ, ਸਾਰੇ ਬੰਦੇ ਇਕੋ ਜਿਹੇ ਨਹੀਂ ਹੁੰਦੇ ਫਿਰ ਇਕ ਮੁਸਲਮਾਨ ਚੌਧਰੀ ਨੇ ਇੰਨਾਂ ਦੇ ਵਿਆਹ ਕਰਵਾ ਦਿੱਤੇ। ਜਦੋਂ ਸਸਕਾਰ ਵੱਲੋਂ ਇਸ ਤਰ੍ਹਾਂ ਦੀਆਂ ਔਰਤਾਂ ਨੂੰ ਵਾਪਿਸ ਭੇਜਣ ਦੇ ਯਤਨ ਹੋ ਰਹੇ ਸਨ ਤਾਂ ਚਾਚੇ ਨੇ ਕੋਸ਼ਿਸ਼ ਤਾਂ ਕੀਤੀ ਪਰ ਅੱਧੇ ਜਿਹੇ ਮਨ ਨਾਲ, ਉਹ ਜ਼ਿਆਦਾ ਹੀ ਡਿਪਰੈਸ਼ਨ ਵਿਚ ਸੀ, ਮੈਂ ਛੋਟਾ ਸਾਂ।

"ਕੋਈ ਪੰਜ ਸਾਲ ਤੋਂ ਮੇਰੀ ਭੂਆ ਅਤੇ ਭੈਣਾਂ ਬਾਰੇ ਮੈਨੂੰ ਪਤਾ ਲੱਗਾ ਅਤੇ ਇੰਨੀਆਂ ਕੋਸ਼ਿਸ਼ਾਂ ਤੋਂ ਬਾਅਦ ਮੈਂ ਪਹਿਲੀ ਵਾਰ ਉਹਨਾਂ ਨੂੰ ਮਿਲਣ ਆਇਆ ਸਾਂ। ਮੈਂ ਤਾਂ ਭੂਆ ਨੂੰ ਪਹਿਚਾਣ ਲਿਆ ਪਰ ਉਹਨਾਂ ਦੇ ਬੱਚਿਆਂ, ਜਿੰਨਾਂ ਨੂੰ ਮੈਂ ਪਹਿਲੀ ਵਾਰ ਮਿਲਿਆ, ਉਹ ਤਾਂ ਇਸ ਤਰ੍ਹਾਂ ਜਾਪਦਾ ਸੀ ਜਿਵੇਂ ਕਈ ਸਦੀਆਂ ਤੋਂ ਵਾਕਿਫ ਹੋਣ। ਬਾਰ-ਬਾਰ ਕਹਿੰਦੇ ਸਨ, ਮਾਮਾ ਇਥੇ ਹੀ ਰਹੋ, ਹਰ ਘਰ ਵਿਚ ਮੈਂ ਜਾਂਦਾ ਸਾਂ, ਹਰ ਘਰ ਵਿਚ ਸ਼ਾਮ ਨੂੰ ਪਤਾ ਨਹੀਂ ਕਿਵੇਂ ਸ਼ਰਾਬ ਦਾ ਇੰਤਜ਼ਾਮ ਕੀਤਾ ਹੁੰਦਾ ਸੀ, ਰੋਜ਼ਾਨਾ ਵੱਖ-ਵੱਖ ਘਰਾਂ ਵਿੱਚ ਬੁਲਾਉਂਦੇ, ਪਰ ਸਾਰੇ ਰਿਸ਼ਤੇਦਾਰ ਸ਼ਾਮ ਨੂੰ ਇਕੱਠੇ ਹੋ ਜਾਂਦੇ ਸਨ, ਦੂਸਰੇ ਪਿੰਡਾਂ ਤੋਂ ਵੀ ਆ ਜਾਂਦੇ ਸਨ। ਰਾਤ ਨੂੰ ਤਕਰੀਬਨ ਇਕ-ਦੋ, ਵੱਜ ਜਾਂਦੇ ਸਨ, ਗੱਲਾਂ ਹੀ ਨਹੀਂ ਸਨ ਮੁਕਦੀਆਂ।

ਫਿਰ ਉਸ ਨੇ ਸਮਾਨ ਵੱਲ ਉਂਗਲ ਕਰ ਕੇ ਦਸਿਆ "ਇਹ ਜਿਹੜਾ ਸਮਾਨ ਪਿਆ ਹੈ, ਇਸ ਤੋਂ ਦੁਗਣਾਂ ਮੈਂ ਛੱਡ ਆਇਆ ਹਾਂ। ਇੰਨਾਂ ਤਾਂ ਮੈਂ ਲਿਜਾ ਵੀ ਨਹੀਂ ਸਾਂ ਸਕਦਾ।" ਸਮਾਨ ਵਿੱਚ ਕੱਪੜੇ, ਭਾਂਡੇ, ਖਾਣ ਦੀਆਂ ਚੀਜਾਂ, ਖੋਏ ਦੀਆਂ ਪਿੰਨੀਆਂ, ਗੁੜ ਜਿਸ ਵਿੱਚ ਮੇਵੇ, ਬਦਾਮਾਂ ਦੀਆਂ ਗਿਰੀਆਂ, ਸੌਂਫ ਆਦਿ ਕਈ ਕੁਝ ਪਿਆ ਹੋਇਆ ਸੀ ਅਤੇ ਇਥੋਂ ਤਕ ਕਿ ਤਿਲ ਵੀ ਸਨ।

"ਮੈਂ ਬਹੁਤ ਮਨਾਹ ਕੀਤਾ ਪਰ ਉਹਨਾਂ ਨੇ ਬਦੋ ਬਦੀ ਇਹ ਸਮਾਨ ਨਾਲ ਖੜਣ ਦੀ ਜਿਦ ਕੀਤੀ ਅਤੇ ਮੈਂ ਵੀ ਨਾਂਹ ਨਹੀਂ ਕਰ ਸਕਿਆ ਜਿਸ ਪਿਆਰ ਨਾਲ ਉਹ ਸਮਾਨ ਲੈ ਕੇ ਆਈਆਂ ਸਨ ਜੇ ਮੈਂ ਨਾ ਖੜਦਾ ਤਾਂ ਚੰਗਾ ਨਾ ਲੱਗਦਾ।

ਉਸ ਵਕਤ ਮੈਂ ਉਸ ਗੁੜ ਦਾ ਆਪਣੇ ਕੋਲ ਪਏ ਕੇਕਾਂ ਨਾਲ ਮੁਕਾਬਲਾ ਕਰ ਰਿਹਾ ਸਾਂ ਅਤੇ ਮੈਨੂੰ ਉਹਨਾਂ ਦਾ ਭਾਰ ਇਸ ਸਮਾਨ ਦੇ ਭਾਰ ਤੋਂ ਕਿਤੇ ਜ਼ਿਆਦਾ ਲੱਗ ਰਿਹਾ ਸੀ। ਇੰਨਾ ਮਗਰ ਛਿਪੇ ਜਜਬਾਤਾਂ ਵਿਚ ਜਮੀਨ-ਅਸਮਾਨ ਦਾ ਫ਼ਰਕ ਸੀ। ਪਤਾ ਹੀ ਨਹੀਂ ਲਗਾ ਜਦੋਂ ਗੱਡੀ ਆ ਕੇ ਵਾਹਗਾ ਦੇ ਸਟੇਸ਼ਨ ਤੇ ਖੜੋ ਗਈ। ਉਸ ਨੇ ਦੋਹਾਂ ਹੱਥਾਂ ਵਿੱਚ ਕੁਝ ਸਮਾਨ ਵਾਲੇ ਕੱਪੜੇ ਦੇ ਝੋਲੇ ਫੜ ਲਏ ਅਤੇ ਇਕ ਤੋੜਾ ਸਿਰ ਤੇ ਚੁੱਕ ਲਿਆ।

ਜਦੋਂ ਅਸੀਂ ਪਾਸਪੋਰਟ ਚੈਕ ਕਰਵਾ ਕੇ ਸਮਾਨ ਨੂੰ ਐਕਸਰੇ ਵਾਲੀ ਮਸ਼ੀਨ ਤੇ ਰਖਿਆ ਅਤੇ ਦੂਸਰੀ ਤਰਫ਼ ਸਮਾਨ ਲੈਣ ਆਏ ਤਾਂ ਐਕਸਰੇ ਨੂੰ ਵੇਖ ਰਿਹਾ ਕਰਮਚਾਰੀ ਦਲੀਪ ਸਿੰਘ ਨੂੰ ਸੰਬੋਧਿਤ ਹੋ ਕੇ ਕਹਿਣ ਲੱਗਾ 'ਸਰਦਾਰ ਜੀ ਇਹ ਗੁੜ, ਤਿਲ ਭਾਰਤ ਵਿਚ ਨਹੀਂ ਮਿਲਦੇ?'

'ਸਭ ਕੁਝ ਹੀ ਮਿਲਦਾ ਹੈ ਭਾਰਤ ਵਿਚ, ਪਰ ਭੈਣਾਂ ਅਤੇ ਭੂਆ ਵਲੋਂ ਦਿੱਤਾ ਇਹ ਗੁੜ ਅਤੇ ਤਿਲ ਨਹੀਂ ਮਿਲਦੇ' ਨਾਲ ਦੇ ਖੜ੍ਹੇ ਕਰਮਚਾਰੀ ਨੇ ਦਲੀਪ ਸਿੰਘ ਵਲ ਇਸ ਤਰ੍ਹਾਂ ਵੇਖਿਆ, ਜਿਵੇਂ ਉਸਨੂੰ ਸ਼ਕ ਹੋਵੇ ਕਿ ਇਸ ਸਰਦਾਰ ਦੀਆਂ ਭੈਣਾਂ ਅਤੇ ਭੂਆ ਪਾਕਿਸਤਾਨ ਵਿਚ ਹੋ ਸਕਦੀਆਂ ਹਨ। ਪਰ ਦਲੀਪ ਸਿੰਘ ਦੀਆਂ ਅੱਖਾਂ ਵਿਚ ਇਸ ਦੁਖਾਂਤ ਦਾ ਵੱਡਾ ਇਤਿਹਾਸ ਲੁਕਿਆ ਨਜ਼ਰ ਆ ਰਿਹਾ ਸੀ।

# ਔਰਤਾਂ ਨੂੰ ਸਵੈ ਪਹਿਚਾਣ ਲਈ ਕਿਸੇ ਸ਼ੌਕ/ਹੁਨਰ ਦੀ ਪ੍ਰਪੱਕਤਾ ਦੀ ਲੋੜ



ਅੰਤਰਰਾਸ਼ਟਰੀ ਔਰਤ ਦਿਵਸ ਤੇ ਹਰ ਵਿਅਕਤੀ, ਹਰ ਸੰਸਥਾ, ਸਰਕਾਰਾਂ ਅਤੇ ਔਰਤਾਂ ਲਈ ਕੰਮ ਕਰ ਰਹੀਆਂ ਜਥੇਬੰਦੀਆਂ ਔਰਤ ਦੀ ਅਜੋਕੀ ਦਸ਼ਾ ਅਤੇ ਦਿਸ਼ਾ ਤੇ ਵਿਚਾਰ ਕਰਦੀਆਂ ਹਨ। ਔਰਤ ਲਈ ਅਧਿਕਾਰਾਂ ਦੀ ਗੱਲ ਹੁੰਦੀ ਹੈ, ਸੁਰੱਖਿਆ ਦੀ ਗੱਲ ਹੁੰਦੀ ਹੈ, ਸਤਿਕਾਰ ਦੀ ਗੱਲ ਤੁਰਦੀ ਹੈ, ਆਰਥਿਕ ਬਰਾਬਰੀ ਦੀ ਰੁਜ਼ਗਾਰ ਦੀ ਗੱਲ ਤੁਰਦੀ ਹੈ। ਇਹ ਸਭ ਬਾਹਰੋਂ ਕੀਤੇ ਜਾਣ ਵਾਲੇ ਕੰਮ ਹਨ। ਇਹਨਾਂ ਸਭਨਾਂ ਦੀ ਲੋੜ ਹੈ, ਇਸ ਵਿਚ ਕੋਈ ਸ਼ੱਕ ਨਹੀਂ ਕਿ ਸਰਕਾਰ ਨੂੰ ਅਤੇ ਸਮਾਜ ਨੂੰ ਔਰਤ ਨੂੰ ਆਰਥਿਕ ਬਰਾਬਰੀ ਅਤੇ ਸਮਾਜਿਕ ਬਰਾਬਰੀ ਦੇਣ ਲਈ ਹਰ ਸੰਭਵ ਯਤਨ ਕਰਨੇ ਚਾਹੀਦੇ ਹਨ ਅਤੇ ਇਹ ਯਤਨ ਸਿਰਫ ਗੱਲੀਂ ਬਾਤੀਂ ਨਹੀਂ, ਸਗੋਂ ਮਨ, ਬਚਨ ਅਤੇ ਕਰਮ ਰਾਹੀਂ ਅਸਲ ਅਰਥਾਂ ਵਿਚ ਲਾਗੂ ਕਰਨੇ ਚਾਹੀਦੇ ਹਨ। ਅਸੀਂ ਅੱਜ ਔਰਤ ਨੂੰ ਕੇਂਦਰ ਵਿਚ ਰੱਖ ਕੇ ਸਿਰਫ ਉਹਨਾਂ ਨੁਕਤਿਆਂ ਤੇ ਵਿਚਾਰ ਕਰਾਂਗੇ ਜਿਹੜੇ ਉਸ ਦੇ ਖੁਦ ਦੇ ਕਰਨ ਵਾਲੇ ਹੋਣ। ਜਿਹਨਾਂ ਲਈ ਜਿਆਦਾ ਕਰਕੇ ਉਹ ਆਪ ਜਿੰਮੇਵਾਰ ਹੋਵੇ।

ਬਿਨਾਂ ਕੋਈ ਲੰਮੀ ਬਹਿਸ ਵਿਚ ਪੈਂਦਿਆ ਸਾਨੂੰ ਇਹ ਮੰਨਣ ਵਿਚ ਕੋਈ ਇਤਰਾਜ ਨਹੀਂ ਕਿ ਸਾਡੇ ਦੇਸ਼ ਵਿਚ ਅਜੇ ਮਰਦ-ਪ੍ਰਧਾਨ ਬਿਰਤੀ ਜੜ੍ਹੋਂ ਨਹੀਂ ਗਈ। ਸਰਕਾਰਾਂ ਦੇ, ਔਰਤ ਜਥੇਬੰਦੀਆਂ ਦੇ, ਵਿਦਵਾਨਾਂ ਦੇ ਯਤਨਾਂ ਨਾਲ ਇਸ ਬਿਰਤੀ ਨੂੰ ਕੁਝ ਠੱਲ੍ਹ ਜਰੂਰ ਪਈ ਹੈ,ਪਰ ਹਰ ਵਿਅਕਤੀ ਅਜੇ ਧੁਰ ਅੰਦਰੋਂ ਸਮਾਨਤਾ ਦਾ ਅਧਿਕਾਰ ਦੇਣ ਲਈ ਪੂਰਾ ਤਿਆਰ ਨਹੀਂ ਹੋਇਆ। ਔਰਤ ਤੇ ਹੋ ਰਹੇ ਜ਼ੁਲਮ, ਧੱਕੇ, ਵਧੀਕੀਆਂ ਵੀ ਕੁਝ ਹੱਦ ਤੱਕ ਅਜੇ ਵੀ ਜਾਰੀ ਹਨ। ਭਾਵੇਂ ਹਰ ਇਕ ਥਾਂ ਮਰਦ ਹੀ ਜਿੰਮੇਵਾਰ ਨਹੀਂ ਹੁੰਦਾ, ਪਰ ਫੇਰ ਵੀ ਉਸ ਨੂੰ ਪੂਰਾ ਬੇਕਸੂਰ ਵੀ ਨਹੀਂ ਕਿਹਾ ਜਾ ਸਕਦਾ। ਜੋ ਕੰਮ ਸਰਕਾਰਾਂ ਦੇ ਕਰਨ ਵਾਲੇ ਹਨ, ਸਮਾਜ ਦੇ ਜਾਂ ਮਰਦਾਂ ਦੇ ਕਰਨ ਵਾਲੇ ਹਨ, ਉਹਨਾਂ ਨੂੰ ਇੱਕ ਪਾਸੇ ਰੱਖ ਕੇ ਅਸੀਂ ਅੱਜ ਸਿਰਫ ਔਰਤ ਤੇ ਕੇਂਦਰਿਤ ਹੋ ਰਹੇ ਹਾਂ, ਅਤੇ ਉਹਨਾਂ ਨੁਕਤਿਆਂ ਵੱਲ ਧਿਆਨ ਦਿਵਾਉਣ ਦਾ ਯਤਨ ਕਰਦੇ ਹਾਂ, ਜਿਹੜੇ ਉਹ ਥੋੜ੍ਹੇ ਬਹੁਤ ਯਤਨਾਂ ਨਾਲ ਆਪ ਕਰ ਸਕਦੀ ਹੈ। ਜੋ ਕੰਮ ਉਸ ਨੂੰ ਆਪਣਾ ਸਵੈਮਾਣ ਬਣਾਉਣ ਲਈ ਖੁਦ ਕਰਨ ਲਈ ਉੱਦਮ ਕਰਦੇ ਰਹਿਣਾ ਚਾਹੀਦਾ ਹੈ।

ਸਭ ਤੋਂ ਪਹਿਲਾਂ ਗੱਲ ਸਿੱਖਿਆ ਦੀ । ਇਹ ਤਸੱਲੀ ਵਾਲੀ ਗੱਲ ਹੈ ਕਿ ਪਹਿਲਾਂ ਦੇ ਮੁਕਾਬਲੇ ਲੜਕੀਆਂ ਦੀ ਸਿੱਖਿਆ ਵਿੱਚ ਕਾਫੀ ਸੁਧਾਰ ਆਇਆ ਹੈ। ਜਿੰਨੀ ਕੁ ਕਸਰ ਹੈ ,ਉਸ ਨੂੰ ਪੂਰਾ ਕਰਨ ਲਈ ਲੜਕੀਆਂ ਨੂੰ ਪੱਤਰ-ਵਿਹਾਰ ਸਿੱਖਿਆ, ਆਨਲਾਈਨ ਸਿੱਖਿਆ ਆਦਿ ਵਰਗੇ ਤਰੀਕੀਆ ਰਾਹੀਂ ਹੋਰ ਪੜ੍ਹਨ ਲਈ ਮਾਪਿਆਂ ਤੇ ਜੋਰ ਪਾਉਣਾ ਚਾਹੀਦਾ ਹੈ ਤਾਂ ਕਿ ਜਿਹੜੇ ਮਾਪੇ ਆਰਥਿਕ ਜਾਂ ਸਮਾਜਿਕ ਕਾਰਨਾਂ ਕਰਕੇ ਲੜਕੀ ਨੂੰ ਰੈਗੂਲਰ ਸਿੱਖਿਆ ਲੈਣ ਲਈ ਸ਼ਹਿਰ ਜਾਂ ਦੂਰ ਭੇਜਣ ਵਿਚ ਸਹਿਮਤ ਨਹੀਂ, ਉਹ ਵੀ ਘਰ ਬੈਠਿਆਂ ਪੜ੍ਹਾਉਣ ਲਈ ਸਹਿਮਤ ਹੋ ਸਕਦੇ ਹਨ। ਸਰਕਾਰਾਂ ਅਤੇ ਸਮਾਜ ਸੇਵੀ ਸੰਸਥਾਵਾਂ ਨੂੰ ਇਸ ਸਿੱਖਿਆ ਲਈ ਵੱਧ ਤੋਂ ਵੱਧ ਉਤਸ਼ਾਹਿਤ ਕਰਨਾ ਚਾਹੀਦਾ ਹੈ। ਪਰ ਜੇ ਸਿੱਖਿਆ ਕਿਸੇ ਕਾਰਨ ਨਹੀਂ ਪ੍ਰਾਪਤ ਕਰ ਸਕੇ, ਨਿਰਾਸ਼ ਹੋਣ ਦੀ ਲੋੜ ਨਹੀਂ। ਬਹੁਤ ਕੁਝ ਐਸਾ ਹੈ, ਜਿਸ ਦੇ ਲਈ ਰਸਮੀ ਸਿੱਖਿਆ ਦੀ ਜਰੂਰਤ ਨਹੀਂ ਹੈ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਰੁਜ਼ਗਾਰ ਪ੍ਰਾਪਤ ਕਰਨਾ ਬਹੁਤ ਵੱਡਾ ਅਤੇ ਮਹੱਤਵਪੂਰਨ ਪੱਖ ਹੈ। ਔਰਤ ਦੀ ਆਰਥਿਕ ਅਜਾਦੀ ਦਾ ਆਧਾਰ ਹੈ ਜਿਸ ਨੇ ਉਸ ਵਿਚ ਵਿਸ਼ਵਾਸ਼ ਵੀ ਭਰਨਾ ਹੈ ਅਤੇ ਆਪਣੇ ਹੱਕ ਲੈਣ ਲਈ ਉਸਨੂੰ ਜਾਗ੍ਰਤ ਵੀ ਕਰਨਾ ਹੈ। ਪਰ ਨੌਕਰੀ ਜਾਂ ਰੁਜ਼ਗਾਰ ਪ੍ਰਾਪਤੀ ਉਸ ਦੇ ਆਪਣੇ ਹੱਥ ਵਿਚ ਨਹੀਂ। ਉਸਨੂੰ ਚਾਹੀਦਾ ਹੈ ਕਿ ਉਹ ਸਿਰਫ ਨੌਕਰੀ ਤੱਕ ਹੀ ਆਪਣੇ ਆਪ ਨੂੰ ਸੀਮਿਤ ਨਾ ਕਰੇ। ਸਵੈ ਰੁਜ਼ਗਾਰ ਦੇ ਬੇਅੰਤ ਮੌਕੇ ਹਨ। ਹੋਰ ਕਿੰਨੇ ਹੀ ਖੇਤਰ ਹਨ, ਜਿਹਨਾਂ ਰਾਹੀਂ ਉਹ ਸਿਰਫ ਆਪਣੇ ਦਿਮਾਗ ਦੀ ਸੁਚੱਜੀ ਵਰਤੋਂ ਕਰਕੇ ਹੋਰ ਧਨ ਕਮਾਉਣ ਦੇ ਤਰੀਕੇ ਲੱਭ ਸਕਦੀ ਹੈ। ਆਪਣੇ ਵਰਗੀਆਂ ਹੋਰ ਔਰਤਾਂ ਨੂੰ ਜੋੜ ਕੇ ਆਪ ਕੋਈ ਛੋਟੀ ਮੋਟੀ ਸੰਸਥਾ/ਕੰਪਨੀ ਖੋਲ ਕੇ ਕੰਮ ਕਰ ਸਕਦੀ ਹੈ। ਲੋੜ ਸਿਰਫ ਕੁਝ ਕਰਨ ਦੀ, ਕਰ ਦਿਖਾਉਣ ਦੀ ਲਗਨ ਦੀ ਹੈ।

ਹੁਣ ਤੱਕ ਔਰਤ, ਖਾਸ ਕਰਕੇ, ਭਾਰਤੀ ਔਰਤ ਨੇ ਆਪਣੇ ਸਮੇਂ ਦਾ ਜ਼ਿਆਦਾ ਹਿੱਸਾ ਰਸੋਈ ਵਿਚ, ਘਰੇਲੂ ਕੰਮਾਂ ਵਿਚ ਅਤੇ ਬੱਚਿਆਂ ਤੇ ਪਰਿਵਾਰ ਦੇ ਹੋਰ ਮੈਂਬਰਾਂ ਦੀ ਸਾਂਭ ਸੰਭਾਲ ਵਿੱਚ ਹੀ ਲਗਾਇਆ ਹੈ। (ਕੰਮ ਕਰਨ ਵਾਲੀਆਂ ਔਰਤਾਂ ਤੋਂ ਬਿਨਾਂ), ਪਰ ਇਸ ਸਭ ਵਿਚ ਉਸ ਨੂੰ ਕਿੰਨਾ ਕੁ ਮਾਣ ਸਨਮਾਨ ਅਤੇ ਪਹਿਚਾਣ ਮਿਲੀ ਹੈ। ਪਰਿਵਾਰ ਦੇ ਬਾਕੀ ਸਾਰੇ ਮੈਂਬਰ ਸਮਝਦੇ ਹਨ ਕਿ ਇਹ ਤਾਂ ਉਸਦਾ ਫਰਜ ਹੈ। ਇਸ ਫਰਜ ਪੂਰਤੀ ਲਈ ਉਸ ਨੂੰ ਬਾਕੀ ਸਮਾਜ ਤਾਂ ਕੀ, ਉਸ ਤੋਂ ਇਹ ਸੇਵਾਵਾਂ ਪ੍ਰਾਪਤ ਕਰਨ ਵਾਲੇ ਪਰਿਵਾਰ ਦੇ ਮੈਂਬਰ ਵੀ ਉਸਦੀ ਪ੍ਰਸੰਸਾ ਨਹੀਂ ਕਰਦੇ। ਸਗੋਂ ਕਿਤੇ ਮਾੜੀ ਮੋਟੀ ਹੋਈ ਗਲਤੀ ਨੂੰ ਚਿਤਾਰਨਾ ਕਦੇ ਨਹੀਂ ਭੁੱਲਦੇ। ਇਸ ਸਭ ਦਾ ਅਸਰ ਇਹ ਹੁੰਦਾ ਹੈ ਕਿ ਔਰਤ ਖੁਦ ਵੀ ਆਪਣੀ ਪਹਿਚਾਣ ਭੁੱਲ ਜਾਂਦੀ ਹੈ। ਉਹ ਕਿਸੇ ਦੀ ਪਤਨੀ ਹੈ, ਕਿਸੇ ਦੀ ਨੂੰਹ, ਧੀ, ਭੈਣ, ਮਾਂ ਹੈ, ਪਰ ਆਪ ਉਹ ਕੀ ਹੈ। ਕਿੱਥੇ ਹੈ ਉਸਦਾ ਆਪਣਾ ਨਿੱਜ। 99% ਔਰਤਾਂ ਨੇ ਆਪਣੇ ਆਪ ਨੂੰ ਸੋਹਣਾ ਅਤੇ ਜਵਾਨ ਲੱਗਣ ਲਈ ਜਰੂਰ ਕੋਸ਼ਿਸ਼ ਕੀਤੀ ਹੈ ਅਤੇ ਕਰਦੀਆਂ ਵੀ ਰਹਿੰਦੀਆਂ ਹਨ। ਪਰ ਅਸਿੱਧੇ ਤੌਰ 'ਤੇ ਇਹ ਵੀ ਉਸਦੇ ਆਪਣੇ ਲਈ ਨਹੀਂ ਹੈ। ਮਰਦ ਨੇ ਇੱਕ ਇਸੇ ਦੀ ਹੀ ਪ੍ਰਸੰਸਾ ਕੀਤੀ ਹੋਣ ਕਰਕੇ ਔਰਤ ਨੇ ਆਪਣੇ ਆਪ ਨੂੰ ਇਸ ਇੱਕ ਬਿਰਤੀ ਵਿਚ ਪੂਰਾ ਜਜ਼ਬ ਕਰ ਦਿੱਤਾ ਹੈ ਅਤੇ ਆਪਣੀ ਸਾਰੀ ਊਰਜਾ ਆਪਣੇ ਆਪ ਨੂੰ ਹੋਰ ਸੋਹਣਾ ਦਿਖਾਉਣ ਵਿਚ ਲਗਾ ਦਿੱਤਾ ਹੈ। ਇਸੇ ਲਈ ਅੱਜ ਬਿਊਟੀ ਪਾਰਲਰ ਹਰ ਛੋਟੇ ਤੋਂ ਛੋਟੇ ਪਿੰਡ ਵਿਚ ਵੀ ਖੁੱਲ੍ਹ ਗਏ ਹਨ। ਕਾਸਮੈਟਿਕਸ ਇੰਡਸਟਰੀ ਦਾ ਅਰਬਾਂ ਖਰਬਾਂ ਦਾ ਵਪਾਰ ਇਸ ਸੋਹਣੇ ਲੱਗਣ ਦੀ ਦੌੜ ਚੋਂ ਨਿਕਲਿਆ ਹੈ। ਪਰ ਕੀ ਇਸ ਨਾਲ ਉਹ ਆਪਣੀ ਪਹਿਚਾਣ ਬਣਾ ਸਕੀ ਹੈ। ਕੀ ਉਸ ਦੇ ਸਵੈ ਮਾਣ ਵਿਚ ਵਾਧਾ ਹੋਇਆ ਹੈ।

ਲੋੜ ਹੈ ਉਸ ਨੂੰ ਆਪਣੀਆਂ ਅੰਦਰੂਨੀ ਸ਼ਕਤੀਆਂ ਅਤੇ ਸਮਰੱਥਾਵਾਂ ਨੂੰ ਪਹਿਚਾਨਣ ਅਤੇ ਉਨ੍ਹਾਂ ਦਾ ਵਿਕਾਸ ਕਰਨ ਦੀ। ਕਿਉਂਕਿ ਸੁਹੱਪਣ ਅਤੇ ਜਵਾਨੀ ਹਮੇਸ਼ਾ ਕਾਇਮ ਨਹੀਂ ਰੱਖੀਆਂ ਜਾ ਸਕਦੀਆਂ। ਸਮੇਂ ਦੀ ਤਬਦੀਲੀ ਨਾਲ ਇਸ ਗ੍ਰਾਫ ਦਾ ਹੇਠਾਂ ਨੂੰ ਜਾਣਾ ਯਕੀਨੀ ਹੈ। ਪਰ ਜੇ ਉਹਨਾਂ ਆਪਣੀ ਅੰਦਰੂਨੀ ਸੁੰਦਰਤਾ ਅਤੇ ਹੁਨਰ ਨੂੰ ਪਹਿਚਾਣ ਕੇ ਉਸਨੂੰ ਵਿਕਸਿਤ ਕੀਤਾ, ਤਾਂ ਇਹ ਸਦਾ ਰਹਿਣ ਵਾਲਾ ਗਹਿਣਾ ਹੈ। ਜਰਾ ਨਜਰ ਮਾਰ ਕੇ ਵੇਖਣਾ ਕਿੰਨੀਆਂ ਕੁ ਔਰਤਾਂ ਹਨ ਜਿਹੜੀਆਂ ਕਿਸੇ ਕਲਾ ਨੂੰ ਸ਼ੌਕ ਨਾਲ ਨਿਭਾਉਂਦੀਆਂ ਹਨ। ਕਿੰਨੀਆਂ ਨੇ ਜੋ ਕਲਾਕਾਰ ਹਨ, ਲੇਖਕ ਹਨ, ਸੰਗੀਤਕਾਰ ਹਨ, ਭਾਵੇਂ ਸ਼ੌਕ ਨੂੰ ਕਿੱਤਾ ਵੀ ਬਣਾਇਆ ਜਾ ਸਕਦਾ ਹੈ, ਪਰ ਸਿਰਜਣਾਤਮਕਤਾ ਅਤੇ ਸੁਹਜ ਤਾਂ ਪਹਿਲਾਂ ਸ਼ੌਕ ਅਤੇ ਲਗਨ ਵਿਚੋਂ ਹੀ ਨਿਕਲਣੀ ਹੈ। ਨੱਚਣਾ ਅਤੇ ਗਾਉਣਾ ਖਾਸ ਕਰਕੇ ਔਰਤਾਂ ਦਾ ਖੇਤਰ ਰਿਹਾ ਹੈ, ਪਰ


ਜਸਵਿੰਦਰ ਸਿੰਘ ਰੁਪਾਲ
9814715796




ਅੱਜ ਦੇਖੋ ਤਾਂ ਕਿੰਨੀਆਂ ਔਰਤਾਂ ਨੂੰ ਕਿੰਨੇ ਗੀਤ ਯਾਦ ਹਨ। ਕਿਸੇ ਵਿਆਹ ਸ਼ਾਦੀ ਤੇ ਉਹ ਖੁਦ ਬੋਲੀਆਂ ਪਾ ਕੇ ਨੱਚ ਵੀ ਨਹੀਂ ਸਕਦੀਆਂ। ਗੀਤ ਡੀ. ਜੇ. ਵਿਚ ਚੱਲੇਗਾ ਤੇ ਉਹ ਆਪਣੇ ਕੱਪੜਿਆਂ ਅਤੇ ਗਹਿਣਿਆਂ ਰਾਹੀਂ ਸਿਰਫ ਆਪਣੇ ਸਰੀਰ ਦੀ ਨੁਮਾਇਸ਼ ਕਰਨ ਲਈ ਨੱਚਣ ਦੀ ਕੋਸ਼ਿਸ਼ ਕਰ ਰਹੀਆਂ ਹੁੰਦੀਆਂ ਹਨ। ਮੈਂ ਮੁਆਫੀ ਚਾਹਾਂਗਾ, ਜੇ ਮੇਰੇ ਸ਼ਬਦਾਂ ਵਿਚ ਕਿਸੇ ਨੂੰ ਜ਼ਰਾ ਰੁੱਖਾਪਣ ਨਜਰ ਆਇਆ ਹੋਵੇ, ਪਰ ਮੇਰੀ ਭਾਵਨਾ ਨੂੰ ਸਮਝਣ ਦਾ ਯਤਨ ਕਰਨਾ।

ਕਿੰਨੀਆਂ ਹੀ ਕਲਾਵਾਂ ਅਤੇ ਹੁਨਰ ਹੋ ਸਕਦੇ ਹਨ ਜਿਨ੍ਹਾਂ ਵਿਚ ਔਰਤ ਮਾਹਰ ਹੋ ਸਕਦੀ ਹੈ। ਪੁਰਾਣੇ ਸਮੇਂ ਵਿਚ ਖਾਣਾ ਬਣਾਉਣ ਅਤੇ ਸਿਊਣ ਸਿਲਾਈ ਆਦਿ ਵਰਗੇ ਕੰਮ ਹੀ ਮੁੱਖ ਸਨ। ਕੰਮ ਕੋਈ ਵੀ ਛੋਟਾ ਜਾਂ ਵੱਡਾ ਨਹੀਂ, ਗੱਲ ਤਾਂ ਉਸ ਵਿੱਚ ਮਾਹਰ ਹੋਣ ਦੀ, ਉਸ ਨੂੰ ਇੱਕ ਵੱਖਰੇ ਕਲਾਤਮਕ ਢੰਗ ਨਾਲ ਕਰਨ ਦੀ ਅਤੇ ਉਸ ਵਿਚੋਂ ਆਪਣੀ ਪਹਿਚਾਣ ਬਣਾ ਲੈਣ ਦੀ ਹੁੰਦੀ ਹੈ। ਕੁਝ ਸਾਲ ਪਿੱਛੇ ਚੱਲੀਏ ਤਾਂ ਲੜਕੀਆਂ ਅਤੇ ਔਰਤਾਂ ਕਢਾਈ ਕਰਨ ਵਿੱਚ, ਬੁਣ ਬੁਣਾਈ ਕਰਨ ਵਿੱਚ, ਦਰੀਆਂ ਬੁਣਨ ਵਿਚ ਮਾਹਰ ਹੁੰਦੀਆਂ ਸਨ ਅਤੇ ਇਨ੍ਹਾਂ ਰਾਹੀਂ ਆਪਣੀ ਅੰਦਰਲੀ ਪ੍ਰਤਿਭਾ ਨੂੰ ਬਾਹਰ ਕੱਢਦੀਆਂ ਸਨ। ਅੱਜ ਕੰਮ ਮਸ਼ੀਨਾਂ ਨੇ ਸੰਭਾਲ ਲਏ ਹਨ। ਹੱਥੀਂ ਕੀਤੇ ਕੰਮ ਨੂੰ ਅੱਜ ਵੀ ਸਵੀਕ੍ਰਿਤੀ ਅਤੇ ਪ੍ਰਸੰਸਾ ਮਿਲਦੀ ਹੈ। ਸੋਹਣੀ



ਲਿਖਾਈ ਚ ਲਿਖੇ ਅੱਖਰ ਕਿਸ ਨੂੰ ਨਹੀਂ ਮੋਂਹਦੇ। ਦਿਲਕਸ਼ ਆਵਾਜ ਵਿੱਚ ਕੋਈ ਗਾਵੇ ਤਾਂ ਬਿਨਾਂ ਸਾਜਾਂ ਤੋਂ ਵੀ ਸਰੋਤੇ ਨੂੰ ਕੀਲਣ ਦੀ ਤਾਕਤ ਰੱਖਦਾ ਹੈ। ਖਾਸ ਮਿੱਠੇ ਅੰਦਾਜ ਵਿਚ ਬੋਲਣਾ, ਦੂਸਰੇ ਦਾ ਸਵਾਗਤ ਕਰਨਾ, ਖੂਬਸੂਰਤ ਮੁਸਕਰਾਹਟ ਵੀ ਇੱਕ ਵੱਖਰੀ ਪਹਿਚਾਣ ਬਣ ਸਕਦੀ ਹੈ। ਕਿਸੇ ਵੀ ਸ਼ੌਕ ਨੂੰ, ਕਿੱਤੇ ਨੂੰ ਇੱਕ ਵੱਖਰੇ ਅਤੇ ਖੂਬਸੂਰਤ ਅੰਦਾਜ਼ ਵਿੱਚ ਕੀਤੇ ਜਾਣ ਨਾਲ ਉਸ ਵਿੱਚ ਮੁਹਾਰਤ ਬਣੇਗੀ ਅਤੇ ਉਹ ਉਸ ਦੀ ਮਾਲਕਣ ਦੇ ਨਾਮ ਨਾਲ ਜੁੜ ਜਾਏਗੀ। ਇਹ ਮੁਹਾਰਤ ਇਹ ਕਲਾ ਹੀ ਔਰਤ ਨੂੰ ਆਪਣੇ ਪਰਿਵਾਰ ਵਿੱਚ, ਆਪਣੇ ਮੁਹੱਲੇ ਵਿੱਚ, ਪਿੰਡ ਵਿੱਚ ਅਤੇ ਸਮੂਹ ਸਮਾਜ ਵਿੱਚ ਮਾਣ ਸਨਮਾਨ ਦਾ ਕਾਰਨ ਬਣੇਗੀ। ਬਾਹਰੋਂ ਮਿਲਦੀ ਪ੍ਰਸੰਸਾ ਅਤੇ ਮਾਣ ਨਾਲ ਪਰਿਵਾਰ ਦੇ ਮੈਂਬਰ ਵੀ ਖੁਸ਼ੀ ਅਤੇ ਚਾਅ ਨਾਲ ਭਰ ਜਾਣਗੇ ਅਤੇ ਔਰਤ ਨੂੰ ਉਸ ਕਲਾ ਲਈ ਵੱਧ ਸਮਾਂ ਦੇਣਗੇ ਅਤੇ ਲੋੜ ਪਈ ਤਾਂ ਖਰਚ ਵੀ ਕਰਨਗੇ। ਉਹ ਇਸ ਸ਼ੌਕ ਨੂੰ ਕਿੱਤਾ ਵੀ ਬਣਾ ਸਕਦੀ ਹੈ ਅਤੇ ਹੋਰਾਂ ਨੂੰ ਸਿਖਾ ਵੀ ਸਕਦੀ ਹੈ। ਹੋਰ ਵੱਡੇ ਪੱਧਰ ਤੇ ਇਹ ਇੱਕ ਉੱਦਮ ਦਾ ਰੂਪ ਵੀ ਧਾਰਨ ਕਰ ਸਕਦਾ ਹੈ। ਆਰਥਿਕ ਲਾਭ ਨੂੰ ਇੱਕ ਪਾਸੇ ਰੱਖੀਏ, ਔਰਤ ਦੀ ਆਪਣੀ ਹੋਂਦ ਅਤੇ ਪਹਿਚਾਣ ਲਈ ਇਹ ਬਹੁਤ ਮੱਦਦਗਾਰ ਹੋਏਗਾ। ਇਸ ਨਾਲ ਸਮਾਜਿਕ ਸੰਬੰਧ ਵੀ ਸੁਧਰਨਗੇ ਅਤੇ ਬੱਚਿਆਂ ਤੇ ਵੀ ਬਹੁਤ ਵਧੀਆ ਪ੍ਰਭਾਵ ਪਵੇਗਾ। ਖਾਸ ਗੱਲ ਕਿ ਸਮੇਂ ਦੇ ਬੀਤਣ ਨਾਲ ਇਸ ਵਿੱਚ ਵਿਕਾਸ ਹੀ ਹੋਏਗਾ। ਵਧਦੀ ਉਮਰ, ਘਟਦੇ ਰੁਝੇਵੇਂ, ਢਿੱਲੀ ਸਿਹਤ, ਇੱਕਲਾਪਣ ਕੋਈ ਵੀ ਅਜਿਹੀ ਅਲਾਮਤ ਉਸ ਦੇ ਮਨ ਦੀ ਚੜ੍ਹਦੀ ਕਲਾ ਨੂੰ ਨਹੀਂ ਡੇਗ ਸਕੇਗੀ। ਕਿਉਂਕਿ ਹੁਣ ਉਹ ਖੁਦ ਸਿਰਜਣਹਾਰ ਹੋ ਗਈ ਹੈ। ਉਹ ਸਿਰਫ ਹੱਡ ਮਾਸ ਦੀ ਪੁਤਲੀ ਹੀ ਨਹੀਂ ਰਹੀ, ਉਸਦੀ ਕਲਾ ਨੇ ਉਸਨੂੰ ਇੱਕ ਸਦੀਵੀ ਜਿੰਦਗੀ ਬਖ਼ਸ਼ ਦਿੱਤੀ ਹੈ।

ਤਾਂ ਤੇ ਅੱਜ ਤੋਂ ਹੀ ਕਾਇਮ ਹੋਵੋ। ਆਪਣੀ ਸਮਰੱਥਾ ਨੂੰ ਪਹਿਚਾਣੋ। ਲੱਭੋ ਤੁਹਾਡੇ ਅੰਦਰ, ਧੁਰ ਅੰਦਰ ਕੌਣ ਛੁਪ ਕੇ ਬੈਠਾ ਹੈ ??? ਇੱਕ ਕਲਾਕਾਰ, ਇੱਕ ਗਾਇਕ, ਇੱਕ ਚਿੱਤਰਕਾਰ, ਇੱਕ ਸੰਗੀਤਕਾਰ, ਇੱਕ ਲੇਖਕ, ਇੱਕ ਬੁਲਾਰਾ, ਇੱਕ ਕੌਂਸਲਰ, ਇੱਕ ਸੇਵਕ, ਉਸ ਨੂੰ ਬਾਹਰ ਕੱਢੋ, ਵਿਕਸਿਤ ਹੋਣ ਦਿਓ, ਬਾਹਰਲੇ ਮੇਕ ਅੱਪ ਫਿੱਕੇ ਪੈ ਜਾਣਗੇ। ਹੁਨਰ ਅਤੇ ਕਿਰਤ ਦਾ ਮਜੀਠਾ ਰੰਗ ਆਪਣੀ ਆਭਾ ਖਿਲਾਰੇਗਾ ਅਤੇ ਆਪਣੇ ਚੁਫੇਰੇ ਨੂੰ ਮਹਿਕਾ ਦੇਵੇਗਾ। ਮੈਂ ਸਮੂਹ ਔਰਤਾਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਆਪਣੀ ਆਪਣੀ ਕਸਤੂਰੀ ਨੂੰ ਪਹਿਚਾਨਣ। ਮੇਰਾ ਵਿਸ਼ਵਾਸ਼ ਹੈ ਕਿ ਇਸ ਮਹਿਕ ਰੱਤੀ ਔਰਤ ਨੂੰ ਕਦੇ ਵੀ ਕਿਸੇ ਵਿਤਕਰੇ ਦੀ ਸ਼ਿਕਾਰ ਨਹੀਂ ਹੋਣਾ ਪਵੇਗਾ। ਉਸ ਨੂੰ ਔਰਤ ਹੋਣ ਤੇ ਝੂਰਨਾ ਨਹੀਂ ਪਏਗਾ, ਸਗੋਂ ਉਹ ਆਪਣੇ ਨਾਰੀਤਵ ਤੇ ਮਾਣ ਮਹਿਸੂਸ ਕਰੇਗੀ ਕਿਉਂਕਿ ਹੁਣ ਫੇਰ ਉਸਨੇ ਕੁਝ ਸਿਰਜਿਆ ਹੈ, ਜੋ ਨਿਰੋਲ ਉਸਦਾ ਆਪਣਾ ਹੈ। ਅਤੇ ਉਸਦੇ ਅੰਦਰ ਜਿਊਂਦਾ ਹੈ। ਇਹ ਉਸਦੇ ਸਾਹਾਂ ਵਿਚ ਧੜਕਦਾ ਹੋਇਆ ਉਸਨੂੰ ਇੱਕ ਨਵਾਂ ਜੀਵਨ ਪ੍ਰਦਾਨ ਕਰੇਗਾ।



## ਪਤਾ ਨਹੀਂ ਗੁਰੂ ਜੀ...

ਪਤਾ ਨਹੀਂ ਗੁਰੂ ਜੀ
ਤੁਹਾਡੀ ਮੌਜ ਸੀ ਕਿ ਮਜਬੂਰੀ
ਚਾਰ ਸਿੰਘ ਬੁਲਾ ਲੈਂਦੇ
ਗੈਰ ਮਜ਼ਹਬ ਗਨੀ ਨਬੀ ਖਾਨਾਂ ਨੂੰ
ਕਾਹਨੂੰ ਚੁਕਾ ਤੁਰੇ ਮੰਜੀ
ਜਿਸ ਤੇ ਆਪ ਦੀ ਪਾਵਨ ਹਜ਼ੂਰੀ
ਪਰ ਤੁਸੀਂ ਤਾਂ ਦਰਬਾਰ ਵਿੱਚ ਵੀ
ਵੰਨ ਸੁਵੱਨੇ ਕਵੀ ਕਵੀਸ਼ਰਾਂ ਨੂੰ
ਚਮਲਾਈ ਰਖਦੇ ਸੀ
ਏਧਰ ਉਧਰ ਦੇ ਗੈਰ ਮਜਹਬਾਂ ਨੂੰ ਵੀ
ਗਾਉਣ ਲਾਈ ਰੱਖਦੇ ਸੀ
ਪਰ ਸਾਡੀ ਮਰਿਆਦਾ ਪੱਕੀ
ਬੈਠ ਕੇ ਗੁਰੂ ਦੇ ਕੋਲ
ਗਾਉਣ ਲਈ ਬਾਣੀ ਦੇ ਬੋਲ
ਮਰਦਾਨੇ-ਪੁੱਤਰ ਹੱਥ ਰਬਾਬ ਨਹੀਂ
ਗਾਤਰੇ-ਕਿਰਪਾਨ ਜ਼ਰੂਰੀ
ਅਸੀਂ ਰਹਿਤ ਪੱਕੀ ਰੱਖਦੇ
ਰਹਿਤੀ ਹੱਥੋਂ ਹੀ ਛੱਕਦੇ
ਪੂਰਾ ਪਰਹੇਜ਼ ਕਰਦੇ ਹਾਂ
ਪਰ ਤੁਹਾਡੇ ਸਾਹਿਬਜਾਦਿਆਂ ਦਾ
ਲਿਹਾਜ਼ ਤੇ ਹੇਜ਼ ਕਰਦੇ ਹਾਂ
ਆਖਦੇ ਹਾਂ ਕਿ ਉਹਨਾਂ ਦੀ ਸਿੱਖੀ
ਵਜੀਦੇ ਦੇ ਦਰਬਾਰ ਵਿੱਚ
ਸਰਹੰਦ ਦੀ ਦੀਵਾਰ ਵਿੱਚ
ਵੀ ਨਹੀਂ ਸੀ ਟੁੱਟੀ
ਪਰ ਸੱਚ ਪੁਛੋ ਉਹ ਸਿੱਖੀ ਤਾਂ
ਠੰਡੇ ਬੁਰਜ ਵਿੱਚ ਹੀ ਮੋਤੀ ਮਹਿਰੇ ਬੇਅਮ੍ਰਿਤੀਏ ਹੱਥੋਂ
ਦੁੱਧ ਪੀਣ ਨਾਲ ਗਈ ਸੀ ਭਿੱਟੀ
ਤੁਹਾਡੇ ਮੂੰਹ ਨੂੰ ਅਜਿਹਾ ਕਹਿਣ ਤੋਂ ਗੁਰੇਜ ਕਰਦੇ ਹਾਂ
ਤੁਸੀਂ ਬੜੀ ਘੌਲ ਕੀਤੀ
ਅਸੀਂ ਮਰਿਆਦਾ ਅਨੁਸਾਰ
ਉਚੇਚੀ ਗੌਰ ਕੀਤੀ
ਮਾਤਾ ਗੁਜਰੀ ਦਾ ਨਾਂ ਗੁੱਜਰ ਕੌਰ ਕੀਤਾ
ਮਾਤਾ ਸੁੰਦਰੀ ਸੁੰਦਰ ਕੌਰ ਕੀਤੀ
ਗੁੱਸਾ ਨਾ ਕਰਨਾ
ਅਸੀਂ ਵਕਤ ਨੂੰ
ਪੁੱਠਾ ਗੇੜ ਚੜ੍ਹਾਉਣਾ ਹੈ
1699 ਨੂੰ ਧੱਕ ਕੇ
1469 ਤੇ ਪਹੁੰਚਾਉਣਾ ਹੈ
ਮਰਦਾਨੇ, ਰਾਏ ਬੁਲਾਰ, ਬਾਬੇ ਬੁੱਢੇ
ਮੀਆਂ ਮੀਰ, ਭਾਈ ਗੁਰਦਾਸ ਨੂੰ
ਗੁਰੂ ਵਾਲੇ ਬਣਾਉਣਾ ਹੈ
ਪਹਿਲਾਂ 24 ਸਾਲਾ ਵਕਫਾ ਮਿਟਾਵਾਂਗੇ
ਮਤੀ ਸਤੀ ਦਾਸ, ਦਿਆਲੇ ਨੂੰ ਸਿੰਘ ਸਜਾਵਾਂਗੇ
ਬੁੱਧੂ ਸ਼ਾਹ, ਘਨੱਈਏ, ਟੋਡਰ ਮੱਲ, ਨੂਰੇ ਮਾਹੀ ਦੀ ਵੀ
ਗੱਲ ਸਿਰੇ ਲਾ ਕੇ ਛੱਡਾਂਗੇ
ਭਾਈ ਨੰਦ ਲਾਲ ਸਣੇ 52 ਕਵੀਆਂ ਨੂੰ
ਅੰਮ੍ਰਿਤ ਛਕਾ ਕੇ ਛੱਡਾਂਗੇ
ਦੇਖੀਂ, ਪੰਥ ਤੇਰੇ ਦੀਆਂ ਗੂੰਜਾਂ



-ਜਸਵੰਤ ਜ਼ਫ਼ਰ

## ਯੁਵਾ-ਪੀੜ੍ਹੀ

ਪਤਾ ਨਹੀਂ ਕੀ ਹੋਇਆ, ਅੱਜ ਦੇ ਯੁਵਕਾਂ ਨੂੰ।
ਛੱਡ ਕੇ ਦੇਸ਼ ਨੇ ਭੱਜਦੇ, ਦੂਜੇ ਮੁਲਕਾਂ ਨੂੰ।
ਮਾਂ-ਪਿਓ ਦਾ ਕੋਈ, ਕਰਦੇ ਸਤਿਕਾਰ ਨਹੀਂ।
ਹਰ ਥਾਂ ਚਾਹੁੰਦੇ ਜਿੱਤਣਾ, ਮੰਨਦੇ ਹਾਰ ਨਹੀਂ।

ਰੱਖਦੇ ਹੱਥ ਮੋਬਾਈਲ, ਕਾਰਾਂ ਤੇ ਚੜ੍ਹਦੇ ਨੇ।
ਯਾਰੀ ਉੱਚਿਆਂ ਨਾਲ, ਨਾ ਹੋਰ ਥਾਂ ਖੜ੍ਹਦੇ ਨੇ।
ਖਾਂਦੇ ਪੀਜ਼ੇ-ਬਰਗਰ, ਪੀਂਦੇ ਕੋਕ ਬਈ।
ਕਦੇ ਨਾ ਚੰਗੇ ਲੱਗਦੇ, ਆਪਣੇ ਲੋਕ ਬਈ।

ਕਰਦੇ ਆਪਣਾ ਫ਼ਿਕਰ, ਲਾਜ ਨਾ ਜੱਗ ਦੀ ਏ।
ਮਾਂ-ਬੋਲੀ ਤਾਂ ਜੀਕਰ, ਇਨ੍ਹਾਂ ਨੂੰ ਵੱਢਦੀ ਏ।
ਛੱਡੀਏ ਧੱਕੇ ਖਾਣੇ, ਘਰ ਨੂੰ ਮੁੜ ਆਈਏ।
ਹੱਥੀਂ ਕਰੀਏ ਕੰਮ, ਤੇ ਰਲਮਿਲ ਵੰਡ ਖਾਈਏ।

-ਪ੍ਰੋ. ਨਵ ਸੰਗੀਤ ਸਿੰਘ
9417692015

## ਔਰਤ ਦਿਵਸ

ਔਰਤ ਜੱਗ ਦੀ ਜਣਨੀ ਕਹਿੰਦੇ, ਰਚਿਆ ਸਰਬ ਸੰਸਾਰ,
ਫਿਰ ਵੀ ਥਾਂ ਥਾਂ ਕਿਉਂ ਹੋ ਰਿਹੈ, ਬਿਚਾਰੀ ਦਾ ਤ੍ਰਿਸਕਾਰ ?
ਕੋਈ ਜੁੱਤੀ ਪੈਰ ਦੀ ਆਖਦਾ ਹੈ, ਕੋਈ ਆਖਦਾ ਹੈ ਢੋਰ,
ਉਂਝ ਪੂਜਾ ਦਾ ਕਰਨ ਦਿਖਾਵਾ, ਕਹਿਣ ਮਾਂ ਜੇਹੀ ਨ ਹੋਰ।

ਘਰ ਛੱਡ ਸਨ ਯੋਗ ਕਮਾਂਵਦੇ, ਨਹੀਂ ਗ੍ਰਹਿਸਥ ਸੀ ਰਾਸ,
ਔਰਤ ਬੰਦ ਕਰੇ ਰਾਹੇ-ਮੁਕਤੀ, ਕਰੇ ਜੰਗਲਾਂ ਨੂੰ ਪਰਵਾਸ।
ਨਾਨਕ ਸੀ ਆਣ ਵੰਗਾਰਿਆ, ਜਰਾ ਸੁਣਨਾ ਭਲੇ ਪੁਰਸ਼,
ਜਿਹਦੇ ਗਰਭ 'ਚ ਤੂੰ ਜੰਮਿਆ, ਸੋਈ ਕਿਉਂ ਆਖਦੈਂ ਤੁੱਛ।

ਪਰ ਮਿਥਿਹਾਸ ਜਦੋਂ ਦੇਖਦਾਂ, ਸਦਾ ਧੱਕੇ ਹੋਏ ਤੇਰੇ ਨਾਲ਼,
ਦੇਵਦਾਸੀਆਂ ਜਾਂ ਗੋਪੀਆਂ, ਸਦਾਚਾਰੀ ਦੇ ਮੰਦੜੇ ਹਾਲ।
ਬ੍ਰਹਮਾ, ਵਿਸ਼ਨੂੰ, ਇੰਦਰ ਜੇਹੇ, ਰਿਸ਼ੀ ਮੁਨੀ ਨ੍ਹੀਂ ਨਿਰਲੇਪ,
ਸੋਸ਼ਣ ਹੋਏ ਹਰ ਦੌਰ ਵਿੱਚ, ਪਰਤ-ਦਰ-ਪਰਤ ਹਰ ਖੇਪ।

ਤੂੰਹੀ ਐਸਾ ਤੋਹਫ਼ਾ ਖੁਦਾ ਦਾ, ਸੁਸ਼ੀਲ, ਹਠੀ ਤੇ ਸੋਚਵਾਨ,
ਚੰਡੀ,ਦੁਰਗਾ,ਮਹਾਂਕਾਲੀ ਤੂੰ,ਸਰਸਵਤੀ ਅਤੇ ਭਗਵਾਨ।
ਦੁਨੀਆਂ ਕਰੇ ਨਿੱਤ ਤਰੱਕੀਆਂ, ਭਾਵੇਂ ਦਿੱਤੀ ਬਰਾਬਰ ਥਾਂ,
ਮਰਦ-ਪ੍ਰਧਾਨ ਸਮਾਜ ਕਿਉਂ, ਫਿਰ ਸੋਸ਼ਣ ਲਈ ਰੱਖੇ ਥਾਂ।

ਤਾਂ ਵੀ ਤੂੰ ਹੌਸਲਾ ਨ ਹਾਰਦੀ, ਚਾਹੇ ਅਕਾਸ਼ ਜਾਂ ਜ਼ਮੀਨ,
ਹਿੱਕ ਡਾਹ ਬਰਾਬਰ ਬੰਦੇ ਦੇ, ਸਾਰੇ ਕੰਮ ਤੂੰ ਕਰੇ ਮਹੀਨ।
ਸ੍ਰਿਸ਼ਟੀ ਵੀ ਲੱਗਦੀ ਬੇਰਸ, ਤੇਰੇ ਬਿਨ ਨਹੀਂ ਹੈ ਰੰਗੀਨ,
ਸੁੰਨਾ ਸੁੰਨਾ ਘਰ ਪਰਿਵਾਰ, ਜੀਵਨ ਅਧੂਰਾ-ਗ਼ਮਗੀਨ।

ਸੇਵਾ ਸਿੰਘ "ਨੂਰਪੁਰੀ"

## ਮਾਂ ਬੋਲੀ

ਬੋਲੀ ਹੈ ਪੰਜਾਬੀ ਸਾਡੀ, ਮਾਂ ਬੋਲੀ ਪੰਜਾਬੀ
ਲਿਖਣੀ ਤਾਂ ਕੀ, ਬੋਲਣ ਵੇਲੇ ਵੀ ਸ਼ਰਮਾਉਂਦੇ ਹਾਂ ਅਸੀਂ

ਸਟੇਜਾਂ ਤੇ ਦਿੰਦੇ ਹਾਂ ਭਾਸ਼ਣ, ਪੰਜਾਬੀ ਅਪਣਾਓ
ਪਰ ਅੰਗਰੇਜ਼ੀ ਸਕੂਲਾਂ ਵਿੱਚ ਆਪਣੇ ਬੱਚੇ ਪਾਉਂਦੇ ਹਾਂ ਅਸੀਂ

ਫਾਰਮੈਲਟੀਆਂ ਵਿੱਚ ਸਮਾਂ ਗਵਾਉਂਦੇ ਖਾਹ ਮਖਾਹ ਸੈਮੀਨਾਰ ਕਰਵਾਉਂਦੇ
ਊੜਾ ਐੜਾ ਤਕ ਬੱਚਿਆਂ ਨੂੰ ਨਾ ਸਿਖਾ ਸਕੇ ਅਸੀਂ

ਧਾਰਮਿਕ ਸਥਾਨਾਂ ਤੇ ਕਰਵਾਉਂਦੇ ਹਾਂ ਕੀਰਤਨ ਸਮਾਗਮ
ਪਿੱਛੇ ਪਰਤ ਕੇ ਬੈਨਰ ਵੇਖੋ, ਪੰਜਾਬੀ ਵਿਚ ਨਹੀਂ ਲਿਖ ਸਕਦੇ ਅਸੀਂ

ਬਿਨਾਂ ਜੜ੍ਹ ਦੇ ਚਾਹੁੰਦੇ ਹਾਂ ਬੂਟੇ
ਇਹੋ ਜਿਹੀਆਂ ਬੇਤੁਕੀਆਂ ਗੱਲਾਂ ਕਰਦੇ ਹਾਂ ਅਸੀਂ

ਤਕਰੀਬਨ ਅਸਾਮੀਆਂ ਨਿਕਲਦੀਆਂ ਨੇ ਅਧਿਆਪਕਾਂ ਦੀਆਂ
ਪੰਜਾਬੀ ਅਧਿਆਪਕ ਦੀ ਲੋੜ ਹੈ ਬਹੁਤ ਘੱਟ ਪੜ੍ਹਿਆ ਹੈ ਅਸੀਂ

ਮਾਂ ਬੋਲੀ ਨਹੀਂ ਅਪਣਾਵਾਂਗੇ ਕੱਖਾਂ ਵਾਂਗ ਰੁਲ ਜਾਵਾਂਗੇ
ਹਾਲ ਚ ਬੈਨਰ ਪੜ੍ਹ, ਬਾਹਰ ਆ ਝੋਲੀ ਛੰਡ ਦਿੰਦੇ ਹਾਂ ਅਸੀਂ

ਪੰਜਾਬੀ ਹੈ ਬੋਲੀ ਸਾਡੀ ਸਾਨੂੰ ਮਾਣ ਹੈ ਇਹਦੇ ਤੇ
ਦਰਅਸਲ ਮਾਂ ਨੂੰ ਮਾਂ ਕਹਿੰਦੇ ਸ਼ਰਮਾਉਂਦੇ ਹਾਂ ਅਸੀਂ

ਨੱਬੇ ਦਿਨਾਂ ਵਿੱਚ ਕਰੋ ਕੋਰਸ,
ਪੰਜਾਬੀ ਵਾਸਤੇ ਕਿਤੇ ਬੋਰਡ ਨਹੀਂ ਲਾ ਸਕੇ ਅਸੀਂ

ਸਭ ਸਿਖਨ ਕੋ ਹੁਕਮ ਹੈ 'ਗੁਰੂ ਮਾਨਿਓ ਗ੍ਰੰਥ'
ਸ਼ਰਮ ਦੀ ਕਿੰਨੀ ਗੱਲ ਹੈ, ਹੁਕਮ ਨਹੀਂ ਭਰ ਸਕਦੇ ਅਸੀਂ।

ਕੰਵਲਜੀਤ ਕੌਰ ਜੁਨੇਜਾ

## ਭੱਖਦਾ ਕਿਉ ਨਹੀਂ

ਕੱਲਾ ਏ ਰਹਿਨਾ, ਅੱਕਦਾ ਕਿਉਂ ਨਹੀਂ
ਹੱਥ ਵਿੱਚ ਫੋਨ ਏ, ਥੱਕਦਾ ਈ ਕਿਉ ਨਹੀਂ
ਓਏ ਵਾਜਾਂ ਮਾਰਾਂ, ਤੱਕਦਾ ਕਿਉ ਨਹੀਂ
ਹਾਸਾ ਏ ਕਿੱਥੇ, ਹੱਸਦਾ ਕਿਉ ਨਹੀਂ
ਹਾਲ ਮੈ ਪੁੱਛਦਾ , ਦੱਸਦਾ ਕਿਉ ਨਹੀਂ
ਫੱਟ ਏ ਰਿਸਦਾ, ਕੱਜਦਾ ਕਿਉ ਨਹੀਂ
ਕੁਫ਼ਰ ਤੋਲਦੈ, ਜੱਕਦਾ ਕਿਉ ਨਹੀਂ
ਖੰਜਰ ਏ ਤੂੰ, ਵੱਜਦਾ ਕਿਉ ਨਹੀਂ
ਭਾਂਬੜ ਏ ਕੋਈ, ਮੱਚਦਾ ਕਿਉ ਨਹੀਂ
ਠੰਡਾ ਸੀਤ ਏ, ਜੱਚਦਾ ਕਿਉ ਨਹੀਂ
ਵਿੰਨ ਨਿਸ਼ਾਨਾ, ਕੱਸਦਾ ਕਿਉ ਨਹੀਂ
ਚੋਗ ਏ ਖਿਲਰੀ, ਫੱਸਦਾ ਕਿਉ ਨਹੀਂ
ਠੂਠਾ ਏ ਹੱਥ ਵਿੱਚ, ਰੱਜਦਾ ਕਿਉ ਨਹੀਂ
ਅੰਦਰੋਂ ਮੋਇਆ ਏ, ਜਚਦਾ ਕਿਉ ਨਹੀਂ

ਸਤਨਾਮ ਕੌਰ ਤੁਗਲਵਾਲਾ

## ਲਲਕਾਰ

ਧੀਏ ਛੱਡ ਚੁੱਲ੍ਹਾ ਚੌਂਕਾ ਹੁਣ ਚੱਕ ਹਥਿਆਰ
ਤੇਰੇ ਹਰ ਪਾਸੇ ਘੁੰਮਦੀ ਹੈ ਗਿਰਜਾਂ ਦੀ ਡਾਰ।

ਝੱਪਟਣ ਲਈ ਤੈਨੂੰ ਜੋ ਬੈਠੇ ਨੇ ਤਿਆਰ
ਕਰੀ ਡੱਟ ਕੇ ਮੁਕਾਬਲਾ ਮੰਨਣੀ ਨਹੀਂ ਹਾਰ।

ਹੁਣ ਲੈਣਾ ਪੈਣਾ ਤੈਨੂੰ ਮਾਈ ਭਾਗੋ ਦਾ ਅਵਤਾਰ
ਕੋਈ ਦਿਖੇ ਜੇ ਦਰਿੰਦਾਂ ਕਰੀ ਜੋਸ਼ ਨਾਲ ਵਾਰ।

ਭੇੜੀਆਂ ਤੋ ਕੁੜੀਏ ਨੀ, ਨਾ ਮੰਨਣੀ ਤੂੰ ਹਾਰ
ਹਵਸ਼ ਦਾ ਨਹੀਓ ਹੁਣ ਬਣਨਾ ਸ਼ਿਕਾਰ।

ਪੱਤਾਂ ਧੀਆਂ ਦੀਆਂ ਲੁੱਟ ਜੋ ਬਣਦੇ ਨੇ ਸ਼ੇਰ
ਬਸ ਇੱਕ ਵਾਰ ਨਾਲ ਤੁਸੀਂ ਕਰ ਦਿਓ ਢੇਰ।

ਇਹਨਾਂ ਹਵਸੀਆਂ ਦੀ ਦਿਓ ਨਸਲ ਮਿਟਾ
ਤਾਂ ਜੋ ਕੋਈ ਵੀ ਦਰਿੰਦਾਂ ਰੋਕ ਪਾਵੇ ਨਾ ਰਾਹ।

ਬਲਾਤਕਾਰੀਆਂ ਦੀ ਢਿੱਲੋ ਕਹਿੰਦੀ ਹੋਂਦ ਹੀ ਮਿਟਾਉਣੀ
ਹੁੰਦੀ ਨਾਰੀ ਕਮਜ਼ੋਰ ਇਹ ਨੀ ਗੱਲ ਅਖਵਾਉਣੀ।

ਪੁਜਾਰੀ ਹਵਸ਼ ਦੇ ਜਿਹੜੇ ਆਪਾਂ ਦੇਈਏ ਲਲਕਾਰ
ਸਰਬ ਆਖਦੀ ਤੁਹਾਨੂੰ ਪਹਿਲਾਂ ਮੈਂ ਹੀ ਕਰੂ ਵਾਰ।

ਸਰਬਜੀਤ ਕੌਰ ਢਿੱਲੋਂ

## ਨੰਨੀ ਛਾਂ

ਬੜੀ ਅਜੂਬਾ ਬਣੀ ਸਾਡੀ ਨੰਨੀ ਬੱਚੀ,
ਆਲਾ ਦੁਆਲਾ ਵਾਚੇ ਉਮਰ ਦੀ ਕੱਚੀ।
ਹਲਕੀਆਂ ਆਵਾਜ਼ਾਂ ਸੁਣ ਸੁਣ, ਸੌਂ ਜਾਵੇ,
ਭੁੱਖ ਲੱਗੇ ਤਾਂ ਉੱਚੀ ਆਵਾਜ਼ ਦੀਆਂ ਚੀਕਾਂ ਸਭ ਨੂੰ ਸੁਣਾਵੇ।
ਸੌਂਦੀ ਪੂਰਾ ਰੱਜ ਕੇ, ਪਰ ਮਾਂ ਦੇ ਨਿੱਘ ਨੂੰ ਤਰਸ ਜਾਵੇ,
ਬਹਿਕਾਵੇ ਚ ਜਲਦੀ ਆ ਜਾਂਦੀ,
ਸਭ ਵਿੱਚ ਅਪਣੱਤ ਦਿਖਾਵੇ।
ਕੰਧਾਂ ਤੇ ਰੰਗ ਬਰੰਗੀਆਂ,
ਗੁਬਾਰਿਆਂ ਦੀਆਂ ਸਜਾਵਟਾਂ ਦੇਖੇ,
ਭੁੱਖ ਵਾਲੀਆਂ ਕਿਲਕਾਰੀਆਂ,
ਲੜਾਕੀ ਬਣੂੰ ਜਾਂ ਸਾਊ ਪਾਉਂਦੀ ਭੁਲੇਖੇ।
ਕੁਦਰਤ ਦੀ ਮਿਹਰ ਹੋਈ,
ਆਈ ਤੂੰ ਉਸ ਦਾ ਦੂਤ ਬਣ ਕੇ,
ਸਾਡੇ ਨਾਲ ਨਾਤਾ ਜੋੜ ਰਹੀ,
ਰੱਬ ਦਾ ਰਾਜਦੂਤ ਬਣ ਕੇ।
ਕਦੀ ਰੋਸੇ, ਕਦੀ ਹਾਸੇ ਤੇਰੇ,
ਲੱਗਦੇ ਤਮਾਸ਼ੇ ਸਾਨੂੰ,
ਢੱਕ ਢੱਕ ਰੱਖਦੇ, ਬਾਹਰਲੇ ਮੌਸਮ ਤੋਂ,
ਕਦੇ ਕਦੇ ਹੱਥੂ ਠਣ ਕੇ।
ਕੁੜੀ ਏਂ ਤੂੰ ਭੋਲੀ ਭਾਲੀ,
ਪਰ ਸਾਥੋਂ ਨਾ ਜਾਵੇ ਸੰਭਾਲੀ,
ਵਧਾਈਆਂ ਵਾਲਿਆਂ ਦਾ ਤਾਂਤਾ ਲੱਗਿਆ
ਅਜੇ ਦਿਨ ਹੋਏ ਨਾ ਚਾਲੀ।
ਫੇਰ ਦੇਖਾਂਗੇ ਮੁਖੜਾ ਚੰਨ ਦਾ,
ਪਾਉਣਗੇ ਫਿਰ ਸਾਂਝ ਭਿਆਲੀ,
ਪਤਾ ਨ੍ਹੀਂ ਕਿਹੜੇ ਸੁਪਨਿਆਂ 'ਚ ਖੋਈ
ਰਹਿੰਦੀ ਅਜਬ ਖਿਆਲੀ।

ਅਮਰਜੀਤ ਸਿੰਘ ਤੂਰ

## ਅੰਧ ਭਗਤੀ ਵਾਲਾ ਚਸ਼ਮਾ

ਸਾਧਾਂ ਦੇ ਡੇਰਿਆਂ ਤੇ ਜੋ ਭਰੀਆ ਚੌਕੀਆਂ,
ਕੀਤਾ ਸਮਾਂ ਖਰਾਬ ਆਈਆਂ ਨਾ ਕਿਸੇ ਕੰਮ।

ਵਿਹਲੜ ਬਾਬੇ ਲੈਣ ਨਜ਼ਾਰੇ ਕਰਦੇ ਇਹ ਪਖੰਡ,
ਪਾ ਚੱਕਰਾਂ ਵਿਚ ਜ਼ਨਾਨੀਆਂ ਇਹਨਾਂ ਲਈਆਂ ਨੇ ਥੰਮ।

ਲੋਕਾਂ ਦੇ ਸਿਰ ਤੋਂ ਵੱਡੇ ਵੱਡੇ ਡੇਰੇ ਬਣਾਏ,
ਨਾਲੇ ਵਰਤਿਆ ਕਈਆਂ ਦਾ ਇਹਨਾਂ ਚੰਮ।

ਲੋਕ ਫੇਰ ਵੀ ਭੱਜ ਭੱਜ ਜਾਣ ਡੇਰੇ ਨੂੰ,
ਪਤਾ ਨਹੀਂ ਰਹੇ ਕਿਓ ਨਹੀਂ ਹੰਭ।

ਸਾਰਾ ਦਿਨ ਇਹ ਪੂਜਾ ਵਾਲਾ ਕਰਦੇ ਨਾਟਕ,
ਰਾਤ ਨੂੰ ਬੀਬੀਆਂ ਨਾਲ ਬੈਠ ਕੇ ਪੀਂਦੇ ਰੰਮ।

ਕਹਿੰਦੇ ਭਗਤਾ ਜੇ ਜਾਣਾ ਤੂੰ ਸਵਰਗਾ ਨੂੰ,
ਅੱਖਾਂ ਮੀਟ ਕੇ ਭਗਤੀ ਵਾਲਾ ਲਾ ਦੇ ਪੂਰਾ ਦਮ।

ਗਿੰਦਿਆ ਇਹਨਾਂ ਵਰਤਿਆ ਲੋਕਾਂ ਨੂੰ,
ਪਰ ਅੰਧ ਭਗਤ ਨਾ ਸਮਝੇ ਲੰਮ ਸਲੰਮ।

ਗਿੰਦਾ ਸਿੱਧੂ

## ਰੈਲੀਆਂ ਦੇ ਆਸਰੇ

ਚੜ੍ਹਦਾ ਚਾਅ ਬਿਅੰਤ ਹੈ ਚਮਚਿਆਂ ਨੂੰ
ਮਾਲਕ ਖੋਲ੍ਹਦੇ ਮੂੰਹ ਜਦ 'ਥੈਲੀਆਂ' ਦੇ।
'ਕੱਠੇ ਕਰਕੇ ਲਿਆਇਓ ਜੀ ਯਾਰ ਬੇਲੀ
ਘਰੇ ਗੱਡੀਆਂ ਭੇਜਦੇ 'ਟਹਿਲੀਆਂ' ਦੇ।
ਜੋ ਮੂੰਹ ਆਵੇ ਸੋ 'ਕੱਠਾਂ ਵਿਚ ਬੋਲਦੇ ਨੇ
'ਦਰਦੀ' ਬਣਦੇ ਨੇ ਜੈਲੇ ਤੇ ਜੈਲੀਆਂ ਦੇ।
'ਗੱਫੇ' ਦਿੰਦੇ ਨੇ 'ਛਕਣ ਛਕਾਉਣ' ਵਾਲੇ
ਚਿਹਰੇ ਖਿੜ ਜਾਂਦੇ ਸ੍ਰੋਤਿਆਂ ਵੈਲੀਆਂ ਦੇ।
ਲੋਕ-ਹਿਤਾਂ ਲਈ ਸੀਗੇ ਸੰਘਰਸ਼ ਕਰਦੇ
ਲੀਡਰ ਰਹੇ ਨਾ ਉਹ ਹੁਣ ਪਹਿਲੀਆਂ ਦੇ।
ਜਨਤਾ ਵਿੱਚ 'ਬਣਾਉਣੀ' ਮੁੜ ਲੋਚਦੇ ਨੇ
'ਟੌਹਰ' ਆਪਣੀ 'ਆਸਰੇ' ਰੈਲੀਆਂ ਦੇ!



-ਤਰਲੋਚਨ ਸਿੰਘ ਦੁਪਾਲਪੁਰ

## ਕੁੱਤੇ ਵਫ਼ਾਦਾਰ ਨੇ

ਗੈਰ ਤਾਂ ਕੀ ਅਪਣੇ ਦਾ ਰਿਹਾ ਨਾ ਯਕੀਨ
ਬੰਦਿਆਂ ਤੋਂ ਵੱਧ ਹੁਣ ਕੁੱਤੇ ਵਫ਼ਾਦਾਰ ਨੇ।

ਸੱਪਾਂ ਤੋਂ ਵੀ ਵੱਧ ਜ਼ਹਿਰੀ ਹੋ ਫਿਰੇ ਦੁਨੀਆਂ
ਬੁੱਕਲਾਂ ਚ ਪਲਕੇ ਹੀ ਦਿੰਦੇ ਡੰਗ ਮਾਰ ਨੇ।

ਦਾਗਦਾਰ ਹੁੰਦੇ ਰੋਜ਼ ਰਿਸ਼ਤੇ ਜਹਾਨ ਵਿੱਚ
ਵੀਰ ਵੀਰ ਆਖ ਕਰ ਜਾਂਦੇ ਯਾਰ ਮਾਰ ਨੇ।

ਸੜਕਾਂ ਤੇ ਹੋਣ ਖੁਲੇਆਮ ਦਿਨੇ ਵਾਰਦਾਤਾਂ
ਖ਼ੂਨ ਨਾਲ ਰੰਗੇ ਹੁੰਦੇ ਨਿੱਤ ਅਖ਼ਬਾਰ ਨੇ।

ਜਿਹੜੀ ਗਾਂ ਨੂੰ ਮਾਂ ਕਹਿਕੇ ਪੂਜਦੇ ਲੋਕ ਲੱਖਾਂ
ਰੋਡਾਂ ਉੱਤੇ ਹਾਦਸੇ ਦਾ ਹੁੰਦੀਆਂ ਸਿਕਾਰ ਨੇ।

ਲੁੱਟਾਂ ਖੋਹਾਂ ਵਧੀਆਂ, ਨਸ਼ੇ ਦਾ ਕੋਈ ਹੱਲ ਨਹੀਂ
ਕਿੰਨੇ ਹੋਏ ਲਾਪਤਾ ਕਿੰਨੇ ਹੋਣੇ ਸੰਸਕਾਰ ਨੇ।

ਮਸਲਾ 84 ਵਾਲਾ ਉੱਤੋਂ ਬੰਦੀ ਸਿੰਘਾਂ ਵਾਲਾ
ਚੁੱਪ ਵੱਟੀ ਹੋਈ ਏ ਏਸ ਲੋਟੂ ਸਰਕਾਰ ਨੇ।

ਦੀਪ ਸੈਂਪਲਿਆ ਅੰਤ ਦੁਨੀਆਂ ਦਾ ਨੇੜੇ ਹੁਣ
ਧਰਤੀ ਦੇ ਰਹਿ ਗਏ ਦਹਾਕੇ ਪੰਜ ਚਾਰ ਨੇ।

ਗੀਤਕਾਰ ਦੀਪ ਸੈਂਪਲਾ

## ਕੁਦਰਤ ਰੰਗ ਬਿਖੇਰੇ

ਕਿੰਨੇ ਸੋਹਣੇ ਰੰਗ ਕੁਦਰਤ ਦੇ,
ਸਭ ਦੇ ਮਨ ਨੂੰ ਭਾਉਂਦੇ ਨੇ।
ਨਿੱਤ ਨਵੇਂ ਇਹ ਰੰਗ ਬਿਖੇਰੇ,
ਗਿਣਤੀ ਵਿੱਚ ਨਾ ਆਉਂਦੇ ਨੇ।

ਬੂਟਾ ਇੱਕ, ਫੁੱਲ ਕਈ ਤਰ੍ਹਾਂ ਦੇ,
ਨਾਲ ਟਾਹਣੀਆਂ ਲੱਗਦੇ ਨੇ।
ਰੰਗ ਬਿਰੰਗੇ ਫੁੱਲ ਕਿਵੇਂ ਇਹ
ਭੌਰਿਆਂ ਤਾਈਂ ਠੱਗਦੇ ਨੇ।

ਬੁੱਢੀ ਮਾਈ ਵਿੱਚ ਅਸਮਾਨੀਂ
ਪੀਂਘ ਸਤਰੰਗੀ ਪਾਉਂਦੀ ਹੈ।
ਕਾਲੇ ਬੱਦਲਾਂ ਵਿੱਚੋਂ ਲੰਘ ਕੇ
ਕਿੰਨੇ ਰੰਗ ਦਿਖਾਉਂਦੀ ਹੈ।

ਤ੍ਰੇਲ ਤੁਪਕੇ ਵਿੱਚੋਂ ਜਦ ਸੂਰਜ
ਕਿਰਨਾਂ ਲੰਘਦੀਆਂ ਨੇ।
ਪ੍ਰੀਮੀਅਮ ਇਹ ਬਣਾਉਂਦੀਆਂ,
ਬਣ ਕੇ ਕਿੰਨੇ ਰੰਗ ਦੀਆਂ ਨੇ।

ਆਸੇ ਪਾਸੇ ਹੋਰ ਰੰਗਾਂ ਨੂੰ,
ਅਸੀਂ ਨਿੱਤ ਤੱਕਦੇ ਰਹਿੰਦੇ ਹਾਂ,
ਵਾਹ! ਕਾਦਰ ਦੀ ਕੁਦਰਤ!!
ਇਹ ਮੂੰਹੋਂ ਆਪਣੇ ਕਹਿੰਦੇ ਹਾਂ।

ਬਹੁਤੇ ਰੰਗ ਸ਼ਿੰਗਾਰੇ ਕੁਦਰਤ,
ਦੁਨੀਆਂ ਰੰਗ ਬਿਰੰਗੀ ਹੈ।
'ਪੱਤੋ' ਆਖੇ ਸਮਝੋਂ ਬਾਹਰ ਇਹ
ਕੁੱਝ ਚੰਗੀ ਕੁੱਝ ਮੰਦੀ ਹੈ।

ਹਰਪ੍ਰੀਤ ਪੱਤੋ
94658-21417

# ਪੰਜਾਬ ਨੂੰ ਖੋਰਾ ਲਾ ਰਿਹੈ ਅਸਾਧਾਰਨ ਪਰਵਾਸ

**ਗੁਰਪ੍ਰੀਤ ਸਿੰਘ ਤੂਰ**

ਪਰਵਾਸ ਨੂੰ ਕੁਦਰਤੀ ਵਰਤਾਰਾ ਆਖਿਆ ਗਿਆ ਹੈ। ਜਦੋਂ ਮਨੁੱਖ ਰੁਜ਼ਗਾਰ ਦੇ ਚੰਗੇ ਮੌਕਿਆਂ ਤੇ ਜੀਵਨ ਜਿਊਣ ਦੀਆਂ ਬਿਹਤਰ ਹਾਲਤਾਂ ਦੀ ਭਾਲ 'ਚ ਆਪਣਾ ਮੂਲ ਸਥਾਨ ਛੱਡ ਕੇ ਦੇਸ਼ ਵਿਚ ਇਕ ਥਾਂ ਤੋਂ ਦੂਜੀ ਥਾਂ ਜਾਂ ਇਕ ਦੇਸ਼ ਤੋਂ ਦੂਜੇ ਦੇਸ਼ ਜਾ ਵਸਦੇ ਹਨ, ਪਰਵਾਸ ਕਹਾਉਂਦਾ ਹੈ। ਸਦੀਆਂ ਤੋਂ ਪ੍ਰਚੱਲਿਤ ਪਰਵਾਸ ਨੂੰ ਸੁਭਾਵਿਕ ਵਰਤਾਰਾ ਮੰਨਿਆ ਗਿਆ ਹੈ।

ਪੰਜਾਬ 'ਚੋਂ ਪਰਵਾਸ ਦੀਆਂ ਪੈੜਾਂ ਪਿਛਲੀ ਸਦੀ ਦੇ ਸ਼ੁਰੂ 'ਚ ਵੇਖੀਆਂ ਜਾ ਸਕਦੀਆਂ ਹਨ। ਗ਼ਦਰੀ ਬਾਬਿਆਂ ਤੇ ਸਿੱਖ ਫ਼ੌਜੀਆਂ ਨੇ ਪਰਵਾਸ ਦੀ ਪੰਜਾਬੀਆਂ ਨਾਲ ਜਾਣ-ਪਛਾਣ ਕਰਵਾਈ। ਕਲਕੱਤਾ ਬੰਦਰਗਾਹ ਅੱਜ ਤੱਕ ਪੰਜਾਬੀਆਂ ਦੇ ਚੇਤਿਆਂ 'ਚ ਖੁਣੀ ਹੋਈ ਹੈ। ਕਮਾਈ ਕਰਨ ਗਏ ਇਹ ਲੋਕ ਮਹੀਨਿਆਂ ਬਾਅਦ ਹੀ ਪਰਿਵਾਰ ਲਈ ਪੈਸੇ ਭੇਜਣ ਲੱਗ ਜਾਂਦੇ ਸਨ। ਇਵੇਂ ਲੋਕ ਘਰਾਂ ਨੂੰ ਰੰਗ ਕਰਾ ਲੈਂਦੇ, ਸਾਈਕਲ-ਸਕੂਟਰ ਖਰੀਦ ਲੈਂਦੇ, ਕੋਈ ਕਮਰਾ ਛੱਤ ਲੈਂਦੇ ਅਤੇ ਕਈ ਨਵੇਂ ਘਰ ਵੀ ਬਣਾ ਲੈਂਦੇ ਸਨ। ਇਵੇਂ ਵਿਦੇਸ਼ਾਂ ਤੋਂ ਆਏ ਪੈਸੇ ਨੇ ਪੰਜਾਬੀ ਜੀਵਨ ਨੂੰ ਖ਼ੁਸ਼ੀਆਂ ਤੇ ਖ਼ੁਸ਼ਹਾਲੀ ਪ੍ਰਦਾਨ ਕੀਤੀ। ਕਈ ਘਰ ਅਜਿਹੀ ਆਰਥਿਕ ਮਦਦ ਨਾਲ ਜ਼ਮੀਨ ਵੀ ਖਰੀਦ ਲੈਂਦੇ ਅਤੇ ਕਈ ਰੌਣਕ ਮੇਲੇ ਵਾਲਾ ਵਿਆਹ ਕਰ ਲੈਂਦੇ। ਪਿੰਡਾਂ 'ਚ ਅੱਜ ਵੀ ਕਈ ਘਰ ਵੇਖੇ ਜਾ ਸਕਦੇ ਹਨ, ਜਿਨ੍ਹਾਂ ਉਪਰ 'ਬਰਮਾ ਵਾਲੇ', 'ਮਲਾਇਆ ਵਾਲੇ' ਲਿਖਿਆ ਮਿਲਦਾ ਹੈ। 'ਕੈਨੇਡਾ ਤੇ ਅਮਰੀਕਾ ਵਾਲੇ' ਇਹ ਨਾਂਅ ਕਈ ਪਰਿਵਾਰਾਂ ਦੀ ਪਹਿਚਾਣ ਬਣੇ ਹੋਏ ਹਨ। ਕਈ ਪਰਿਵਾਰਾਂ ਦਾ ਇਕ ਭਰਾ ਇੱਧਰ ਕੰਮ 'ਚ ਰੁੱਝ ਗਿਆ ਤੇ ਇਕ ਵਿਦੇਸ਼ ਚਲਾ ਗਿਆ। ਇਵੇਂ ਪਰਿਵਾਰ ਦੇ ਇਸ ਰੂਪ ਨੇ ਪਿੰਡਾਂ ਨੂੰ ਸੋਹਣੇ ਰੰਗਾਂ 'ਚ ਰੰਗਿਆ। ਕਈ ਵਿਅਕਤੀ ਵਿਦੇਸ਼ਾਂ 'ਚ ਅੱਠ-ਦਸ ਸਾਲ ਕਮਾਈ ਕਰਕੇ ਵਾਪਸ ਵੀ ਮੁੜ ਆਉਂਦੇ ਸਨ। ਪਰ ਪਰਵਾਸ ਦੀ ਕਤਾਰ, ਡਾਰ ਕਿਵੇਂ ਤੇ ਕਦੋਂ ਬਣੀ ਇਹ ਅੱਜ ਵਿਚਾਰਨ ਦਾ ਵਿਸ਼ਾ ਹੈ?

1990 ਤੱਕ ਪ੍ਰਾਂਤ ਪ੍ਰਤੀ ਵਿਅਕਤੀ ਆਮਦਨੀ ਦੇ ਆਧਾਰ 'ਤੇ ਸਿਖਰ 'ਤੇ ਰਿਹਾ। ਲੇਕਿਨ ਉਸ ਤੋਂ ਬਾਅਦ ਨਿਘਾਰ ਸ਼ੁਰੂ ਹੋਇਆ। ਹਾਕਮਾਂ ਨੇ ਆਪਣੀਆਂ ਕੁਰਸੀਆਂ ਬਰਕਰਾਰ ਰੱਖਣ ਲਈ ਪਹਿਲਾਂ ਖੇਤੀ ਸੈਕਟਰ ਲਈ ਬਿਜਲੀ ਮੁਫ਼ਤ ਕਰ ਦਿੱਤੀ, ਫਿਰ ਚੋਣਵੇਂ ਉਦਯੋਗਿਕ ਸੈਕਟਰ ਲਈ ਬਿਜਲੀ ਸਬਸਿਡੀ ਲਾਗੂ ਹੋਈ। ਅਜਿਹੀਆਂ ਨੀਤੀਆਂ ਕਾਰਨ ਪ੍ਰਾਂਤ 'ਤੇ ਕਰਜ਼ੇ ਦੇ ਹਾਲਾਤ ਇੱਥੋਂ ਤੱਕ ਵਿਗੜ ਗਏ ਕਿ ਵਿਆਜ ਮੋੜਨ ਲਈ ਵੀ ਵਿਆਜ 'ਤੇ ਪੈਸੇ ਚੁੱਕਣੇ ਪੈ ਰਹੇ ਹਨ। ਹੁਣ ਸਾਲਾਨਾ ਬਜਟ ਦਾ ਲਗਭਗ ਤਿਮਾਹੀ ਹਿੱਸਾ ਕਰਜ਼ਾ ਮੋੜਨ ਲਈ ਖਰਚਿਆ ਜਾ ਰਿਹਾ ਹੈ, ਲਗਭਗ ਅੱਧਾ ਹਿੱਸਾ ਪੱਕੇ ਖਰਚਿਆਂ 'ਤੇ ਖਰਚ ਹੁੰਦਾ ਹੈ। ਇਵੇਂ ਬਹੁਤ ਥੋੜ੍ਹੀ ਰਕਮ ਵਿੱਦਿਆ, ਸਿਹਤ, ਰੈਗੂਲਰ ਨੌਕਰੀਆਂ ਤੇ ਵਿਕਾਸ ਦੇ ਕੰਮਾਂ ਲਈ ਬਾਕੀ ਬਚਦੀ ਹੈ। 1990 ਤੱਕ ਵਿੱਦਿਆ ਅਤੇ ਸਿਹਤ 'ਤੇ ਸਾਲਾਨਾ ਬਜਟ ਦਾ ਕ੍ਰਮਵਾਰ 22 ਤੇ 12 ਪ੍ਰਤੀਸ਼ਤ ਖਰਚਿਆ ਜਾਂਦਾ ਸੀ, ਜੋ 2022-23 ਦੇ ਬਜਟ 'ਚ ਘਟ ਕੇ ਕ੍ਰਮਵਾਰ 13 ਤੇ 5 ਪ੍ਰਤੀਸ਼ਤ ਰਹਿ ਗਿਆ ਹੈ।

ਸਰਹੱਦੀ ਤੇ ਸੀਮਾਬੱਧ ਪ੍ਰਾਂਤ ਹੋਣ ਕਰਕੇ ਪ੍ਰਾਂਤ 'ਚ ਉਦਯੋਗ ਦੀਆਂ ਸੰਭਾਵਨਾਵਾਂ ਪਹਿਲਾਂ ਹੀ ਘੱਟ ਸਨ, ਜ਼ਮੀਨ ਦੀ ਵੱਧ ਕੀਮਤ ਤੇ ਕੱਚੇ ਮਾਲ ਦੀ ਥੋੜ ਨੇ ਇਨ੍ਹਾਂ ਸੰਭਾਵਨਾਵਾਂ ਨੂੰ ਹੋਰ ਸੀਮਤ ਕਰ ਦਿੱਤਾ। ਅਜਿਹੀਆਂ ਹਾਲਤਾਂ 'ਚ ਪੰਜਾਬ ਨੂੰ ਆਈ.ਟੀ. ਸੈਕਟਰ ਦੀ ਵੱਡੀ ਲੋੜ ਸੀ। ਮਾਹਿਰਾਂ ਅਨੁਸਾਰ 'ਹਵਾਈ ਸੰਪਰਕ, ਤਕਨੀਕੀ ਮਾਨਵੀ ਸਰੋਤ ਅਤੇ ਮਦਦਗਾਰ ਰਾਜਨੀਤਕ ਤੇ ਪ੍ਰਸ਼ਾਸਨਿਕ ਰਵੱਈਆ ਆਈ.ਟੀ. ਸੈਕਟਰ ਦੇ ਵਿਕਾਸ ਲਈ ਅਹਿਮ ਭੂਮਿਕਾ ਨਿਭਾਉਂਦੇ ਹਨ।' ਸਾਡੇ ਕੋਲ ਮੁਹਾਲੀ ਤੇ ਅੰਮ੍ਰਿਤਸਰ ਅੰਤਰਰਾਸ਼ਟਰੀ ਏਅਰਪੋਰਟ ਹੋਣ ਦੇ ਬਾਵਜੂਦ ਵੀ ਅਸੀਂ ਆਈ.ਟੀ. ਸੈਕਟਰ ਵਿਕਸਿਤ ਨਹੀਂ ਕਰ ਸਕੇ। ਭਾਵੇਂ ਕਿ ਪਿਛਲੀ ਸਦੀ ਦੇ ਆਖਰੀ ਦਹਾਕੇ 'ਚ ਸਾਨੂੰ ਇਹ ਮੌਕਾ ਮਿਲਿਆ ਸੀ, ਜਦੋਂ ਕਿ ਕਈ ਅੰਤਰਰਾਸ਼ਟਰੀ ਕੰਪਨੀਆਂ ਨੇ ਮੁਹਾਲੀ ਵਿਖੇ ਦਫ਼ਤਰ ਵੀ ਖੋਲ੍ਹੇ ਸਨ। ਦੂਜੇ ਪਾਸੇ ਹੈਦਰਾਬਾਦ, ਚੇਨਈ, ਮੁੰਬਈ ਤੇ ਗੁੜਗਾਉਂ ਵਰਗੇ ਸ਼ਹਿਰਾਂ ਨੇ ਇਸੇ ਮੌਕੇ ਦਾ ਭਰਪੂਰ ਲਾਭ ਉਠਾਇਆ। ਨੌਜਵਾਨਾਂ ਲਈ ਰੁਜ਼ਗਾਰ ਪੱਖੋਂ ਇਹ ਇਕ ਵੱਡਾ ਪਛਤਾਵਾ ਹੈ। ਇਸ ਦਾ ਪੰਜਾਬ 'ਤੇ ਵੱਡਾ ਨਾਂਹਪੱਖੀ ਪ੍ਰਭਾਵ ਪਿਆ।

ਸਰਕਾਰੀ, ਅਰਧ ਸਰਕਾਰੀ ਨੌਕਰੀਆਂ ਤੇ ਆਈ.ਟੀ. ਰੁਜ਼ਗਾਰ ਦਾ ਪਰਦੇ ਤੋਂ ਅਲੋਪ ਹੋ ਜਾਣਾ, ਘੱਟੋ-ਘੱਟ ਨੌਕਰੀਆਂ ਦਾ ਪ੍ਰਬੰਧ ਉਹ ਵੀ ਠੇਕੇ 'ਤੇ ਹੋਣਾ, ਲੋਕ ਪੱਖੀ ਸਰਕਾਰੀ ਨੀਤੀਆਂ ਦੀ ਅਣਹੋਂਦ ਤੇ ਬੇਪ੍ਰਵਾਹ ਪ੍ਰਸ਼ਾਸਨਿਕ ਰਵੱਈਆ, ਭ੍ਰਿਸ਼ਟਾਚਾਰ ਦਾ ਬੋਲਬਾਲਾ, ਕਾਮਿਆਂ ਨੂੰ ਘੱਟ ਵੇਤਨ ਦਰ ਆਦਿ ਕਾਰਨਾਂ ਕਰਕੇ ਨੌਜਵਾਨ ਹਰ ਹਾਲਤ 'ਚ ਵਿਦੇਸ਼ ਜਾਣ ਲਈ ਮਜਬੂਰ ਹੋਣ ਲੱਗੇ। ਪ੍ਰਾਂਤ 'ਚ ਨਸ਼ਿਆਂ ਦੀ ਮਾਰ ਤੇ ਕਾਨੂੰਨ ਵਿਵਸਥਾ ਦੀ ਸਥਿਤੀ ਨੇ ਇਸ ਮਜਬੂਰੀ ਨੂੰ ਗੂੜ੍ਹਾ ਕਰ ਦਿੱਤਾ। ਕਾਲੇ ਧਨ ਨੇ ਬੇਰੁਜ਼ਗਾਰ ਨੌਜਵਾਨਾਂ ਦਾ ਸਾਹ ਘੁੱਟ ਲਿਆ। ਸਾਲ 2015-16 ਦੌਰਾਨ ਵਿਕਸਿਤ ਦੇਸ਼ਾਂ ਖ਼ਾਸ ਤੌਰ 'ਤੇ ਕੈਨੇਡਾ ਵਲੋਂ ਸਟੱਡੀ ਵੀਜ਼ੇ ਦੀਆਂ ਨਰਮ ਨੀਤੀਆਂ ਨੇ ਵਿਦਿਆਰਥੀਆਂ ਤੇ ਮਾਪਿਆਂ ਦੇ ਮਨਾਂ 'ਚ ਵਿਦੇਸ਼ ਜਾਣ ਦੀ ਕਾਹਲ ਪਾ ਦਿੱਤੀ। ਇਵੇਂ ਆਈਲੈਟਸ ਪਾਸ ਕਰਵਾਉਣ ਵਾਲੇ ਸੈਂਟਰ ਅਤੇ ਇਮੀਗ੍ਰੇਸ਼ਨ ਕੰਪਨੀਆਂ ਖੁੰਬਾਂ ਵਾਂਗ ਹੋਂਦ 'ਚ ਆ ਗਈਆਂ।

ਲੁਧਿਆਣਾ ਤੋਂ ਬਠਿੰਡਾ ਜਾਂਦਿਆਂ ਰਾਏਕੋਟ ਸ਼ਹਿਰ ਦੇ ਬਾਈਪਾਸ (1.2 ਕਿ.ਮੀ.) 'ਤੇ ਖੱਬੇ ਪਾਸੇ 32 ਅਤੇ ਸੱਜੇ ਪਾਸੇ 28 ਆਈਲੈਟਸ ਤੇ ਇਮੀਗ੍ਰੇਸ਼ਨ ਸੈਂਟਰ ਹਨ। ਇਵੇਂ ਮੋਗਾ ਸ਼ਹਿਰ ਵਿਚੋਂ ਲੁਧਿਆਣਾ ਤੋਂ ਫਿਰੋਜ਼ਪੁਰ ਵੱਲ ਨੂੰ ਲੰਘਦਿਆਂ (1.5 ਕਿ.ਮੀ.) ਖੱਬੇ ਤੇ ਸੱਜੇ ਪਾਸੇ ਕ੍ਰਮਵਾਰ 25 ਅਤੇ 32 ਅਜਿਹੇ ਸੈਂਟਰ ਹਨ। ਪੰਜਾਬ ਦੇ ਕਈ ਕਸਬਿਆਂ, ਹਰ ਤਹਿਸੀਲ ਅਤੇ ਜ਼ਿਲ੍ਹਾ ਹੈਡਕੁਆਰਟਰਾਂ ਦੀਆਂ ਮੁੱਖ ਸੜਕਾਂ ਅਤੇ ਬੱਸ ਅੱਡਿਆਂ ਨੇੜੇ ਅਜਿਹੇ ਸੈਂਟਰਾਂ ਦੀ ਭਰਮਾਰ ਹੈ। ਪ੍ਰਾਂਤ ਦੀਆਂ ਮੁੱਖ ਸੜਕਾਂ ਅਤੇ ਸ਼ਹਿਰਾਂ 'ਚੋਂ ਲੰਘਦੇ ਹਾਈਵੇਜ਼ ਤੋਂ ਇਨ੍ਹਾਂ ਇਮੀਗ੍ਰੇਸ਼ਨ ਸੈਂਟਰਾਂ ਦੀ ਇਸ਼ਤਿਹਾਰਬਾਜ਼ੀ ਪ੍ਰਤੱਖ ਨਜ਼ਰ ਆਉਂਦੀ ਹੈ। ਵੱਡੀਆਂ-ਵੱਡੀਆਂ ਇਮੀਗ੍ਰੇਸ਼ਨ ਕੰਪਨੀਆਂ ਅਖ਼ਬਾਰਾਂ 'ਚ ਸਫ਼ੇ-ਸਫ਼ੇ ਦਾ ਇਸ਼ਤਿਹਾਰ ਦਿੰਦੀਆਂ ਹਨ ਅਤੇ ਲਗਾਤਾਰ ਵੱਖੋ-ਵੱਖ ਸ਼ਹਿਰਾਂ ਦੇ ਨਾਮਵਰ ਹੋਟਲਾਂ 'ਚ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਲਈ ਜਾਣਕਾਰੀ ਸੈਸ਼ਨ ਲਾਉਂਦੀਆਂ ਹਨ। ਕਈ ਕਾਲਜਾਂ ਦਾ ਸਟਾਫ਼ ਵੀ ਵਿਦਿਆਰਥੀਆਂ ਨੂੰ ਇਕੱਠੇ ਕਰਕੇ ਅਜਿਹੀਆਂ ਮੰਜ਼ਿਲਾਂ ਤੱਕ ਪਹੁੰਚਾਉਂਦਾ ਹੈ। ਇਨ੍ਹਾਂ ਆਇਲੈਟਸ ਤੇ ਇਮੀਗ੍ਰੇਸ਼ਨ ਸੈਂਟਰਾਂ ਦੀ ਹੋਂਦ ਟਿਊਬਵੈੱਲ ਪੰਪਾਂ ਵਾਂਗ ਹੈ, ਜੋ ਧਰਤੀ ਹੇਠਲੇ ਪਾਣੀ ਨੂੰ ਮਨੁੱਖੀ ਪਹੁੰਚ ਤੋਂ ਦੂਰ ਲਿਜਾ ਰਹੇ ਹਨ, ਇਵੇਂ ਹੀ ਇਹ ਸੈਂਟਰ ਪੰਜਾਬ ਦੀ ਜਵਾਨੀ ਨੂੰ ਵਿਦੇਸ਼ਾਂ 'ਚ ਕੋਹਾਂ ਦੂਰ ਪਹੁੰਚਾ ਰਹੇ ਹਨ। ਜਦੋਂ ਕਿ ਸਿਸਟਮ ਘੂਕ ਸੁੱਤਾ ਪਿਆ ਹੈ ਅਤੇ ਬੁੱਧੀਜੀਵੀ ਚੁੱਪ ਹਨ।

ਡੇਢ ਵਰ੍ਹੇ ਪਹਿਲਾਂ ਅਸੀਂ ਹਾਕੀ ਵਰਲਡ ਕੱਪ ਵੇਖਣ ਓਡੀਸ਼ਾ ਦੇ ਸ਼ਹਿਰ ਭੁਵਨੇਸ਼ਵਰ ਗਏ। ਉੱਥੇ ਅਜਿਹੇ ਆਇਲੈਟਸ ਤੇ ਇਮੀਗ੍ਰੇਸ਼ਨ ਇਸ਼ਤਿਹਾਰਾਂ ਵਾਲਾ ਇਕ ਵੀ ਬੋਰਡ ਨਜ਼ਰ ਨਹੀਂ ਆਇਆ, ਜਦੋਂ ਕਿ ਮੁਕਾਬਲੇ ਦੇ ਇਮਤਿਹਾਨਾਂ ਦੀ ਤਿਆਰੀ ਵਾਲੇ ਇਸ਼ਤਿਹਾਰੀ ਬੋਰਡਾਂ ਦੀ ਭਰਮਾਰ ਸੀ। ਸ਼ਹਿਰ ਦੀ ਪਬਲਿਕ ਲਾਇਬ੍ਰੇਰੀ ਨੌਜਵਾਨ ਮੁੰਡੇ-ਕੁੜੀਆਂ ਨਾਲ ਤੂਸੀ ਪਈ ਸੀ। ਲਾਇਬ੍ਰੇਰੀਅਨ ਨੇ ਦੋਵਾਂ ਹੱਥਾਂ 'ਚ ਸਿਰ ਫੜ ਕੇ ਹੌਲੀ ਜਿਹੇ ਦੱਸਿਆ ਕਿ ਸਾਨੂੰ ਵਾਧੂ ਮੇਜ਼ ਕੁਰਸੀਆਂ ਦਾ ਪ੍ਰਬੰਧ ਕਰਨਾ ਪੈ ਰਿਹਾ ਹੈ, ਫਿਰ ਉਹ ਇਸ਼ਾਰੇ ਨਾਲ ਸਾਨੂੰ ਦੋ-ਤਿੰਨ ਕਮਰਿਆਂ ਵੱਲ ਲੈ ਗਈ, ਜਿਨ੍ਹਾਂ ਨੂੰ ਆਰਜ਼ੀ ਤੌਰ 'ਤੇ ਰੀਡਿੰਗ ਰੂਮਜ਼ ਵਿਚ ਬਦਲਿਆ ਹੋਇਆ ਸੀ। ਪੰਜਾਬ 'ਚ ਅਜਿਹਾ ਇਕੱਠ ਪਾਸਪੋਰਟ ਦਫ਼ਤਰਾਂ ਤੇ ਆਇਲੈਟਸ ਸੈਂਟਰਾਂ 'ਤੇ ਵੇਖਿਆ ਜਾਂਦਾ ਹੈ।







ਵਿੱਦਿਅਕ ਖੇਤਰ ਦਾ ਲੰਬਾ ਤਜਰਬਾ ਰੱਖਣ ਵਾਲੇ ਇਕ ਵਿੱਦਿਆ ਸ਼ਾਸਤਰੀ ਅਨੁਸਾਰ 'ਸਾਲ 2004-05 ਦੌਰਾਨ ਕਾਲਜ 'ਚ ਨਵੇਂ ਦਾਖ਼ਲਿਆਂ ਦੀ ਰੌਣਕ ਘਟਣ ਲੱਗ ਪਈ ਸੀ। ਸਾਲ 2007-08 ਦੇ ਸੈਸ਼ਨ ਤੋਂ ਕਾਲਜਾਂ ਦੇ ਹਾਜ਼ਰੀ ਰਜਿਸਟਰਾਂ 'ਚ ਪਰਵਾਸ ਦੇ ਪ੍ਰਭਾਵ ਪ੍ਰਤੱਖ ਨਜ਼ਰ ਆਉਣ ਲੱਗ ਪਏ ਸਨ। ਜਦੋਂ ਸੌਖੇ ਸਟੱਡੀ ਵੀਜ਼ੇ ਦੀ ਸ਼ੁਰੂਆਤ ਹੋਈ ਤਾਂ 2016 ਤੋਂ ਬਾਅਦ ਇਹ ਪ੍ਰਭਾਵ ਤੇਜ਼ੀ ਨਾਲ ਵਧਿਆ ਅਤੇ ਹੁਣ ਕਈ ਕਾਲਜਾਂ ਦੀ ਦਾਖ਼ਲਾ ਦਰ 50 ਪ੍ਰਤੀਸ਼ਤ ਡਿਗ ਚੁੱਕੀ ਹੈ। ਪੇਂਡੂ ਅਤੇ ਸਬ-ਅਰਬਨ ਖੇਤਰ ਦੇ ਕਾਲਜ ਵੱਧ ਪ੍ਰਭਾਵਿਤ ਹੋਏ ਹਨ।' ਲੁਧਿਆਣਾ ਨੇੜਲੇ ਇਕ ਨਾਮਵਰ ਕਾਲਜ ਦੇ ਸਟਾਫ਼ ਨੂੰ ਪਿਛਲੇ 18 ਮਹੀਨਿਆਂ ਤੋਂ ਤਨਖ਼ਾਹ ਨਹੀਂ ਮਿਲੀ। ਇਸ ਕਾਲਜ ਦੀ ਪ੍ਰਬੰਧਕ ਕਮੇਟੀ ਕਾਲਜ ਦੇ ਖੇਡ ਮੈਦਾਨਾਂ ਨੂੰ ਵੇਚਣ ਦਾ ਵਿਚਾਰ ਕਰ ਰਹੀ ਹੈ। ਇਸੇ ਜ਼ਿਲ੍ਹੇ ਦੇ ਇਕ ਹੋਰ ਕਾਲਜ ਦੇ ਸਟਾਫ਼ ਤੇ ਪ੍ਰਬੰਧਕ ਕਮੇਟੀ ਵਿਚਕਾਰ ਝਗੜਾ ਚੱਲ ਰਿਹਾ ਹੈ। ਪ੍ਰਬੰਧਕ ਕਮੇਟੀ ਕੁਝ ਕੋਰਸਾਂ/ਵਿਸ਼ਿਆਂ ਨੂੰ ਬੰਦ ਕਰਨ ਦਾ ਨੋਟਿਸ ਦੇ ਚੁੱਕੀ ਹੈ। ਜਦੋਂ ਕਿ ਸਟਾਫ਼ ਦੀ ਇਹ ਮੰਗ ਹੈ ਕਿ ਉਹ ਜੀਵਨ ਦੇ ਅੱਧ ਵਿਚਕਾਰ ਕਿੱਧਰ ਜਾਣ, ਉਨ੍ਹਾਂ ਅਨੁਸਾਰ ਪ੍ਰਬੰਧਕ ਕਮੇਟੀ ਦਾ ਇਹ ਫ਼ੈਸਲਾ ਸਮੁੰਦਰ ਦੇ ਅੱਧ ਵਿਚਕਾਰ ਕਿਸ਼ਤੀ ਵਾਪਸ ਮੰਗਣ ਵਾਂਗ ਹੈ। ਦੇਸ਼ ਵੰਡ ਸਮੇਂ ਕੁਝ ਪਰਿਵਾਰਾਂ ਵਲੋਂ ਜੁਲਾਈ ਮਹੀਨੇ ਤੇ ਅਗਸਤ ਦੇ ਪਹਿਲੇ ਦਸ-ਬਾਰਾਂ ਦਿਨਾਂ ਦੌਰਾਨ ਉੱਠ ਜਾਣ ਵਾਂਗ ਅਜਿਹੇ ਕਾਲਜਾਂ ਦੇ ਕਈ ਅਧਿਆਪਕ ਚੁੱਪ-ਚਾਪ ਵਿਦੇਸ਼ ਜਾਣ ਦੀਆਂ ਤਿਆਰੀਆਂ ਲਈ ਤੁਰ ਪਏ ਹਨ। ਪੰਜਾਬ ਦੇ ਬਹੁਤੇ ਕਾਲਜਾਂ ਦੀ ਹੋਂਦ ਖ਼ਤਰੇ 'ਚ ਹੈ। ਇਸ ਵੱਡੇ ਦੁਖਾਂਤ ਲਈ ਜ਼ਿੰਮੇਵਾਰ ਕੌਣ ਹੈ? 10+2 ਤੋਂ ਬਾਅਦ ਜਿਹੜੇ ਵਿਦਿਆਰਥੀ ਸਟੱਡੀ ਵੀਜ਼ੇ 'ਤੇ ਪੜ੍ਹਾਈ ਲਈ ਵਿਦੇਸ਼ ਜਾਂਦੇ ਹਨ, ਉਨ੍ਹਾਂ ਦਾ ਟੀਚਾ ਉਸ ਦੇਸ਼ ਦੀ ਨਾਗਰਿਕਤਾ ਹਾਸਲ ਕਰਨਾ ਹੈ। ਆਇਲੈਟਸ ਤੇ ਦਾਖ਼ਲਾ ਫ਼ੀਸ, ਹਵਾਈ ਸਫ਼ਰ ਦਾ ਖਰਚਾ ਤੇ ਉੱਥੇ ਜਾ ਕੇ ਰਹਿਣ ਦਾ ਮੁੱਢਲਾ ਖਰਚਾ ਤੇ ਕਾਲਜ ਫ਼ੀਸਾਂ, ਮਾਪੇ ਪਹਿਲੇ ਸਮੈਸਟਰ ਜਾਂ ਪਹਿਲੇ ਸਾਲ ਦੇ ਖਰਚੇ ਦਾ ਹੀ ਪ੍ਰਬੰਧ ਕਰਦੇ ਹਨ। ਅਗਲਾ ਭਾਰ ਵਿਦਿਆਰਥੀ ਆਪ ਚੁੱਕਦੇ ਹਨ, ਇਹ ਸਫ਼ਰ ਇਕ ਵੱਖਰੀ ਦੁੱਖਦਾਇਕ ਕਹਾਣੀ ਹੈ। ਟੋਰਾਂਟੋ ਦੇ ਇਕ ਫਿਊਨਰਲ ਮਾਲਕ ਨੇ ਉਦਾਸ ਮੁਦਰਾ ਵਿਚ ਦੱਸਿਆ ਕਿ ਘੋਰ ਨਿਰਾਸ਼ਾ ਕਾਰਨ ਹੁੰਦੀਆਂ ਮੌਤਾਂ ਕਰਕੇ ਉਹ ਪ੍ਰਤੀ ਮਹੀਨਾ ਚਾਰ ਤੋਂ ਛੇ ਮੁੰਡਿਆਂ ਦੀਆਂ ਲਾਸ਼ਾਂ ਪੰਜਾਬ ਭੇਜਣ ਦਾ ਪ੍ਰਬੰਧ ਕਰਦੇ ਹਨ। ਧੀਆਂ ਦਾ ਦੁੱਖ ਅਜਿਹੀਆਂ ਮੌਤਾਂ ਤੋਂ ਵੀ ਗਹਿਰਾ ਹੈ। ਜਿਹੜੇ ਬੱਚੇ ਨਾਨਕੇ ਵੀ ਇਕੱਲੇ ਨਹੀਂ ਗਏ ਸਨ, ਅਸੀਂ ਉਨ੍ਹਾਂ ਨੂੰ ਵਿਕਸਿਤ ਅੰਤਰਰਾਸ਼ਟਰੀ ਪਲੇਟਫਾਰਮ 'ਤੇ ਇਕੱਲਮ-ਇਕੱਲੇ ਜੀਣ ਲਈ ਉਤਾਰ ਦਿੱਤਾ ਹੈ। ਜ਼ਿੰਦਗੀ ਦੇ ਦਸ ਵਰ੍ਹਿਆਂ ਜਿੰਨਾ ਆਰਥਿਕ ਤੇ ਸਮਾਜਿਕ ਬੋਝ ਅਸੀਂ ਕੁਝ ਮਹੀਨਿਆਂ 'ਚ ਹੀ ਸਹਿਣ ਲਈ ਉਨ੍ਹਾਂ ਦੇ ਮੋਢਿਆਂ 'ਤੇ ਪਾ ਦਿੱਤਾ ਹੈ। ਅਜਿਹੇ ਸਫ਼ਰ ਤੋਂ ਪਹਿਲਾਂ ਉਨ੍ਹਾਂ ਨਾਲ ਬਹੁਤ ਗੱਲਾਂ ਕਰਨ ਦੀ ਲੋੜ ਸੀ। ਜੇ ਇੱਧਰ ਸਿਸਟਮ ਠੀਕ ਰਹਿੰਦਾ ਤੇ ਉਹੀ ਮੁੰਡੇ-ਕੁੜੀਆਂ ਗ੍ਰੈਜੂਏਸ਼ਨ ਕਰਕੇ ਜਾਂਦੇ ਅਤੇ ਮੁਕਾਬਲੇ ਰਾਹੀਂ ਉੱਚ ਵਿੱਦਿਆ ਲਈ ਯੂਨੀਵਰਸਿਟੀਆਂ 'ਚ ਪੜ੍ਹਾਈ ਕਰਦੇ ਤਾਂ ਜ਼ਿੰਦਗੀ ਦੇ ਰੰਗ ਹੀ ਕੁਝ ਹੋਰ ਹੋਣੇ ਸਨ। ਇੱਧਰ ਚਾਰ-ਚਾਰ, ਪੰਜ-ਪੰਜ ਪੈਨਸ਼ਨਾਂ ਹਾਸਲ ਕਰਦੇ ਧਨ ਤੇ ਸੱਤਾ ਦੇ ਲਾਲਚੀ ਲੋਕਾਂ ਨੇ ਵਿੱਦਿਆ ਤੇ ਕਿਰਤ ਦੇ ਮੌਕੇ ਧੂਹ ਕੇ ਉਨ੍ਹਾਂ ਤੋਂ ਪਾਸੇ ਕਰ ਲਏ। ਪਿਛਲੇ 30 ਵਰ੍ਹਿਆਂ 'ਚ ਹੋਏ ਪਰਵਾਸ ਦਾ 73 ਪ੍ਰਤੀਸ਼ਤ 2016 ਤੋਂ ਬਾਅਦ ਹੋਇਆ (ਡਾ. ਸ਼ਾਲਿਨੀ ਸ਼ਰਮਾ ਤੇ ਹੋਰ, 2023)। ਪੰਜਾਬੀਆਂ ਵਲੋਂ ਸਾਲ 2023 'ਚ ਦੇਸ਼ 'ਚੋਂ ਸਭ ਤੋਂ ਵੱਧ (ਵਸੋਂ ਦਾ ਪ੍ਰਤੀਸ਼ਤ) 11,94,000 ਪਾਸਪੋਰਟ ਬਣਵਾਏ ਗਏ। ਇਹ ਗਿਣਤੀ 2013 'ਚ ਬਣਵਾਏ ਗਏ ਪਾਸਪੋਰਟਾਂ ਦੀ ਦੁੱਗਣੀ ਗਿਣਤੀ ਤੋਂ ਵੀ ਵੱਧ ਹੈ। ਵਿਦੇਸ਼ ਮੰਤਰਾਲੇ ਅਨੁਸਾਰ 2016 ਤੋਂ 2021 ਪੰਜ ਵਰ੍ਹਿਆਂ ਦੌਰਾਨ 10 ਲੱਖ ਤੋਂ ਵੱਧ ਪੰਜਾਬੀ ਪਰਵਾਸ ਕਰ ਗਏ। ਇਨ੍ਹਾਂ 'ਚੋਂ ਚੋਖੀ ਗਿਣਤੀ 'ਚ ਸਟੱਡੀ ਵੀਜ਼ੇ ਰਾਹੀਂ ਵਿਦੇਸ਼ ਪਹੁੰਚੇ ਵਿਦਿਆਰਥੀਆਂ ਦੀ ਹੈ। ਵਿਦਿਆਰਥੀਆਂ ਵਲੋਂ ਵਿਦੇਸ਼ ਜਾਣ ਲਈ ਚਾਹਤ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਪ੍ਰਾਂਤ 'ਚ 20 ਹਜ਼ਾਰ ਦੇ ਲਗਭਗ ਆਈਲੈਟਸ ਸੈਂਟਰ ਅਤੇ 1200 ਤੋਂ ਵੱਧ ਇਮੀਗ੍ਰੇਸ਼ਨ ਸੰਸਥਾਵਾਂ ਹਨ। ਸਾਲ 2022-23 ਦੌਰਾਨ ਪੰਜਾਬ ਦੇ 6 ਲੱਖ ਵਿਦਿਆਰਥੀਆਂ ਨੇ ਆਇਲੈਟਸ ਟੈਸਟ ਦਿੱਤਾ। ਸਾਲ 2023 ਦੇ ਅੰਕੜੇ ਭਾਵੇਂ ਹਾਲੇ ਸਾਹਮਣੇ ਨਹੀਂ ਆਏ ਪਰ ਇਸ ਵਰ੍ਹੇ ਦੌਰਾਨ ਪਰਵਾਸ 'ਚ ਰਿਕਾਰਡ ਵਾਧਾ ਹੋਇਆ। ਇਹ ਵਰ੍ਹਾ ਪੰਜਾਬ ਦੀ ਜਵਾਨੀ ਨੂੰ ਹੂੰਝ ਕੇ ਲੈ ਗਿਆ। ਪਰਵਾਸ ਦਾ ਸਭ ਤੋਂ ਵੱਧ ਅਸਰ ਪਿੰਡਾਂ 'ਤੇ ਹੋਇਆ। ਉਹ ਥਾਵਾਂ ਜਿੱਥੋਂ ਦੇ ਬਸ਼ਿੰਦੇ ਉੱਥੋਂ ਉੱਠ ਜਾਣ, ਆਪਣਾ ਸੁਹੱਪਣ ਗੁਆ ਬੈਠਦੀਆਂ ਹਨ। ਪਿੰਡ ਦੀ ਰੂਹ ਉਦਾਸ ਹੈ। ਪਿੰਡਾਂ 'ਚ ਜਿੰਦੇ ਲੱਗੇ ਘਰਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਵੱਡੇ ਪਿੰਡਾਂ ਦੀਆਂ ਕਈ ਪੱਤੀਆਂ ਦੇ ਸਾਰੇ ਦੇ ਸਾਰੇ ਘਰ ਹੀ ਬੰਦ ਹੋ ਚੁੱਕੇ ਹਨ। ਉਹ ਪਿੰਡ ਜਿਨ੍ਹਾਂ ਦਾ ਮੂੰਹ-ਮੱਥਾ ਸੰਵਾਰਨ ਲਈ ਸਦੀਆਂ ਲੱਗੀਆਂ, ਕੁਝ ਵਰ੍ਹਿਆਂ 'ਚ ਹੀ ਉਜੜਦੇ ਜਾ ਰਹੇ ਹਨ। ਇਹ ਪਿੰਡ ਅੰਦਰੋ-ਅੰਦਰ ਸਿਉਂਕ ਖਾਧੇ ਰੁੱਖਾਂ ਵਾਂਗ ਡਿਗ ਰਹੇ ਹਨ। ਸ਼੍ਰੋਮਣੀ ਕਵੀ ਸੁਰਜੀਤ ਪਾਤਰ ਅਨੁਸਾਰ:

'ਇਹ ਬਾਤ ਨਿਰੀ ਏਨੀ ਹੀ ਨਹੀਂ,
ਨਾ ਇਹ ਮਸਲਾ ਸਿਰਫ਼ ਕਿਸਾਨ ਦਾ ਏ।
ਇਹ ਪਿੰਡ ਦੇ ਵਸਦੇ ਰਹਿਣ ਦਾ ਏ,
ਜਿਹਨੂੰ ਤੌਖ਼ਲਾ ਉੱਜੜ ਜਾਣ ਦਾ ਏ।।'

ਮੌਜੂਦਾ ਪਰਵਾਸ ਖ਼ੌਫ਼ਨਾਕ ਹੜ੍ਹ ਹੈ, ਜਿਸ ਦੀਆਂ ਤਾਕਤਵਰ ਛੱਲਾਂ ਪੰਜਾਬ ਨੂੰ ਰੋੜ੍ਹ ਕੇ ਲੈ ਗਈਆਂ, ਇਹ ਪਰਵਾਸ ਅੱਗ ਦੀਆਂ ਭਿਆਨਕ ਲਾਟਾਂ ਹਨ, ਜੋ ਬਚੇ-ਖੁਚੇ ਨੂੰ ਸਾੜ ਰਹੀਆਂ ਹਨ। ਢਿੱਡ, ਭੁੱਖ, ਰੋਟੀ, ਅਰਥ-ਸ਼ਾਸਤਰੀ ਅਜਿਹੇ ਲਫ਼ਜ਼ਾਂ ਨਾਲ ਪਰਵਾਸ ਦੀ ਪਰਿਭਾਸ਼ਾ ਬਿਆਨ ਕਰਕੇ ਸੁਰਖ਼ਰੂ ਤਾਂ ਹੋ ਰਹੇ ਹਨ, ਪਰ ਉਹ ਪਰਿਭਾਸ਼ਾਵਾਂ ਜੋ ਕਿਸੇ ਖ਼ਿੱਤੇ ਨੂੰ ਹੀ ਨਿਗਲ ਜਾਣ ਕੇਵਲ ਪਰਿਭਾਸ਼ਾਵਾਂ ਹੀ ਨਹੀਂ ਹੁੰਦੀਆਂ, ਪਰਿਭਾਸ਼ਾਵਾਂ ਦੇ ਰੂਪ 'ਚ ਦੈਂਤ ਹੁੰਦੀਆਂ ਨੇ।

ਕੋਈ ਢੋਲ ਵਜਾਵੇ
ਕੋਈ ਚੀਕਾਂ ਮਾਰੇ
ਕੋਈ ਕੋਠੇ ਚੜ੍ਹ ਕੇ
ਰੌਲਾ ਪਾਵੇ।
ਉਜੜ ਰਹੇ ਪੰਜਾਬ ਨੂੰ ਬਚਾਵੋ।

# ਕਿਉਂ ਘਟ ਰਹੀ ਹੈ ਅਖਾੜਾ-ਸੱਭਿਆਚਾਰ ਦੀ ਲੋਕਪ੍ਰਿਅਤਾ

**ਭੋਲਾ ਸਿੰਘ ਸ਼ਮੀਰੀਆ**

ਅੱਜ ਤੋਂ ਤਿੰਨ ਚਾਰ ਦਹਾਕੇ ਪਹਿਲਾਂ ਪੰਜਾਬ ਦੇ ਪਿੰਡਾਂ ਵਿਚ ਅਖਾੜਾ-ਸ਼ੈਲੀ ਦੀ ਪੂਰੀ ਤੂਤੀ ਬੋਲਦੀ ਸੀ ਜਿਸ ਘਰ ਦੇ ਵਿਆਹ ਵਿਚ ਅਖਾੜਾ ਲੱਗਣਾ ਹੁੰਦਾ ਸੀ, ਉਸ ਘਰ ਦੀ ਗਿਣਤੀ ਪਿੰਡ ਦੇ ਰੱਜੇ-ਪੁੱਜੇ ਘਰਾਂ ਵਿਚ ਹੋਣੀ ਸ਼ੁਰੂ ਹੋ ਜਾਇਆ ਕਰਦੀ ਸੀ ਜਾਂ ਇੰਝ ਕਹਿ ਲਵੋ ਕਿ ਉਸ ਘਰ ਦੀ ਪਿੰਡ ਵਿਚ ਪੂਰੀ ਟੌਹਰ ਹੁੰਦੀ ਸੀ। ਉਸ ਘਰ ਦੀ ਚਰਚਾ ਪਿੰਡ ਦੀਆਂ ਸੱਥਾਂ, ਖੁੰਢਾਂ, ਖੂਹਾਂ, ਟੋਭਿਆਂ 'ਤੇ ਆਮ ਹੁੰਦੀ ਸੀ। ਅਖਾੜਾ ਦੇਖਣ ਦੇ ਸ਼ੌਕੀਨ ਅਖਾੜਾ ਲੱਗਣ ਤੋਂ ਕਈ ਦਿਨ ਪਹਿਲਾਂ ਹੀ ਤਿਆਰੀ ਕਰਨ ਲੱਗ ਜਾਇਆ ਕਰਦੇ ਸਨ। ਆਪਣੇ ਖੇਤੀ ਦੇ ਕੰਮਾਂ ਨੂੰ ਪਹਿਲਾਂ ਹੀ ਸਮੇਟ ਲੈਂਦੇ ਸਨ। ਪਸ਼ੂਆਂ ਲਈ ਪੱਠੇ ਇਕ ਦਿਨ ਪਹਿਲਾਂ ਹੀ ਲੈ ਆਉਂਦੇ ਸਨ। ਇਥੋਂ ਤੱਕ ਕਿ ਆਪਣੇ ਰਿਸ਼ਤੇਦਾਰਾਂ ਨੂੰ ਵੀ ਸੱਦਾ ਦੇ ਦਿਆ ਕਰਦੇ ਸਨ ਕਿ ਸਾਡੇ ਪਿੰਡ ਫਲਾਣੇ ਦਿਨ ਅਖਾੜਾ ਲੱਗਣਾ ਹੈ ਤੁਸੀਂ ਇਕ ਦਿਨ ਪਹਿਲਾਂ ਹੀ ਆ ਜਾਣਾ। ਆਸੇ-ਪਾਸੇ ਦੇ ਪਿੰਡਾਂ ਵਾਲੇ ਸਾਈਕਲਾਂ, ਮੋਟਰ-ਸਾਈਕਲਾਂ ਰਾਹੀਂ ਜਾਂ ਪੈਦਲ ਹੀ ਮੇਲੇ ਜਾਣ ਵਾਲਿਆਂ ਵਾਂਗ ਧੂੜਾਂ ਪੱਟੀ ਜਾਂਦੇ ਦਿਸਦੇ। ਜੇ ਰਸਤਾ ਕੱਚਾ ਜਾਂ ਟਿੱਬਿਆਂ ਵਾਲਾ ਹੁੰਦਾ ਤਾਂ ਜੁੱਤੀਆਂ ਲਾਹ ਕੇ ਹੱਥਾਂ ਵਿਚ ਫੜ ਲੈਣੀਆਂ ਤੇ ਸਾਹੋ-ਸਾਹ ਹੁੰਦੇ ਹੋਏ ਭੱਜੇ ਜਾਂਦੇ ਦਿਸਦੇ। ਅਖਾੜਾ ਦੇਖਣ ਦੀ ਤੀਬਰਤਾ ਇੰਨੀ ਹੁੰਦੀ ਸੀ ਕਿ ਕਈ ਵਾਰ ਬਹੁਤ ਜ਼ਰੂਰੀ ਕੰਮ ਵੀ ਲੋਕ ਛੱਡ ਦਿੰਦੇ ਸਨ। ਮੈਨੂੰ ਯਾਦ ਹੈ ਕਿ ਮੈਂ ਵੀ (ਉੱਨੀਂ ਸੌ ਬਿਆਸੀ) 1982 ਵਿਚ ਆਪਣਾ ਬੀ.ਏ. ਫਾਈਨਲ ਦਾ ਪੇਪਰ ਛੱਡ ਕੇ ਮੁਹੰਮਦ ਸਦੀਕ ਤੇ ਰਣਜੀਤ ਕੌਰ ਦਾ ਅਖਾੜਾ ਦੇਖਣ ਨੂੰ ਪਹਿਲ ਦਿੱਤੀ ਸੀ। ਇਸ ਬਦਲੇ ਭਾਵੇਂ ਮੈਨੂੰ ਘਰੋਂ ਕਾਫੀ ਝਿੜਕਾਂ ਸਹਿਣੀਆਂ ਪਈਆਂ ਸਨ। ਪਰ ਇਹ ਖਿੱਚ ਮੇਰੇ ਵੱਸ ਤੋਂ ਬਾਹਰ ਦੀ ਗੱਲ ਸੀ।

ਚਾਂਦੀ ਰਾਮ ਤੋਂ ਸ਼ੁਰੂ ਹੋ ਕੇ ਜਗਤ ਸਿੰਘ ਜੱਗਾ, ਨਰਿੰਦਰ ਬੀਬਾ, ਮੁਹੰਮਦ ਸਦੀਕ ਤੇ ਰਣਜੀਤ ਕੌਰ, ਜਗਮੋਹਣ ਕੌਰ ਤੇ ਕੇ. ਦੀਪ, ਦੀਦਾਰ ਸੰਧੂ, ਹਰਚਰਨ ਗਰੇਵਾਲ, ਕਰਨੈਲ ਗਿੱਲ, ਜਸਵੰਤ ਸੰਦੀਲਾ, ਪਰਮਿੰਦਰ ਸੰਧੂ, ਸੁਦੇਸ਼ ਕਪੂਰ, ਕੁਲਦੀਪ ਮਾਣਕ, ਸੁਰਿੰਦਰ ਛਿੰਦਾ, ਸੁਰਿੰਦਰ ਕੌਰ, ਰਾਜਿੰਦਰ ਰਾਜਨ, ਸੁਚੇਤ ਬਾਲਾ, ਗੁਲਸ਼ਨ ਕੋਮਲ, ਹਾਕਮ ਬਖਤੜੀ ਵਾਲਾ, ਅਮਰ ਸਿੰਘ ਚਮਕੀਲਾ ਤੇ ਅਮਰਜੋਤ ਆਦਿ ਗਾਇਕ ਜੋੜੀਆਂ ਨੇ ਆਪੋ ਆਪਣੇ ਇਤਿਹਾਸ ਰਚੇ। ਇਨ੍ਹਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਗਾਇਕ ਜੋੜੀਆਂ ਸਨ ਜਿਨ੍ਹਾਂ ਦੇ ਨਾਂਅ ਦਰਜ ਕੀਤੇ ਜਾ ਸਕਦੇ ਹਨ। ਜਦੋਂ ਵੀ ਕੋਈ ਗਾਇਕ ਜੋੜੀ ਸਟੇਜ 'ਤੇ ਚੜ੍ਹ ਜਾਂਦੀ ਸੀ ਤਾਂ ਲੋਕਾਂ ਦੀ ਰੂਹ ਨਸ਼ਿਆ ਜਾਂਦੀ ਸੀ। ਛੜਿਆਂ ਬਾਰੇ ਸੰਵਾਦੀ ਗੀਤ ਸੁਣ ਕੇ ਬਹੁਤ ਸਾਰੇ ਛੜਿਆਂ ਦੀ ਕਈ ਕਈ ਰਾਤਾਂ ਦੀ ਨੀਂਦ ਖ਼ਰਾਬ ਹੋ ਜਾਇਆ ਕਰਦੀ ਸੀ। ਨਸ਼ੇ ਦੀ ਤੋਟ ਵਾਲੇ ਅਮਲੀ ਕਿਸਮ ਦੇ ਆਦਮੀ ਮਜ਼ਾਕ ਦੇ ਪਾਤਰ ਬਣ ਜਾਇਆ ਕਰਦੇ ਸਨ। ਅਖਾੜਾ-ਕਲਚਰ ਦੀ ਖਿੱਚ ਇੰਨੀ ਹੁੰਦੀ ਸੀ ਕਿ ਸਮਾਜਿਕ ਬੰਧਨਾਂ ਦੀਆਂ ਬੇੜੀਆਂ ਵਿਚ ਜਕੜੀਆਂ ਔਰਤਾਂ ਕੋਠਿਆਂ 'ਤੇ ਬੈਠ ਕੇ ਆਪਣੇ ਘਰਦਿਆਂ ਤੋਂ ਚੋਰੀਉਂ ਅਖਾੜੇ ਦੇਖਿਆ ਕਰਦੀਆਂ ਸਨ। ਕਈ ਘਰਾਂ ਦੇ ਮੁੰਡੇ ਤਾਂ ਵਿਆਹ ਦੀ ਤਰੀਕ ਕਲਾਕਾਰਾਂ ਨੂੰ ਪੁੱਛ ਕੇ ਰੱਖਦੇ ਸਨ ਕਿ ਵਿਆਹ ਵਾਲੇ ਦਿਨ ਉਹ ਕਲਾਕਾਰ ਕਿਤੇ ਬੁੱਕ ਤਾਂ ਨਹੀਂ? ਜੋ ਦਿਨ ਕਲਾਕਾਰ ਕੋਲ ਵਿਹਲਾ ਹੁੰਦਾ ਸੀ, ਉਸ ਦਿਨ ਨੂੰ ਉਹ ਵਿਆਹ ਰੱਖਦੇ ਸਨ। ਇਹ ਅਖਾੜਾ-ਸੱਭਿਆਚਾਰ ਦੀ ਸਿਖਰ ਦੇ ਦਿਨ ਮੰਨੇ ਜਾਂਦੇ ਹਨ।



ਫਿਰ ਹੌਲੀ-ਹੌਲੀ ਇਸ ਅਖਾੜਾ ਕਲਚਰ ਦੀ ਪ੍ਰਸਿੱਧੀ ਘਟਦੀ ਗਈ। ਇਸਦਾ ਮਤਲਬ ਇਹ ਵੀ ਨਹੀਂ ਹੈ ਕਿ ਹੁਣ ਲੋਕ ਅਖਾੜਾ ਬਿਲਕੁਲ ਹੀ ਨਹੀਂ ਦੇਖਣਾ ਚਾਹੁੰਦੇ ਹਨ। ਅਜੇ ਵੀ ਪੁਰਾਣੀ ਪੀੜ੍ਹੀ ਦੇ ਲੋਕਾਂ ਵਿਚ ਕੁਝ ਕਲਾਕਾਰਾਂ ਪ੍ਰਤੀ ਮੋਹ ਤੇ ਸਤਿਕਾਰ ਜਿਉਂ ਦਾ ਤਿਉਂ ਬਰਕਰਾਰ ਹੈ। ਸ਼ੁਰੂ-ਸ਼ੁਰੂ ਵਿਚ ਸਟੇਜੀ ਕਲਾਕਾਰ ਸਿਰਫ ਖੜ੍ਹ ਕੇ ਹੀ ਆਪਣੀ ਸਰੋਦ-ਰਸੀ ਭਾਵਨਾ ਨਾਲ ਲੋਕਾਂ ਦਾ ਮਨੋਰੰਜਨ ਕਰਿਆ ਕਰਦੇ ਸਨ। ਪਰੰਤੂ ਮੁਹੰਮਦ ਸਦੀਕ ਤੇ ਰਣਜੀਤ ਕੌਰ ਜੋੜੀ ਨੇ ਇਸ ਸ਼ੈਲੀ ਨੂੰ ਕੁਝ 'ਨਾਟਕ-ਅੰਦਾਜ਼ੀ ਵਿਧਾ' ਦੇ ਰੂਪ ਵਿਚ ਪੇਸ਼ ਕਰਕੇ ਇਸ ਨੂੰ ਹੋਰ ਦਿਲਚਸਪ ਬਣਾ ਦਿੱਤਾ ਤੇ ਅੱਜਕੱਲ੍ਹ ਵੀ ਇਸ ਅੰਦਾਜ਼ ਨੂੰ ਲੋਕ ਬੜੇ ਚਾਅ ਤੇ ਅਨੰਦ ਨਾਲ ਸੁਣਦੇ ਹਨ। ਅਸਲ ਵਿਚ ਮੁਹੰਮਦ ਸਦੀਕ ਲੋਕ-ਸੰਪਰਕ ਵਿਭਾਗ ਵਿਚ ਡਰਾਮਾ ਕਲਾਕਾਰ ਰਿਹਾ ਹੋਣ ਕਰਕੇ ਅਤੇ ਵਧੀਆ ਸੰਗੀਤਕਾਰ ਹੋਣ ਕਰਕੇ ਹਾਲਾਤ ਅਨੁਸਾਰ ਸਥਿਤੀ ਤੇ ਸ਼ਬਦਾਂ ਨੂੰ ਰਸ-ਮਈ ਬਣਾਉਣ ਦਾ ਮਾਹਿਰ ਹੈ। ਆਪਣੀ ਸੁਚੱਜੀ ਪੇਸ਼ਕਾਰੀ ਸਦਕਾ ਮੁਹੰਮਦ ਸਦੀਕ ਨੇ ਇਸ ਅਖਾੜਾ-ਸ਼ੈਲੀ ਨੂੰ ਕਾਫੀ ਸਮਾਂ ਡੋਲਣ ਨਹੀਂ ਦਿੱਤਾ। ਪਿੰਡਾਂ ਵਿਚ ਇਹ ਵਿਧਾ ਅਜੇ ਵੀ ਕੁਝ ਕੁ ਸਾਹ ਭਰਦੀ ਦਿਖਾਈ ਦੇ ਰਹੀ ਹੈ। ਪਰੰਤੂ ਇਸ ਸ਼ੈਲੀ ਦੀ ਹੁਣ ਉਹ ਖਿੱਚ ਨਹੀਂ ਰਹੀ ਜੋ ਅੱਜ ਤੋਂ ਤਿੰਨ ਚਾਰ ਦਹਾਕੇ ਪਹਿਲਾਂ ਸੀ।

ਅਸਲ ਵਿਚ ਤਿੰਨ ਚਾਰ ਦਹਾਕੇ ਪਹਿਲਾਂ ਮੀਡੀਏ ਦਾ ਇੰਨਾ ਪ੍ਰਸਾਰ ਨਹੀਂ ਸੀ ਹੋਇਆ। ਲੋਕ ਸਿਰਫ ਰੇਡੀਓ ਜਾਂ ਟੇਪਰਿਕਾਰਡਾਂ 'ਤੇ ਵੱਜਦੇ ਗੀਤ ਸੁਣ ਕੇ ਹੀ ਅਨੰਦ ਮਾਣ ਲਿਆ ਕਰਦੇ ਸਨ। ਸਟੇਜ ਉਪਰ ਔਰਤ ਦੀਆਂ ਬੇਬਾਕ ਭਾਵਨਾਵਾਂ ਪੁਰਸ਼ਾਂ ਨੂੰ ਦੇਖਣ ਲਈ ਮਿਲਦੀਆਂ ਸਨ। ਸਟੇਜ ਉਪਰ ਔਰਤ ਦੀਆਂ ਘੁੰਡ ਕੱਢ ਕੇ ਨਖਰੇ ਅਤੇ ਅਸ਼ਲੀਲ ਮੁਦਰਾਵਾਂ ਮਰਦਾਂ ਨੇ ਕਦੇ ਦੇਖੀਆਂ ਨਹੀਂ ਸਨ ਹੁੰਦੀਆਂ। ਘੁੰਡ ਦੀ ਪ੍ਰਥਾ ਭਾਰੂ ਹੋਣ ਕਰਕੇ ਛੜੇ ਜਾਂ ਚਾਸੜੂ ਕਿਸਮ ਦੇ ਮਰਦਾਂ ਲਈ ਔਰਤ ਦਾ ਮੂੰਹ ਦੇਖਣਾ, ਉਹ ਵੀ ਨਖਰੇ ਤੇ ਰੁਮਾਂਟਿਕ ਭਰੀਆਂ ਅਦਾਵਾਂ ਨਾਲ, ਕਿਸੇ ਅਲੌਕਿਕ ਦ੍ਰਿਸ਼ ਤੋਂ ਘੱਟ ਨਹੀਂ ਸੀ ਹੁੰਦਾ। ਕਿਉਂਕਿ ਮੀਡੀਏ ਦਾ ਇੰਨਾ ਫੈਲਾਉ ਨਹੀਂ ਸੀ ਹੋਇਆ ਤੇ ਇਹ ਕਰਾਂਤੀ ਸਿਰਫ ਸ਼ਹਿਰਾਂ ਤੀਕ ਹੀ ਸੀਮਤ ਸੀ। ਲਿੰਗ-ਅਨੁਪਾਤ ਦੀ ਗੜਬੜੀ ਕਰਕੇ ਆਮ ਘਰਾਂ ਵਿਚ ਤਿੰਨ-ਚਾਰ ਭਰਾਵਾਂ ਵਿਚੋਂ ਇਕ ਜਾਂ ਦੋ ਹੀ ਵਿਆਹੇ ਜਾਂਦੇ ਸਨ। ਛੜੇ ਰਹਿ ਗਏ ਭਰਾਵਾਂ ਦੀ ਵੇਦਨਾ ਜਾਂ ਵਿਆਹਾਂ ਲਈ ਤਰਲੇ ਤੇ ਤਾਹਨੇ ਇਨ੍ਹਾਂ ਅਖਾੜਿਆਂ ਦਾ ਮੁੱਖ ਵਿਸ਼ਾ ਬਣਦੇ ਸਨ। ਲੋਕਾਂ ਦੇ ਘਰਾਂ ਦੀਆਂ ਕਹਾਣੀਆਂ ਅਤੇ ਦਿਉਰਾਂ ਜੇਠਾਂ ਦੇ ਰੁਮਾਂਟਿਕ ਕਾਰਨਾਮੇ ਇਸ ਅਖਾੜਾ-ਸ਼ੈਲੀ ਦੇ ਆਮ ਵਿਸ਼ੇ ਹੁੰਦੇ ਸਨ। ਲੋਕਾਂ ਦੇ ਆਮ ਘਰਾਂ ਦੀਆਂ ਕਹਾਣੀਆਂ ਹੋਣ ਕਰਕੇ ਇਹ ਵਿਧਾ ਲੋਕਾਂ ਵਿਚ ਹਰਮਨ ਪਿਆਰੀ ਹੋ ਗਈ। ਕਿਉਂਕਿ ਅਖਾੜਿਆਂ ਵਿਚ ਉਨ੍ਹਾਂ ਲੋਕਾਂ ਦੀਆਂ ਹੀ ਗੱਲਾਂ ਜਾਂ ਕਹਾਣੀਆਂ ਹੁੰਦੀਆਂ ਸਨ, ਜੋ ਇਸ ਨੂੰ ਦੇਖ ਜਾਂ ਸੁਣ ਰਹੇ ਹੁੰਦੇ ਸਨ। ਇਸ ਦੌਰ ਦੇ ਗੀਤਕਾਰ ਵੀ ਇਨ੍ਹਾਂ ਰਮਜ਼ਾਂ ਨੂੰ ਪਛਾਨਣ ਵਾਲੇ, ਇਨ੍ਹਾਂ ਲੋਕਾਂ ਦੇ ਵਿਚੋਂ ਹੀ ਹੁੰਦੇ ਸਨ। ਬਾਬੂ ਸਿੰਘ ਮਾਨ, ਚਤਰ ਸਿੰਘ ਪ੍ਰਵਾਨਾ, ਇੰਦਰਜੀਤ ਹਸਨਪੁਰੀ, ਗੁਰਦੇਵ ਸਿੰਘ ਮਾਨ, ਹਰਦੇਵ ਦਿਲਗੀਰ ਥਰੀਕੇ ਵਾਲਾ ਆਦਿ ਗੀਤਕਾਰ ਇਨ੍ਹਾਂ ਲੋਕਾਂ ਦੀਆਂ ਪੀੜਾਂ ਤੇ ਚਸਕਾਂ ਨੂੰ ਜਾਣਦੇ ਪਹਿਚਾਣਦੇ ਸਨ। ਫਿਰ ਟੈਲੀਵਿਜ਼ਨ ਯੁੱਗ ਦੇ ਆ ਜਾਣ ਕਰਕੇ ਲੋਕਾਂ ਦਾ ਮਨੋਰੰਜਨ ਅਖਾੜਿਆਂ ਤੋਂ ਤਿਲਕ ਕੇ ਟੈਲੀਵਿਜ਼ਨ 'ਤੇ ਕੇਂਦਰਿਤ ਹੋ ਗਿਆ। ਔਰਤ ਨੂੰ ਰੱਜ ਕੇ ਦੇਖਣ ਦੀ ਭੁੱਖ ਕੁਝ ਹੱਦ ਤੀਕ ਟੈਲੀਵਿਜ਼ਨ ਨੇ ਪੂਰੀ ਕਰ ਦਿੱਤੀ। ਇਸ ਟੈਲੀਵਿਜ਼ਨ ਦੌਰ ਦੇ ਜ਼ਰੀਏ ਸੋਲੋ ਗਾਇਕੀ ਕਾਫੀ ਵਧੀ-ਫੁੱਲੀ। ਸੋਲੋ-ਗਾਇਕੀ ਦੀ ਪੇਸ਼ਕਾਰੀ ਅਤੇ ਗੀਤਕਾਰੀ ਨੇ ਕਈ ਅਜਿਹੇ ਨਵੇਂ ਮੀਲ ਪੱਥਰ ਗੱਡੇ ਕਿ ਉਹ ਨਵੇਂ ਦੌਰ ਦੇ ਝੰਡਾ-ਬਰਦਾਰ ਬਣ ਗਏ। ਇਸ ਨਵੇਂ ਯੁੱਗ ਦੀ ਗੀਤਕਾਰੀ ਵਿਚ ਭਾਵੇਂ ਪੁਰਾਣੇ ਗੀਤਕਾਰ (ਜਿਵੇਂ ਮਾਨ ਮਰਾੜ੍ਹਾਂ ਵਾਲਾ, ਦੇਵ ਥਰੀਕੇ ਵਾਲਾ) ਵੀ ਅਪਣਾ ਤਿੱਲ-ਫੁੱਲ ਪਾਉਂਦੇ ਰਹੇ ਪਰੰਤੂ ਸ਼ਮਸ਼ੇਰ ਸੰਧੂ, ਬਚਨ ਬੇਦਿਲ, ਅਮਰਦੀਪ ਗਿੱਲ, ਜਸਵੀਰ ਗੁਣਾਚੌਰੀਆ, ਗੁਰਦਾਸ ਮਾਨ ਆਦਿ ਦੀ ਕਲਮ ਨੇ ਇਸ ਕਲਚਰ ਨੂੰ ਨਵੇਂ ਦੌਰ ਵਿਚ ਪੇਸ਼ ਕਰਕੇ ਇਕ ਨਵੀਂ ਪ੍ਰੰਪਰਾ ਦੀ ਸ਼ੁਰੂਆਤ ਕੀਤੀ। ਇਹ ਤਬਦੀਲੀ ਟੈਲੀਵਿਜ਼ਨ ਦੀ ਹੋਂਦ ਕਰਕੇ ਆਈ। ਸਿੱਟੇ ਵਜੋਂ ਹਰਭਜਨ ਮਾਨ, ਸੁਰਜੀਤ ਬਿੰਦਰਖੀਆ, ਦੇਬੀ ਮਖਸੂਸਪੁਰੀ, ਬਲਕਾਰ ਸਿੱਧੂ, ਹੰਸ ਰਾਜ ਹੰਸ, ਸਰਦੂਲ ਸਿਕੰਦਰ, ਇੰਦਰਜੀਤ ਨਿੱਕੂ, ਰਵਿੰਦਰ ਗਰੇਵਾਲ, ਹਰਿੰਦਰ ਸੰਧੂ, ਅੰਮ੍ਰਿਤਾ ਵਿਰਕ, ਮਨਪ੍ਰੀਤ ਅਖਤਰ, ਸਾਬਰਕੋਟੀ, ਪਾਲੀ ਦੇਤਵਾਲੀਆ ਆਦਿ ਕਲਾਕਾਰਾਂ ਨੇ ਸੋਲੋ ਗਾਇਕੀ ਵਿਚ ਨਵੀਆਂ ਪਿਰਤਾਂ ਪਾਈਆਂ। ਸਿੱਕੇ ਦੇ ਦੂਜੇ ਪਾਸੇ ਦੇਖੀਏ ਤਾਂ ਟੀ.ਵੀ. ਕਲਚਰ ਨੇ ਅਖਾੜਿਆਂ ਦੇ ਸਰੋਦ-ਰਸ ਨੂੰ ਵਿਸਾਰ ਕੇ ਇਸ ਨੂੰ ਸੁਣਨ ਦੀ ਬਜਾਏ ਦੇਖਣ ਜਾਂ ਨੱਚਣ ਦੀ ਕਲਾ ਬਣਾ ਦਿੱਤਾ ਜਿਸ ਕਰਕੇ ਗੀਤਕਾਰ ਦੀ ਬੌਧਿਕ-ਸ਼ੈਲੀ ਦੀ ਥਾਂ ਹਲਕੀ-ਫੁਲਕੀ ਗੀਤਕਾਰੀ ਵੀ ਇਸ ਵਿਚ ਸ਼ਾਮਲ ਹੋ ਗਈ। ਇਨ੍ਹਾਂ ਵਿਚੋਂ ਕੁਝ ਗੀਤਾਂ ਦੇ ਕੋਈ ਸ਼ਾਬਦਿਕ ਅਰਥ ਨਹੀਂ ਹਨ, ਪਰ ਨੱਚਣ ਟੱਪਣ ਕਰਕੇ ਚਰਚਿਤ ਹੋ ਗਏ। ਫਿਰ ਕੰਪਿਊਟਰ ਯੁੱਗ ਨੇ ਚੰਗੇ ਸੰਗੀਤਕਾਰਾਂ ਦੀਆਂ ਉਂਗਲਾਂ ਵੀ ਬੰਨ੍ਹ ਦਿੱਤੀਆਂ। ਇਸ ਤਰ੍ਹਾਂ ਇਸ ਸਮੇਂ ਗਧੇ-ਘੋੜੇ ਦਾ ਇਕੋ ਮੁੱਲ ਹੋ ਗਿਆ। ਕੰਪਿਊਟਰ ਦੇ ਜ਼ਰੀਏ ਕਈ ਨਵੇਂ ਕਲਾਕਾਰ ਵੀ ਰਾਤੋ-ਰਾਤ ਸਟਾਰ ਬਣਦੇ ਦੇਖੇ ਗਏ। ਮੋਬਾਈਲ ਯੁੱਗ ਅਤੇ ਨੈੱਟ ਨੇ ਦੁਨੀਆਂ ਨੂੰ ਇਕ ਗਲੋਬਲ ਪਿੰਡ ਬਣਾ ਦਿੱਤਾ। ਜੋ ਮਰਦ ਕਦੇ ਅਖਾੜੇ ਦੇ ਰਾਹੀਂ ਔਰਤ ਦੇ ਨਵੇਂ ਅੰਦਾਜ਼ ਨੂੰ ਦੇਖਣ ਲਈ ਜਾਂਦੇ ਸਨ, ਉਹ ਸਾਰੀ ਭੁੱਖ ਹੁਣ ਨੈੱਟ ਨੇ ਪੂਰੀ ਕਰ ਦਿੱਤੀ। ਨਵੀਂ ਪੀੜ੍ਹੀ ਦਾ ਰੁਝਾਨ ਹਲਕੇ-ਫੁਲਕੇ ਨੱਚਣ-ਟੱਪਣ ਵਾਲੇ ਗੀਤਾਂ ਵੱਲ ਹੋ ਗਿਆ। ਪੇਂਡੂ ਜਵਾਨੀ ਉੱਪਰ ਸ਼ਹਿਰੀ ਪੋਂਦ ਚੜ੍ਹਨੀ ਸ਼ੁਰੂ ਹੋ ਗਈ। ਅਖਾੜਾ-ਸ਼ੈਲੀ ਦਾ ਧਰਾਤਲ ਪੇਂਡੂ ਲਹਿਜ਼ਾ ਹੈ ਜਦੋਂ ਕਿ ਨਵੀਂ ਪੀੜ੍ਹੀ ਦੇ ਚੇਤਿਆਂ ਵਿਚ ਸ਼ਹਿਰੀ-ਟੱਚ ਵਾਸ ਕਰ ਰਿਹਾ ਹੈ। ਇਸ ਕਰਕੇ ਬੌਧਿਕਤਾ ਵਾਲੀ ਗੀਤਕਾਰੀ ਵੀ ਉਨ੍ਹਾਂ ਦੀ ਸਮਝ ਤੋਂ ਬਾਹਰ ਹੁੰਦੀ ਜਾ ਰਹੀ ਹੈ।

'ਚੰਨ ਹੋ ਬਦਲੀ ਦੇ ਉਹਲੇ, ਕੰਨੀਆਂ ਨੂੰ ਇੰਝ ਰੁਸ਼ਨਾਵੇ,
ਕੋਈ ਗੋਟੇ ਵਾਲੀ ਚੁੰਨੀ ਅੰਬਰ 'ਤੇ ਸੁੱਟ ਸੁਕਾਵੇ'
ਜਾਂ
'ਮੈਨੂੰ ਪਤੈ ਕਾਹਤੋਂ 'ਮਾਨ' ਮੇਰੇ ਕੋਲ ਨਾ ਖਲੋਵੇ।
ਉਹਦੇ ਲਾਜਵਰ ਲਾ-ਲਾ ਕਾਹਤੋਂ ਸੱਸ ਲੀੜੇ ਧੋਵੇ।'


ਵਾਲ਼ੀ ਅਰਥ-ਭਰਪੂਰ ਸ਼ੈਲੀ ਨਵੀਂ ਪੀੜ੍ਹੀ ਦੀ ਸਮਝ ਤੋਂ ਦੂਰ ਹੋ ਗਈ। ਆਧੁਨਿਕ ਪੀੜ੍ਹੀ ਦੀ ਚੇਤੰਨਤਾ ਸ਼ਾਬਦਿਕ-ਰਸ ਤੋਂ ਖਿਸਕ ਕੇ ਪੈਰਾਂ ਦੀ ਤਾਲ ਤੇ ਲੱਕ ਦੇ ਹੁਲਾਰਿਆਂ ਵਿਚ ਗੁਆਚ ਗਈ। ਨਵੀ ਪੀੜ੍ਹੀ ਦੀਆਂ ਸਮੱਸਿਆਵਾਂ ਤੇ ਰੀਝਾਂ ਨਵੇਂ ਯੁੱਗ ਅਨੁਸਾਰ ਨਵੀਆਂ ਹੋਣ ਕਰਕੇ ਅਖਾੜਾ ਕਲਚਰ ਉਨ੍ਹਾਂ ਦੀ ਦਿਲਚਸਪੀ ਦਾ ਸਾਧਨ ਨਹੀਂ ਰਿਹਾ। ਨਵੀਂ ਤੇ ਪੁਰਾਣੀ ਪੀੜ੍ਹੀ ਦੇ ਵਰਗ-ਅੰਤਰਾਲ ਨੇ ਇਸ ਅਖਾੜਾ ਕਲਚਰ ਨੂੰ ਕਾਫੀ ਢਾਹ ਲਾਈ। ਤੁਰਲ੍ਹੇ ਵਾਲੀ ਪੱਗ ਤੇ ਚਾਦਰਾ ਪੁਰਾਣੀ ਪੀੜ੍ਹੀ ਦਾ ਹਰਮਨ ਪਿਆਰਾ ਪਹਿਰਾਵਾ ਸੀ ਜਦੋਂ ਕਿ ਨਵੀਂ ਪੀੜ੍ਹੀ ਲਈ ਇਹ ਇਕ ਅਨਪੜ੍ਹਾਂ ਦਾ ਪਹਿਰਾਵਾ ਬਣ ਕੇ ਰਹਿ ਗਿਆ। ਨਵੀਂ ਪੀੜ੍ਹੀ ਨੂੰ ਆਧੁਨਿਕ ਪਹਿਰਾਵੇ ਵਿਚ ਕਲਾਕਾਰ ਵੀ ਆਧੁਨਿਕ ਜਾਪਣ ਲੱਗੇ। ਇਸ ਤਰ੍ਹਾਂ ਇਹ ਅਖਾੜਾ ਕਲਚਰ ਨਵੀਂ ਪੀੜ੍ਹੀ ਦੇ ਚੇਤਿਆਂ ਵਿਚੋਂ ਗ਼ਾਇਬ ਹੁੰਦਾ ਜਾ ਰਿਹਾ ਹੈ। ਜਿਉਂ-ਜਿਉਂ ਅਸੀਂ ਪੈਂਤੀ ਅੱਖਰੀ ਵਰਣਮਾਲਾ ਤੋਂ ਦੂਰ ਹੁੰਦੇ ਜਾ ਰਹੇ ਹਾਂ, ਤਿਉਂ-ਤਿਉਂ ਅਸੀਂ ਮੁਹਾਵਰਿਆਂ ਤੇ ਅਖਾਣਾਂ ਦੇ ਬੋਧ ਨੂੰ ਗੁਆਈ ਜਾ ਰਹੇ ਹਾਂ। ਆਧੁਨਿਕਤਾ ਦੀ ਦੌੜ ਵਿਚ ਕਹਾਵਤਾਂ ਤੇ ਅਲੰਕਾਰਾਂ 'ਤੇ ਸਾਡੀ ਪਕੜ ਢਿੱਲੀ ਪੈ ਰਹੀ ਹੈ, ਜਿਸ ਕਰਕੇ ਅਸੀਂ ਰਵਾਇਤੀ ਗੀਤਕਾਰੀ ਤੇ ਗਾਇਕੀ ਤੋਂ ਵੀ ਦੂਰ ਹੁੰਦੇ ਜਾ ਰਹੇ ਹਾਂ। ਇਸ ਰੁਝਾਨ ਨੇ ਅਖਾੜਾ-ਕਲਚਰ ਨੂੰ ਕਾਫ਼ੀ ਢਾਹ ਲਾਈ ਹੈ।







# ਕੁਦਰਤੀ ਰਿਸ਼ਤਿਆਂ ਦੀ ਚੀਸ



ਨਾਨਕੇ ਪਿੰਡ ਵਿਚ ਚਾਰ-ਪੰਜ ਦਿਨ ਛੁੱਟੀਆਂ ਕੱਟਣ ਤੋਂ ਬਾਅਦ ਪਿੰਡ ਪਰਤਿਆ 'ਭੜੋਲੂ' ਸ਼ਾਮ ਦੇ ਟਾਈਮ ਸਾਈਕਲ 'ਤੇ ਸਵਾਰ ਹੋ ਕੇ ਆਪਣੇ ਨਿਆਈਂ ਵਾਲੇ ਖੇਤ ਪਹੁੰਚ ਗਿਆ ਸੀ। ਉੱਥੇ ਉਹ ਦੂਰ ਫਿਰਦੇ ਆਪਣੇ ਦਾਦਾ ਜੀ ਅਤੇ ਪਿਤਾ ਜੀ ਨੂੰ ਮਿਲੇ ਬਗ਼ੈਰ ਹੀ ਵਾਪਸ ਪਰਤ ਆਇਆ ਅਤੇ ਉਹ ਜਿਉਂ ਹੀ ਆਪਣੇ ਘਰ ਪਹੁੰਚਿਆ, ਤਾਂ ਉਸ ਨੂੰ ਜ਼ੋਰ-ਜ਼ੋਰ ਦੀ ਕੰਬਣੀ ਲੱਗ ਕੇ ਬਹੁਤ ਤੇਜ਼ ਬੁਖਾਰ ਚੜ੍ਹ ਗਿਆ। ਉਸ ਦੀ ਮਾਤਾ ਵਲੋਂ ਫੈਮਿਲੀ ਡਾਕਟਰ ਨੂੰ ਘਰ ਬੁਲਾ ਕੇ ਉਸ ਨੂੰ ਦਵਾਈ ਦਿਵਾਉਣ ਲਈ ਬਹੁਤ ਕੋਸ਼ਿਸ਼ ਕੀਤੀ ਗਈ। ਪ੍ਰੰਤੂ ਭੜੋਲੂ ਨੇ ਕੋਈ ਵੀ ਦਵਾਈ- ਬੂਟੀ ਲੈਣ ਤੋਂ ਕੋਰਾ ਜਵਾਬ ਦੇ ਦਿੱਤਾ ਸੀ। ਭੜੋਲੂ ਦੀ ਮੰਮੀ ਉਸ ਦਾ ਸਿਰ ਘੁੱਟ ਰਹੀ ਸੀ। ਥੋੜ੍ਹੇ ਸਮੇਂ ਬਾਅਦ ਉਸਦੇ ਦਾਦਾ ਜੀ ਅਤੇ ਪਿਤਾ ਜੀ ਵੀ ਘਰ ਪਹੁੰਚ ਗਏ ਸਨ।

ਦੂਜੇ ਪਾਸੇ ਜਿਉਂ ਹੀ ਭੜੋਲੂ ਦੀ ਦਾਦੀ ਮਾਂ ਜਲਦੀ- ਜਲਦੀ ਨਾਲ ਉਹਦੇ ਵਾਸਤੇ ਬਗ਼ੈਰ ਦੁੱਧ ਤੋਂ ਨਿੰਬੂ ਵਾਲੀ ਚਾਹ ਬਣਾ ਕੇ ਲਿਆਈ, ਤਾਂ ਭੜੋਲੂ ਨੇ ਪੀਣ ਦੀ ਬਜਾਏ ਗਰਮ-ਗਰਮ ਚਾਹ ਵਾਲੇ ਕੱਪ ਨੂੰ ਆਪਣੇ ਦੋਵਾਂ ਪੈਰਾਂ ਉਪਰ ਮੂਧਾ ਕਰ ਦਿੱਤਾ,ਜਿਸ ਨਾਲ ਇਕਦਮ ਉਸਦੇ ਪੈਰਾਂ 'ਤੇ ਵੱਡੇ-ਵੱਡੇ ਛਾਲੇ ਉੱਠ ਆਏ ਸਨ, ਜਿਨ੍ਹਾਂ ਨੂੰ ਦੇਖ ਕੇ ਸਾਰੇ ਟੱਬਰ ਦੇ ਜੀਅ ਬੁਰੀ ਤਰ੍ਹਾਂ ਘਬਰਾ ਗਏ ਸਨ। ਉਸਦੀ ਮਾਤਾ ਨੇ ਦੋਬਾਰਾ ਫੇਰ ਡਾਕਟਰ ਨੂੰ ਫ਼ੋਨ ਕਰਕੇ ਘਰ ਬੁਲਾਇਆ, ਪ੍ਰੰਤੂ ਭੜੋਲੂ ਨੇ ਦਵਾਈ ਲੈਣ ਤੋਂ ਕੋਰੀ ਨਾਂਹ ਕਰਦਿਆਂ ਡਾਕਟਰ ਨੂੰ ਬੇਰੰਗ ਹੀ ਵਾਪਸ ਮੋੜ ਦਿੱਤਾ। ਭੜੋਲੂ ਦੀ ਦਾਦੀ ਮਾਂ ਅੰਧਵਿਸ਼ਵਾਸ ਵਿਚ ਘਿਰਦੀ ਹੋਈ ਫਟਾਫਟ ਗੱਪੂ ਟੇਸ਼ਨ ਵਾਲੇ ਬਾਬੇ 'ਕੌਲੀ ਚੱਟ' ਦੇ ਸਥਾਨ ਤੋਂ ਜਲ ਕਰਵਾ ਕੇ ਲਿਆਈ, ਪ੍ਰੰਤੂ ਭੜੋਲੂ ਨੇ ਉਸਨੂੰ ਵੀ ਠੁਕਰਾ ਦਿੱਤਾ ਸੀ। ਘਬਰਾਇਆ ਹੋਇਆ ਸਾਰਾ ਟੱਬਰ ਸਾਰੀ ਰਾਤ ਜਦੋਂ ਵੀ ਭੜੋਲੂ ਦਾ ਹੋਰ ਉਹੜ-ਪੋਹੜ ਕਰਨ ਦੀ ਕੋਸ਼ਿਸ਼ ਕਰਦਾ, ਤਾਂ ਭੜੋਲੂ ਸਹਿਮਤ ਨਹੀਂ ਸੀ ਹੋ ਰਿਹਾ। ਚਸ਼ਮਦੀਦ ਗਵਾਹਾਂ ਦੀ ਅਗਵਾਈ ਕਰਦਾ ਸਾਰਾ ਟੱਬਰ ਭੜੋਲੂ ਦੇ ਪਏ ਹੋਏ ਪੈਰਾਂ ਦੇ ਛਾਲਿਆਂ ਨੂੰ ਦੇਖ -ਦੇਖ ਬੁਰੀ ਤਰ੍ਹਾਂ ਫਿਕਰਾਂ ਵਿਚ ਡੁੱਬਿਆ ਹੋਇਆ ਸਾਰੀ ਰਾਤ ਤਰਾਹ-ਤਰਾਹ ਕਰਦਾ ਰਿਹਾ, ਪ੍ਰੰਤੂ ਭੜੋਲੂ ਜ਼ਖ਼ਮਾਂ ਦੀ ਚੀਸ ਨੂੰ ਆਪਣੇ ਅੰਦਰੋ-ਅੰਦਰੀ ਸਮਾਉਂਦਾ ਹੋਇਆ ਸਾਰੀ ਰਾਤ ਟੱਸ ਤੋਂ ਮੱਸ ਨਾ ਹੋਇਆ, ਅਰਾਮਦਾਰੀ ਨਾਲ ਚੁੱਪ- ਚਾਪ ਪਿਆ ਰਿਹਾ ਅਤੇ ਕਿਸੇ ਦੀ ਵੀ ਗੱਲ ਦਾ ਹੁੰਗਾਰਾ ਨਹੀਂ ਸੀ ਭਰ ਰਿਹਾ।

ਸਵੇਰ ਹੋ ਚੁੱਕੀ ਸੀ ਸਾਰੇ ਟੱਬਰ ਨੇ ਭੜੋਲੂ ਨੂੰ ਕੁਝ ਖਾਣ ਪੀਣ ਲਈ ਬਥੇਰੇ ਤਰਲੇ-ਮਿੰਨਤਾਂ ਕੀਤੀਆਂ, ਪਰ ਉਹ ਕਿਸੇ ਵੀ ਗੱਲ ਨੂੰ ਸਵੀਕਾਰ ਨਹੀਂ ਸੀ ਕਰ ਰਿਹਾ, ਦੂਜੇ ਪਾਸੇ ਉਸਦੇ ਸਕੂਲ ਜਾਣ ਦਾ ਸਮਾਂ ਹੋ ਜਾਣ ਕਰਕੇ ਭੜੋਲੂ ਦੇ ਦੋਸਤ ਲਾਡੀ, ਮਿੰਟੂ ਅਤੇ ਟਿੰਕੂ ਜਿਉਂ ਹੀ ਉਸ ਨੂੰ ਆਵਾਜ਼ ਮਾਰਨ ਲਈ ਉਨ੍ਹਾਂ ਦੇ ਘਰ ਆਏ, ਤਾਂ ਉਨ੍ਹਾਂ ਦੇ ਵੀ ਭੜੋਲੂ ਦੇ ਪੈਰਾਂ ਦਾ ਹਾਲ ਦੇਖ ਕੇ ਗਸ਼ੀ ਪੈਣ ਵਾਲੀ ਹੋ ਗਈ ਸੀ। ਪੰਜਵੀਂ ਜਮਾਤ ਦਾ ਵਿਦਿਆਰਥੀ ਭੜੋਲੂ ਪੜ੍ਹਾਈ 'ਚੋਂ ਸਭ ਤੋਂ ਹੁਸ਼ਿਆਰ ਵਿਦਿਆਰਥੀ ਹੋਣ ਕਰਕੇ ਉਸ ਨੇ ਜਮਾਤ ਵਿਚ ਮਾਨੀਟਰ ਬਣਨ ਦਾ ਵੀ ਮਾਣ ਹਾਸਲ ਕੀਤਾ ਹੋਇਆ ਸੀ। ਸਕੂਲ ਪਹੁੰਚ ਕੇ ਲਾਡੀ ਨੇ ਜਿਉਂ ਹੀ ਇਹ ਗੱਲ ਆਪਣੇ ਮਾਸਟਰ ਰਘਬੀਰ ਚੰਦ ਨੂੰ ਦੱਸੀ, ਤਾਂ ਮਾਸਟਰ ਜੀ ਨੇ ਤੁਰੰਤ ਭੜੋਲੂ ਕੇ ਘਰ ਦਾ ਕੁੰਡਾ ਜਾ ਖੜਕਾਇਆ ਸੀ। ਮਾਸਟਰ ਜੀ ਨੂੰ ਦੂਰੋਂ ਦੇਖ ਕੇ ਹੀ ਭੜੋਲੂ ਡਡਿਆ ਉਠਿਆ ਸੀ ਅਤੇ ਉਸਨੇ ਮਾਸਟਰ ਜੀ ਦੇ ਗਲ਼ ਲੱਗ ਕੇ ਆਪਣੇ ਜ਼ਖ਼ਮਾਂ ਦੀ ਦਰਦਨਾਕ ਪੀੜ ਨਾਲ ਹਾਏ... ਹਾਏ... ਕਰਦਿਆਂ ਉੱਚੀ-ਉੱਚੀ ਰੋਣਾ ਸ਼ੁਰੂ ਕਰ ਦਿੱਤਾ ਸੀ। ਅਜਿਹਾ ਸੀਨ ਦੇਖ ਭੜੋਲੂ ਦੇ ਪਰਿਵਾਰਕ ਮੈਂਬਰ ਵੀ ਜਿੱਥੇ ਰੋਣ ਕੁਰਲਾਉਣ ਲੱਗ ਪਏ ਸਨ ਉੱਥੇ ਉਹ ਇਸ ਗੱਲੋਂ ਵੀ ਹੈਰਾਨ- ਪ੍ਰੇਸ਼ਾਨ ਸਨ ਕਿ ਭੜੋਲੂ ਨੇ ਕੱਲ੍ਹ ਤੋਂ ਲੈ ਕੇ ਹੁਣ ਤੱਕ ਪਰਿਵਾਰ ਦੇ ਮੈਂਬਰਾਂ ਦੀ ਕਿਸੇ ਗੱਲ ਦਾ ਤਾਂ ਇਕ ਵੀ ਹੁੰਗਾਰਾ ਨਹੀਂ ਭਰਿਆ, ਪ੍ਰੰਤੂ ਮਾਸਟਰ ਜੀ ਦੇ ਗਲ਼ ਨਾਲ ਚਿੰਬੜ ਕੇ ਅਜਿਹਾ ਕਿਉਂ...?

ਹੁਣ ਭੜੋਲੂ ਦੇ ਦਾਦਾ ਜੀ ਤੋਂ ਸਾਰੀ ਵਾਰਤਾਲਾਪ ਸੁਣਨ ਉਪਰੰਤ ਮਾਸਟਰ ਜੀ ਨੇ ਜਿਉਂ ਹੀ ਭੜੋਲੂ ਤੋਂ ਘਟਨਾਕ੍ਰਮ ਬਾਰੇ ਪੁੱਛਿਆ.. ਤਾਂ ਭੜੋਲੂ ਨੇ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਦੱਸਿਆ... ਕਿ ਮਾਸਟਰ ਜੀ, ਤੁਸੀਂ ਜੋ ਸਾਨੂੰ ਪਿਛਲੇ ਸਾਲ ਸੰਦੇਸ਼ ਜਾਰੀ ਕਰਦਿਆਂ ਸਮਝਾਇਆ ਸੀ ਕਿ ਸਾਨੂੰ ਗਰਮੀ ਦੇ ਮੌਸਮ ਸਮੇਂ

**ਡਾ. ਸਾਧੂ ਰਾਮ ਲੰਗੇਆਣਾ**

ਆਪਣੇ ਕੁਦਰਤੀ ਰਿਸ਼ਤਿਆਂ ਜਿਵੇਂ ਪੰਛੀ, ਜਨੌਰਾਂ, ਜੀਵ- ਜੰਤੂਆਂ, ਮਿੱਤਰ ਕੀੜੇ- ਮਕੌੜਿਆਂ, ਪਾਣੀ ਅਤੇ ਪੌਦਿਆਂ ਦੀ ਹਮੇਸ਼ਾ ਕਦਰ, ਸਾਂਭ-ਸੰਭਾਲ ਕਰਨੀ ਚਾਹੀਦੀ ਹੈ। ਵੱਧ ਤੋਂ ਵੱਧ ਦਰੱਖਤ ਲਗਾਉਣੇ ਚਾਹੀਦੇ ਹਨ। ਗਰਮੀਆਂ ਵਿਚ ਪੰਛੀਆਂ ਵਾਸਤੇ ਘਰਾਂ ਦੀਆਂ ਕੰਧਾਂ-ਕੌਲਿਆਂ, ਛੱਤਾਂ ਉਪਰ ਪਾਣੀ ਦੇ ਕੂੰਡੇ-ਕਟੋਰੇ ਭਰ ਕੇ ਰੱਖਣੇ ਚਾਹੀਦੇ ਹਨ। ਤੁਹਾਡੇ ਦਿੱਤੇ ਸੰਦੇਸ਼ ਅਨੁਸਾਰ ਮੈਂ ਆਪਣੀਆਂ ਸੇਵਾਵਾਂ ਨਿਰੰਤਰ ਨਿਭਾਅ ਰਿਹਾ ਸਾਂ, ਪਰ ਕੱਲ੍ਹ ਨਾਨਕੇ ਪਿੰਡ ਤੋਂ ਵਾਪਸ ਆਉਣ ਸਾਰ ਹੀ ਮੈਂ ਰੋਜ਼ਾਨਾ ਦੀ ਤਰ੍ਹਾਂ ਜਿਉਂ ਹੀ ਆਪਣੇ ਮਿੱਤਰ ਪਿਆਰੇ ਪੰਛੀਆਂ ਵਾਸਤੇ, ਬਿਸਕੁਟ, ਰੋਟੀ ਦੀਆਂ ਬੁਰਕੀਆਂ,ਚੋਗੇ ਵਾਲੇ ਦਾਣੇ ਪਾਉਂਣ ਵਾਸਤੇ ਖੇਤ ਗਿਆ ਤਾਂ......!

ਭੜੋਲੂ ਬੱਚੇ ਰੋਣਾਂ ਨਹੀਂ.... ਤੂੰ ਸਿਆਣਾ ਬੀਬਾ ਬਾਲਕ ਹੈਂ, ਅੱਗੇ ਆਪਣੀ ਗੱਲ ਜਾਰੀ ਰੱਖ.....! ਇਕ ਮਿੰਟ ਮਾਸਟਰ ਜੀ.., ਭੜੋਲੂ ਤੂੜੀ ਵਾਲੇ ਕੋਠੇ ਵੱਲ ਨੂੰ ਭੱਜਿਆ- ਭੱਜਿਆ ਗਿਆ.. ਜਿੱਥੋਂ ਉਹ ਇਕ ਕਾਲੇ ਰੰਗ ਦਾ ਵੱਡਾ ਸਾਰਾ ਲਿਫ਼ਾਫ਼ਾ ਚੁੱਕ ਕੇ ਲਿਆਇਆ.. ਜੋ ਅੱਧ ਸੜੇ ਮੋਏ ਹੋਏ ਪੰਛੀਆਂ ਅਤੇ ਪੰਛੀਆਂ ਦੇ ਮਾਸੂਮ ਬੋਟਾਂ ਨਾਲ ਭਰਿਆ ਹੋਇਆ ਸੀ। ਉਸ ਨੇ ਸਾਰੀ ਬੈਠੀ ਹੋਈ ਮੰਡਲੀ ਦੇ ਵਿਚਾਲੇ ਢੇਰੀ ਕਰਦਿਆਂ ਕਿਹਾ, ਕਿ ਆਹ ਦੇਖੋ ਮਾਸਟਰ ਜੀ...! ਨਿਹੱਥੇ ਮਾਸੂਮਾਂ ਉਪਰ ਹੋਏ ਜ਼ੁਲਮ ਦੀਆਂ ਮੂੰਹ ਬੋਲਦੀਆਂ ਤਸਵੀਰਾਂ..! (ਸੀਨ ਦੇਖ ਕੇ ਮਾਸਟਰ ਜੀ ਤੋਂ ਇਲਾਵਾ ਬਾਕੀ ਸਾਰਿਆਂ ਦੇ ਵੀ ਸੀਨੇ ਬੁਰੀ ਤਰ੍ਹਾਂ ਵਲੂੰਧਰੇ ਗਏ ਸਨ)

'ਉਏ.; ਹੋਏ..ਹੋਏ.. ਹੋਏ..! ਭੜੋਲੂ ਇਹ ਕਿੱਥੋਂ...?' ਮਾਸਟਰ ਜੀ.. ਮੈਂ ਕਹਿਣਾ ਤਾਂ ਨਹੀਂ ਸੀ ਚਾਹੁੰਦਾ, ਪਰ ਹੁਣ ਮੈਨੂੰ ਮਜਬੂਰ ਹੋ ਕੇ ਸਭ ਕੁਝ ਤੁਹਾਨੂੰ ਦੱਸਣਾ ਹੀ ਪੈਣਾ ਹੈ, ਕਿ ਮੇਰੇ ਦੇਖਣ ਮੁਤਾਬਿਕ ਇਹ ਸਭ ਕੁਝ ਸਾਡੇ ਆਪਣੇ ਹੀ ਟੱਬਰ ਦੀ ਮਿਹਰਬਾਨੀ ਹੈ। ਮੇਰੇ ਦਾਦਾ ਜੀ ਅਤੇ ਪਿਤਾ ਜੀ ਪਿਛਲੇ ਕਈ ਸਾਲਾਂ ਤੋਂ ਝੋਨੇ ਦੀ ਪਰਾਲੀ ਅਤੇ ਕਣਕ ਦੇ ਨਾੜ ਦੀ ਰਹਿੰਦ-ਖੂਹੰਦ ਨੂੰ ਅੱਗ ਲਾਉਂਦੇ ਆ ਰਹੇ ਹਨ। ਜਦੋਂ ਮੈਂ ਇਨ੍ਹਾਂ ਨੂੰ ਪੁੱਛਣ ਜਾਂ ਰੋਕਣ ਦੀ ਕੋਸ਼ਿਸ਼ ਕਰਦਾ ਸਾਂ.. ਤਾਂ ਅੱਗੋਂ ਸਾਡਾ ਸਾਰਾ ਟੱਬਰ ਉਲਟਾ ਜਵਾਬ ਦਿੰਦੇ ਹੋਏ ਅਤੇ ਹੋਰਨਾਂ ਲੋਕਾਂ 'ਤੇ ਨਜਾਇਜ਼ ਦੂਸ਼ਣਬਾਜ਼ੀ ਲਗਾਉਂਦਿਆਂ ਹੋਏ ਕਿਹਾ ਕਰਦੇ ਸਨ ਕਿ ਇਹ ਅੱਗ ਆਪਾਂ ਨਹੀਂ, ਆਪਣੇ ਖੇਤ ਦੇ ਆਂਢ-ਗੁਆਂਢੀਆਂ ਨੇ ਆਵਦੇ ਖੇਤਾਂ ਚ ਲਗਾਈ ਸੀ ਜੋ ਅੱਗੇ ਵਧਦੀ ਹੋਈ ਆਪਣੇ ਖੇਤ ਪਹੁੰਚ ਗਈ ਹੈ। ਸਾਡੀ ਚਾਰ ਕਿੱਲੇ ਜ਼ਮੀਨ ਵੱਡੀ ਸੜਕ ਦੇ ਨਾਲ ਲਗਦੀ ਹੈ। ਜ਼ਮੀਨ ਦੇ ਨਾਲ ਵੱਡੀ ਗਿਣਤੀ ਵਿਚ ਲੱਗਦੇ ਸਰਕਾਰੀ ਦਰੱਖਤ ਵੀ ਬੁਰੀ ਤਰ੍ਹਾਂ ਅੱਗ ਨਾਲ ਝੁਲਸੇ ਗਏ ਹਨ ਨਾਲੇ ਪਹਿਲਾਂ ਅੱਗ ਲਗਾ ਕੇ ਧਰਤੀ ਦੀ ਹਿੱਕ ਨੂੰ ਸਾੜਿਆ ਗਿਆ, ਹੁਣ ਉਤੋਂ ਮੋਟਰ ਛੱਡ ਕੇ ਪਾਣੀ ਨਾਲ ਧਰਤੀ ਨੂੰ ਠੰਢਾ ਕਰਨਾ ਸ਼ੁਰੂ ਕੀਤਾ ਹੋਇਆ ਹੈ ਅਤੇ ਇਸ ਵਾਰ ਮੈਂ ਸਾਡੇ ਖੇਤ ਦੇ ਸਾਹਮਣੇ ਘਰ ਵਾਲਿਆਂ ਦਾ ਸੀ. ਸੀ. ਟੀ. ਵੀ. ਕੈਮਰਾ ਚੈੱਕ ਕਰਕੇ ਆਇਆਂ ਸਾਂ, ਆਹ ਦੇਖੋ ਮੇਰੇ ਮੋਬਾਇਲ ਫੋਨ ਵਿਚ ਉਸਦੀ ਕੈਦ ਕੀਤੀ ਵੀਡੀਓ ਜਿਸ ਵਿਚ ਸਾਡੇ ਪਰਿਵਾਰਕ ਮੈਂਬਰ ਹੀ ਕਣਕ ਦੇ ਨਾੜ ਨੂੰ ਅੱਗ ਲਗਾ ਕੇ ਪਾਪਾਂ ਦਾ ਭਾਗੀ ਬਣੇ ਹੋਏ ਸਪੱਸ਼ਟ ਨਜ਼ਰ ਆ ਰਹੇ ਹਨ। ਇਸ ਕਾਰਨ ਮੇਰੇ ਪਿਆਰੇ- ਪਿਆਰੇ ਮਿੱਤਰ ਪੰਛੀ ਜੋ ਮੈਂ ਤੁਹਾਨੂੰ ਲਿਫ਼ਾਫ਼ੇ 'ਚੋਂ ਕੱਢ ਕੇ ਦਿਖਾਏ ਹਨ, ਉਹ ਆਪਣੇ ਆਲ੍ਹਣਿਆਂ ਸਮੇਤ ਅੱਗ ਦੀਆਂ ਲਪਟਾਂ ਵਿਚ ਭੁੱਜਦੇ ਹੋਏ ਬੁਰੀ ਤਰ੍ਹਾਂ ਤੜਫ਼-ਤੜਫ਼ ਕੇ ਮੌਤ ਦੀ ਭੇਟ ਚੜ੍ਹ ਗਏ ਹਨ, ਨਾਲੇ ਸਭ ਦਰੱਖਤ ਵੀ ਬੁਰੀ ਤਰ੍ਹਾਂ ਝੁਲਸੇ ਗਏ ਹਨ। ਸਾਡਾ ਬੇਫਿਕਰ ਟੱਬਰ ਮੇਰੇ ਪੈਰਾਂ 'ਤੇ ਪਏ ਹੋਏ ਛਾਲਿਆਂ ਨੂੰ ਆਰਾਮਦਾਇਕ ਕਰਨ ਵਾਸਤੇ ਕੱਲ੍ਹ ਦਾ ਮੇਰੇ ਅੱਗੜ ਪਿੱਛੜ ਭੱਜਿਆ ਫਿਰਦਾ ਹੈ ਅਤੇ ਜੋ ਇਹ ਮਾਸੂਮ ਬੇਕਸੂਰ ਚੋਚਲੇ ਬੋਟ ਅਤੇ ਉਨ੍ਹਾਂ ਦੇ ਪੰਛੀ ਮਾਪੇ ਅੱਗ ਦੇ ਕਹਿਰ ਵਿਚ ਰਾਖ਼ ਹੋ ਗਏ ਹਨ, ਉਨ੍ਹਾਂ ਦਾ......!

ਭੜੋਲੂ ਬੱਚੇ ਮੈਂ ਤੈਨੂੰ ਪਹਿਲਾਂ ਵੀ ਕਿਹਾ ਸੀ ਕਿ ਰੋਣਾ ਨਹੀਂ ਹੈ, ਹੌਂਸਲੇ ਨਾਲ ਗੱਲਬਾਤ ਕਰਦੇ ਰਹੋ..! ਜੋ ਇਹ ਵਾਪਰਿਆ ਹੈ, ਬਹੁਤ ਮਾੜਾ ਹੋਇਆ ਹੈ। ਇਸੇ ਵਿਸ਼ੇ ਨਾਲ ਸਬੰਧਤ ਕੁਝ ਦਿਨ ਪਹਿਲਾਂ ਇਕ ਸਕੂਲੀ ਬੱਸ ਧੂੰਏਂ ਦੀ ਲਪੇਟ ਵਿਚ ਆਉਣ ਕਾਰਨ ਅੱਗ ਦੀ ਭੇਟ ਚੜ੍ਹ ਗਈ ਸੀ ਜਿਸ ਕਾਰਨ ਕੁਝ ਮਾਸੂਮ ਬੱਚੇ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਗਏ ਸਨ ਅਤੇ ਇਕ ਹੋਰ ਘਟਨਾ ਦੌਰਾਨ ਖੇਤ ਵਿਚ ਲੱਗੀ ਅੱਗ ਨੇ ਇਕ ਗ਼ਰੀਬ ਦੀ ਝੁੱਗੀ ਨੂੰ ਆਪਣੀ ਲਪੇਟ ਵਿਚ ਲੈਂਦਿਆਂ ਇਕ ਬੱਚੀ ਨੂੰ ਬੁਰੀ ਤਰ੍ਹਾਂ ਰਾਖ਼ ਕਰਕੇ ਸਦਾ ਦੀ ਨੀਂਦ ਸੁਲਾ ਦਿੱਤਾ। ਅਜਿਹੀਆਂ ਘਟਨਾਵਾਂ ਸਮਾਜ ਦੇ ਮੱਥੇ 'ਤੇ ਕਲੰਕ ਹੁੰਦੀਆਂ ਹਨ ਜਿਸ ਨਾਲ ਜਿੱਥੇ ਪੰਛੀਆਂ, ਜੀਵ-ਜੰਤੂਆਂ ਦਾ ਘਾਣ ਹੋ ਰਿਹਾ ਹੈ, ਉੱਥੇ ਦਿਨੋ-ਦਿਨ ਸਾਡਾ ਵਾਤਾਵਰਨ ਵੀ ਪਲੀਤ ਹੁੰਦਾ ਜਾ ਰਿਹਾ ਹੈ, ਜਿਸ ਨਾਲ ਅਨੇਕਾਂ ਬਿਮਾਰੀਆਂ ਖੜ੍ਹੀਆਂ ਹੋ ਜਾਂਦੀਆਂ ਹਨ।

ਭੜੋਲੂ ਅਤੇ ਮਾਸਟਰ ਜੀ ਦੀ ਚੱਲ ਰਹੀ ਵਾਰਤਾਲਾਪ ਸੁਣ ਕੇ ਇਕੱਤਰ ਹੋਏ ਬਾਕੀ ਸਭ ਦੀਆਂ ਅੱਖਾਂ ਵਿਚੋਂ ਤਰਿੱਪ- ਤਰਿੱਪ ਅੱਥਰੂ ਵਗਣ ਲੱਗ ਪਏ ਸਨ। ਭੜੋਲੂ ਦੇ ਦਾਦਾ ਜੀ ਅਤੇ ਪਿਤਾ ਜੀ ਨੇ ਦੋਵਾਂ ਦੀ ਗੱਲ ਨੂੰ ਵਿਚਾਲਿਉਂ ਕੱਟ ਨੀਂਵੀਂ ਪਾਉਂਦਿਆਂ ਅਤੇ ਨਮੋਸ਼ੀ ਦਾ ਸਾਹਮਣਾ ਕਰਦਿਆਂ ਪ੍ਰਣ ਕੀਤਾ ਕਿ ਉਹ ਅੱਗੇ ਤੋਂ ਜ਼ਿੰਦਗੀ ਭਰ ਆਪਣੇ ਖੇਤ ਵਿਚ ਫ਼ਸਲਾਂ ਦੀ ਪਰਾਲੀ ਜਾਂ ਰਹਿੰਦ- ਖ਼ੂਹੰਦ ਨੂੰ ਅੱਗ ਨਹੀਂ ਲਗਾਉਣਗੇ। ਇਸ ਫ਼ੈਸਲੇ ਨੂੰ ਸਭ ਨੇ ਖਿੜੇ ਮੱਥੇ ਕਬੂਲ ਕਰਦਿਆਂ ਫੈਮਿਲੀ ਡਾਕਟਰ ਨੂੰ ਬੁਲਾ ਕੇ ਭੜੋਲੂ ਦੇ ਪੈਰਾਂ ਵਾਲੇ ਜ਼ਖ਼ਮਾਂ ਤੇ ਮੱਲ੍ਹਮ ਪੱਟੀ ਕਰਵਾਈ ਅਤੇ ਤੁਰੰਤ ਸਾਰੇ ਪਰਿਵਾਰ ਵਲੋਂ ਉਸੇ ਦਿਨ ਪਿੰਡ ਵਿਚ 'ਪੰਛੀ, ਪਾਣੀ ਅਤੇ ਦਰੱਖਤ ਬਚਾਓ, ਵਾਤਾਵਰਨ ਖ਼ੁਸ਼ਹਾਲ ਬਣਾਓ' ਦੇ ਨਾਂਅ ਹੇਠ ਇਕ ਜਾਗਰੂਕਤਾ ਰੈਲੀ ਕੱਢੀ ਗਈ, ਜਿਸ ਦੀ ਮਾਸਟਰ ਰਘਬੀਰ ਚੰਦ, ਜ਼ਖ਼ਮੀ ਭੜੋਲੂ ਅਤੇ ਬਾਕੀ ਸਕੂਲੀ ਬੱਚੇ ਉੱਚੀ-ਉੱਚੀ ਨਾਅਰੇ ਲਗਾਉਂਦੇ ਹੋਏ ਯੋਗ ਅਗਵਾਈ ਕਰ ਰਹੇ ਸਨ।










Dosanjh Family
AUTO GROUP

Cadillac CHEVROLET INFINITI KIA NISSAN BUICK

GMC LIVERMORE TOYOTA HYUNDAI Fremont Hyundai TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

FREMONT HYUNDAI

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD